# ਬਾਰਹਮਾਹਾ
# ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ।

***ਡਾ. ਜਗਜੀਤ ਸਿੰਘ***

**ਬਾਰਹਮਾਹਾ ਮਾਝ ਮਹਲਾ ੫ ਘਰੁ ੪**

## ਜੇਠ (ਪੰਨਾ 134)

***1. ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ।।***

ਜੇਠ ਦੇ ਮਹੀਨੇ ਉਸ ਪ੍ਰਭੂ ਦੇ ਚਰਨਾਂ ਵਿਚ ਜੁੜਨਾ ਚਾਹੀਦਾ ਹੈ ਜਿਸ ਪ੍ਰਭੂ ਅੱਗੇ ਸਾਰੇ ਜੀਵ ਸਿਰ ਨਿਵਾਉਂਦੇ ਹਨ।

***2. ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ॥***

ਜਿਹੜੇ ਮਨੁੱਖ ਪ੍ਰਭੂ ਚਰਨਾਂ ਨਾਲ ਜੁੜੇ ਰਹਿੰਦੇ ਹਨ, ਨਾਮ ਸਿਮਰਨ ਵਿਚ ਲੱਗੇ ਰਹਿੰਦੇ ਹਨ, ਪ੍ਰਭੂ ਉਨ੍ਹਾਂ ਨੂੰ ਜਮਾਂ ਦੀ ਪਕੜ ਤੋਂ, ਜਮਾਂ ਦੇ ਡਰ ਤੋਂ ਬਚਾ ਲੈਂਦਾ ਹੈ, ਪ੍ਰਭੂ ਜਮਾਂ ਨੂੰ ਆਗਿਆ ਨਹੀਂ ਦਿੰਦਾ ਕਿ ਪ੍ਰਭੂ-ਪਿਆਰ ਵਾਲਿਆਂ ਨੂੰ ਬੰਨ੍ਹ ਕੇ ਅੱਗੇ ਲਾ ਲਵੇ।

***3. ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ॥***

ਪ੍ਰਮਾਤਮਾ ਦਾ ਨਾਮ ਹੀਰੇ ਮੋਤੀ ਆਦਿਕ ਵਰਗਾ ਐਸਾ ਕੀਮਤੀ ਧਨ ਹੈ ਜੋ ਚੁਰਾਇਆ ਨਹੀਂ ਜਾ ਸਕਦਾ। ਲੋਕ ਹੀਰੇ ਮੋਤੀ ਲਾਲ ਆਦਿਕ ਕੀਮਤੀ ਧਨ ਇਕੱਠਾ ਕਰਨ ਲਈ ਦੌੜ ਭੱਜ ਕਰਦੇ ਹਨ ਪਰ ਉਸ ਧਨ ਦੇ ਚੋਰੀ ਹੋ ਜਾਣ ਦਾ ਤੌਖਲਾ ਬਣਿਆ ਰਹਿੰਦਾ ਹੈ, ਨਾ ਹੀ ਇਹ ਧਨ ਨਾਲ ਨਿਭਦਾ ਹੈ।

***4. ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ।।***

ਪ੍ਰਭੂ ਦੇ ਜਿਤਨੇ ਭੀ ਕੌਤਕ ਹੋ ਰਹੇ ਹਨ, ਸਭ ਰੰਗ ਤਮਾਸ਼ੇ, ਸਭ ਕਿਰਤਾਂ, ਨਾਮ-ਧਾਨ ਦੀ ਬਰਕਤ ਨਾਲ ਮਨ ਨੂੰ ਪਿਆਰੇ ਲਗਦੇ ਹਨ।

***5. ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ।।***

ਜਿਵੇਂ ਪ੍ਰਭੂ ਚਾਹੁੰਦਾ ਹੈ ਉਹ ਆਪ ਅਤੇ ਉਸ ਦੇ ਸਿਰਜੇ ਮਨੁੱਖ ਅਤੇ ਸਾਰੀ ਰਚਨਾ, ਸਾਰੀ ਕਾਇਨਾਤ, ਵੈਸੇ ਹੀ ਕਰਮ ਕਰਦੀ ਹੈ। ਸਭ ਉਸ ਦੇ ਹੁਕਮ ਵਿਚ ਕਿਰਿਆਸ਼ੀਲ ਹਨ।

***6. ਜੋ ਪ੍ਰਭਿ ਕੀਤੇ ਆਪਣੇ ਸੇਈ ਕਹੀਅਹਿ ਧੰਨਿ।।***

ਜਿਨ੍ਹਾਂ ਮਨੁੱਖਾਂ ਨੂੰ ਪ੍ਰਭੂ ਨੇ ਕ੍ਰਿਪਾ ਦ੍ਰਿਸ਼ਟੀ ਕਰਕੇ, ਆਪਣੀ ਸਿਫਤਿ-ਸਾਲਾਹ ਬਖਸ਼ ਕਰਕੇ ਆਪਣਾ ਬਣਾ ਲਿਆ ਹੈ, ਉਹ ਧੰਨਤਾ ਯੋਗ ਹਨ, ਉਨ੍ਹਾਂ ਨੂੰ ਲੋਕ-ਪ੍ਰਲੋਕ ਵਿਚ ਸ਼ਾਬਾਸ਼ ਮਿਲਦੀ ਹੈ, ਸਤਿਕਾਰ ਮਿਲਦਾ ਹੈ।

***7. ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ।।***

ਪਰ ਇਹ ਬਖਸ਼ ਮਨੁੱਖ ਨੂੰ ਨਿਰੇ ਆਪਣੇ ਉਦਮ ਸਦਕਾ ਪ੍ਰਾਪਤ ਨਹੀਂ ਹੁੰਦੀ; ਜੇ ਮਨੁੱਖ ਨੂੰ ਪ੍ਰਮਾਤਮਾ ਦੀ ਪ੍ਰਾਪਤੀ ਆਪਣੇ ਉਦਮ ਨਾਲ ਹੋ ਸਕਦੀ ਤਾਂ ਜੀਵ ਉਸ ਤੋਂ ਵਿਛੜ ਕੇ ਦੁਖੀ ਕਿਉਂ ਹੋਣ? ਫੇਰ ਇਹ ਵਿਛੋੜਾ ਅਤੇ ਵਿਛੋੜੇ ਦਾ ਦੁੱਖ ਕਦੀ ਵੀ ਵਿਆਪਕ ਨਾ ਹੁੰਦਾ। ਇਹ ਦਾਤ ਤਾਂ ਪ੍ਰਮਾਤਮਾ ਦੇ ਹੱਥ ਹੈ।

***8. ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ।।***

ਪੰਜਵੇਂ ਗੁਰੂ ਨਾਨਕ ਫੁਰਮਾਨ ਕਰਦੇ ਹਨ ਕਿ ਪ੍ਰਭੂ ਦੇ ਮਿਲਾਪ ਦਾ ਅਨੰਦ ਓਹੀ ਜੀਵ ਮਾਣਦੇ ਹਨ ਜਿਨ੍ਹਾਂ ਨੂੰ ਸਾਧੂ ਜਨ, ਸੰਤ ਜਨ, ਗੁਰੂ ਮਹਾਰਾਜ ਦੀ ਸੰਗਤਿ ਮਿਲ ਜਾਵੇ।

***9. ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ॥***

ਪਰ ਇਹ ਸੰਗਤਿ ਚੰਗੇ ਭਾਗਾਂ ਨਾਲ ਪ੍ਰਾਪਤ ਹੁੰਦੀ ਹੈ। ਜਿਸ ਮਨੁੱਖ ਦੇ ਮੱਥੇ ਦੇ ਭਾਗ ਜਾਗ ਪੈਂਦੇ ਹਨ, ਉਸ ਨੂੰ ਗੁਰੂ ਸੰਗਤ ਸਦਕਾ, ਸੰਤ ਜਨ, ਭਗਤ ਜਨ ਦੀ ਸੰਗਤਿ ਸਦਕਾ, ਨਾਮ-ਸਿਮਰਨ ਦੀ ਬਰਕਤ ਸਦਕਾ ਜੇਠ ਦਾ ਮਹੀਨਾ ਸੁਹਾਵਣਾ ਅਤੇ ਸੁਖਦਾਈ ਲਗਦਾ ਹੈ ਅਤੇ ਉਸ ਨੂੰ ਪ੍ਰਭੂ-ਮਾਲਕ ਮਿਲ ਜਾਂਦਾ ਹੈ।

**ਨੋਟ** – ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਦੋ ਬਾਰਹਮਾਹਾ ਪ੍ਰਾਪਤ ਹਨ। ਪਹਿਲਾ ਰਾਗ ਮਾਝ ਵਿਚ, ਗੁਰੂ ਅਰਜਨ ਦੇਵ ਜੀ ਦਾ ਉਚਾਰਨ ਕੀਤਾ ਹੋਇਆ ਹੈ ਜੋ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਕ 133-35 ਤੇ ਸੁਭਾਇਮਾਨ ਹੈ ਜਿਸ ਦਾ ਪਹਿਲਾ ਪਾਠ ਸਰਲ ਅਰਥਾਂ ਸਣੇ ਆਪ ਜੀ ਅਪ੍ਰੈਲ ਦੇ ਆਤਮ ਮਾਰਗ ਵਿਚ ਪੜ੍ਹ ਚੁੱਕੇ ਹੋ ਅਤੇ ਜੇਠ ਮਹੀਨੇ ਦਾ ਪਾਠ ਅਤੇ ਸਰਲ ਅਰਥ ਉਪਰ ਦਿਤੇ ਗਏ ਹਨ। ਆਮ ਤੌਰ ਤੇ ਇਹੋ ਬਾਰਹਮਾਹਾ ਗੁਰਦਵਾਰਾ ਸਾਹਿਬਾਨ ਵਿਚ ਸੁਣਾਇਆ ਜਾਂਦਾ ਹੈ ਅਤੇ ਸੰਗਤਾਂ ਵਿਚ ਇਹੋ ਵਧੇਰੇ ਕਰਕੇ ਪ੍ਰਚਲਤ ਹੈ।

ਦੂਜਾ ਬਾਰਹਮਾਹਾ ਗੁਰੂ ਨਾਨਕ ਦੇਵ ਜੀ ਦਾ ਰਾਗ ਤੁਖਾਰੀ ਵਿਚ ਉਚਾਰਨ ਕੀਤਾ ਹੋਇਆ ਹੈ। ਇਸ ਦੇ ਦਰਸ਼ਨ ਦੀਦਾਰ ਅਤੇ ਪਾਠ ਵਿਚਾਰ ਕਰਨੀ ਵੀ ਉਚਿਤ ਹੈ। ਅਸੀਂ ਬਾਰਹਮਾਹਾ ਮਾਝ ਦਾ ਪਾਠ ਅਤੇ ਸਰਲ ਅਰਥ ਪਿਛਲੇ ਮਹੀਨੇ, ਅਪ੍ਰੈਲ 2000 ਤੋਂ ਆਰੰਭ ਕੀਤੇ ਹਨ, ਇਸ ਲਈ ਰਾਗ ਤੁਖਾਰੀ ਵਿਚ ਪ੍ਰਾਪਤ ਬਾਰਹਮਾਹਾ ਦਾ ਹੁਣ ਤਕ ਦਾ ਪਾਠ, ਸਰਲ ਅਰਥਾਂ ਸਮੇਤ ਇਸ ਅੰਕ ਵਿਚ ਦਿਤਾ ਜਾ ਰਿਹਾ ਹੈ। ਅਗਲੇ ਮਹੀਨੇ ਤੋਂ ਕੇਵਲ ਚਲ ਰਹੇ ਮਹੀਨੇ ਦੇ ਹੀ ਪਾਠ ਅਤੇ ਅਰਥ ਦਿਤੇ ਜਾਣਗੇ।

ੴ ਸਤਿਗੁਰ ਪ੍ਰਸਾਦਿ

***ਤੁਖਾਰੀ ਛੰਤ ਮਹਲਾ ੧ ਬਾਰਹਮਾਹਾ (ਪੰਨਾ 1107)***

***1. ਤੂ ਸੁਣਿ ਕਿਰਤ ਕਰੰਮਾ ਪੁਰਬਿ ਕਮਾਇਆ॥***
***ਸਿਰਿ ਸਿਰਿ ਸੁਖ ਸਹੰਮਾ ਦੇਹਿ ਸੁ ਤੂ ਭਲਾ॥***

ਹੇ ਪ੍ਰਭੂ! ਮੇਰੀ ਬੇਨਤੀ ਸੁਣ! ਪੂਰਬਲੇ ਕਮਾਏ ਅਤੇ ਕੀਤੇ ਹੋਏ ਕਰਮਾਂ ਅਨੁਸਾਰ ਹਰੇਕ ਜੀਵ ਦਾ ਸੁਭਾਵ ਬਣਦਾ ਹੈ ਅਤੇ ਉਹ ਕਰਮ ਕਰਦਾ ਹੈ ਅਤੇ ਦੁਖ ਸੁਖ ਭੋਗਦਾ ਹੈ। ਕਰਮਾਂ ਅਨੁਸਾਰ, ਹੇ ਪ੍ਰਭੂ, ਜੋ ਦੁਖ ਸੁਖ ਝੱਲਣ ਲਈ ਤੂੰ ਦੇ ਰਿਹਾ ਹੈਂ, ਮਨੁੱਖ ਦਾ ਉਸ ਵਿਚ ਹੀ ਭਲਾ ਹੈ, ਚੰਗਿਆਈ ਹੈ; ਓਹੀ ਠੀਕ ਹੈ।

*2. ਹਰਿ ਰਚਨਾ ਤੇਰੀ ਕਿਆ ਗਤਿ ਮੇਰੀ*
*ਹਰਿ ਬਿਨੁ ਘੜੀ ਨ ਜੀਵਾ॥*

ਹੇ ਪ੍ਰਭੂ! ਮੈਂ ਤੇਰੀ ਰਚੀ ਹੋਈ ਮਾਇਆ ਵਿਚ ਰੁਝ ਗਿਆ ਹਾਂ, ਰਚਨਹਾਰ ਪ੍ਰਭੂ ਨੂੰ ਭੁੱਲ ਗਿਆ ਹਾਂ, ਮੇਰਾ ਕੀ ਹਾਲ ਹੋਵੇਗਾ? ਤੈਥੋਂ ਬਿਨਾਂ, ਤੇਰੀ ਯਾਦ ਅਤੇ ਸਿਮਰਨ ਤੋਂ ਬਿਨਾਂ ਇਕ ਘੜੀ ਭੀ ਜੀਉਣਾ, ਇਹ ਕੈਸੀ ਜ਼ਿੰਦਗੀ ਹੈ?

*ਪ੍ਰਿਅ ਬਾਝੁ ਦੁਹੇਲੀ ਕੋਇ ਨ ਬੇਲੀ*
*ਗੁਰਮੁਖਿ ਅੰਮ੍ਰਿਤੁ ਪੀਵਾ॥*

ਹੇ ਪਿਆਰੇ ਪ੍ਰੀਤਮ! ਤੇਰੇ ਬਿਨਾਂ ਮੇਰਾ ਜੀਵਨ ਬਹੁਤ ਦੁਖੀ ਹੈ, ਇਸ ਦੁਖ ਵਿਚੋਂ ਕੱਢਣ ਵਾਲਾ ਕੋਈ ਮਦਦਗਾਰ ਵੀ ਨਹੀਂ। ਕ੍ਰਿਪਾ ਕਰਕੇ ਗੁਰਮੁਖ ਦਾ ਮੇਲ ਬਖਸ਼, ਗੁਰੂ ਦੀ ਸ਼ਰਨ ਬਖਸ਼ ਤਾਕਿ ਗੁਰੂ ਕ੍ਰਿਪਾ ਸਦਕਾ ਅਟੱਲ ਜੀਵਨ ਬਖਸ਼ਣ ਵਾਲਾ ਅੰਮ੍ਰਿਤ-ਨਾਮ-ਜਲ ਪੀਂਦਾ ਰਹਾਂ ਅਤੇ ਮੈਨੂੰ ਆਤਮਿਕ ਜੀਵਨ ਪ੍ਰਾਪਤ ਹੋਵੇ।

*4. ਰਚਨਾ ਰਾਚਿ ਰਹੇ ਨਿਰੰਕਾਰੀ ਪ੍ਰਭ ਮਨ ਕਰਮ ਸੁਕਰਮਾ॥*
*ਨਾਨਕ ਪੰਥੁ ਨਿਹਾਲੇ ਸਾ ਧਨ ਤੂ ਸੁਣਿ ਆਤਮ ਰਾਮਾ॥*

ਹੇ ਪ੍ਰਮਾਤਮਾ! ਅਸੀਂ ਤੇਰੀ ਰਚਨਾ ਵਿਚ, ਮਾਇਆ ਦੇ ਮੋਹ ਵਿਚ ਹੀ ਫਸੇ ਪਏ ਹਾਂ, ਸੰਸਾਰਕ ਜੀਵਨ ਵਿਚ ਹੀ ਉਲਝੇ ਪਏ ਹਾਂ, ਜਦ ਕਿ ਪ੍ਰਭੂ ਨੂੰ ਮਨ ਵਿਚ ਵਸਾਉਣਾ ਹੀ ਸਾਰੇ ਕੰਮਾਂ ਵਿਚੋਂ ਸ੍ਰੇਸ਼ਟ ਤੇ ਉਤਮ ਕੰਮ ਹੈ, ਇਹੋ ਮਨੁੱਖ ਦਾ ਜੀਵਨ ਮਨੋਰਥ ਹੈ।

ਹੇ ਸਰਬ ਵਿਆਪਕ ਪ੍ਰਮਾਤਮਾ! ਤੂੰ ਸਾਡੀ ਜੀਵ-ਰੂਪੀ-ਇਸਤ੍ਰੀਆਂ ਦੀ ਅਰਜ਼ੋਈ ਸੁਣ ਅਤੇ ਸਾਨੂੰ ਆਪਣੇ ਦਰਸ਼ਨ ਦੀਦਾਰ ਬਖਸ਼। ਅਸੀਂ ਜੀਵ-ਰੂਪੀ ਇਸਤ੍ਰੀਆਂ ਤੇਰਾ, ਆਪਣੇ ਮਾਲਕ ਦਾ, ਰਾਹ ਤਕ ਰਹੀਆਂ ਹਾਂ।

*1. ਬਾਬੀਹਾ ਪ੍ਰਿਉ ਬੋਲੇ ਕੋਕਿਲ ਬਾਣੀਆ॥*
*ਸਾ ਧਨ ਸਭਿ ਰਸ ਚੋਲੈ ਅੰਕਿ ਸਮਾਣੀਆ॥*

ਜਿਵੇਂ ਪਪੀਹਾ 'ਪ੍ਰਿਉ ਪ੍ਰਿਉ' ਬੋਲਦਾ ਹੈ, ਜਿਵੇਂ ਕੋਇਲ 'ਕੂ ਕੂ' ਦੀ ਮਿੱਠੀ ਬੋਲੀ ਬੋਲਦੀ ਹੈ, ਤਿਵੇਂ ਹੀ ਜਿਹੜੀ ਜੀਵ-ਰੂਪੀ-ਇਸਤ੍ਰੀ ਪ੍ਰਭੂ-ਪਤੀ ਦੇ ਪਿਆਰ-ਵੈਰਾਗ ਵਿਚ ਆ ਕੇ ਮਿੱਠੀ ਸੁਰ ਵਿਚ ਪ੍ਰਭੂ ਨੂੰ ਯਾਦ ਕਰਦੀ ਹੈ, ਸਿਮਰਨ ਕਰਦੀ ਹੈ, ਉਹ ਜੀਵ-ਇਸਤ੍ਰੀ ਪ੍ਰਭੂ-ਮਿਲਾਪ ਦੇ ਸਾਰੇ ਅਨੰਦ ਮਾਣਦੀ ਹੈ ਅਤੇ ਉਸ ਦੇ ਚਰਨਾਂ ਵਿਚ ਟਿਕੀ ਰਹਿੰਦੀ ਹੈ।

*2. ਹਰਿ ਅੰਕਿ ਸਮਾਣੀ ਜਾ ਪ੍ਰਭ ਭਾਣੀ ਸਾ ਸੋਹਾਗਣਿ ਨਾਰੇ।।*
*ਨਵ ਘਰ ਥਾਪਿ ਮਹਲ ਘਰੁ ਊਚਉ ਨਿਜ ਘਰਿ ਵਾਸੁ ਮੁਰਾਰੇ॥*

ਪਰ ਪ੍ਰਭੂ-ਪਤੀ ਦੇ ਚਰਨ-ਕਮਲਾਂ ਦਾ ਪਿਆਰ, ਟਿਕਾਅ ਅਤੇ ਮਿਲਾਪ ਓਦੋਂ ਨਸੀਬ ਹੁੰਦਾ ਹੈ ਜਦੋਂ ਇਸਤ੍ਰੀ ਪਤੀ ਨੂੰ ਭਾਅ ਜਾਵੇ, ਚੰਗੀ ਲਗ ਜਾਵੇ, ਪਤੀ ਉਸ ਨੂੰ ਪਰਵਾਨ ਕਰ ਲਵੇ। ਐਸੀ ਇਸਤ੍ਰੀ ਹੀ ਸੁਹਾਗਵਤੀ ਹੁੰਦੀ ਹੈ ਐਸੀ ਜੀਵ-ਰੂਪੀ ਇਸਤ੍ਰੀ ਆਪਣੇ ਨੌਂ ਗੋਲਕਾਂ, ਨੌਂ ਇੰਦ੍ਰਿਆਂ ਵਾਲੇ ਸਰੀਰ ਨੂੰ ਜੁਗਤਿ ਵਿਚ ਰੱਖ ਕੇ ਪ੍ਰਭੂ ਦੇ ਨਿਜ ਸਰੂਪ ਵਿਚ ਟਿਕ ਜਾਂਦੀ ਹੈ ਅਤੇ ਉਸ ਦਾ ਵਾਸਾ ਸਦਾ ਲਈ ਪ੍ਰਭੂ ਦੇ ਨਿਜ ਘਰ ਵਿਚ ਹੋ ਜਾਂਦਾ ਹੈ।

*3. ਸਭ ਤੇਰੀ ਤੂ ਮੇਰਾ ਪ੍ਰੀਤਮੁ ਨਿਸਿ ਬਾਸੁਰ ਰੰਗਿ ਰਾਵੈ॥*
*ਨਾਨਕ ਪ੍ਰਿਉ ਪ੍ਰਿਉ ਚਵੈ ਬਬੀਹਾ ਕੋਕਿਲ ਸਬਦਿ ਸੁਹਾਵੈ॥*

ਹੇ ਪ੍ਰਭੂ! ਇਹ ਦ੍ਰਿਸ਼ਟਮਾਨ ਰਚਨਾ ਤੇਰੀ ਰਚੀ ਹੋਈ ਹੈ, ਤੂੰ ਹੀ ਮੇਰਾ ਖਸਮ-ਸਾਂਈ ਪ੍ਰੀਤਮ ਹੈਂ, ਮੈਂ ਤੇਰੇ ਪਿਆਰ ਵਿਚ ਰੰਗੀਜ ਕੇ ਦਿਨ ਰਾਤ ਤੈਨੂੰ ਸਿਮਰਦੀ ਹਾਂ। ਜਿਵੇਂ ਪਪੀਹਾ ਪ੍ਰਿਉ ਪ੍ਰਿਉ ਬੋਲਦਾ ਹੈ, ਜਿਵੇਂ ਕੋਇਲ ਕੂ ਕੂ ਦੇ ਮਿੱਠੇ ਬੋਲ ਬੋਲਦੀ ਹੈ, ਤਿਵੇਂ ਜੀਵ-ਰੂਪੀ ਇਸਤ੍ਰੀ ਵੀ ਪ੍ਰਭੂ-ਪਿਆਰ ਵਿਚ ਗੁਰ-ਸ਼ਬਦ ਰਾਹੀਂ ਪ੍ਰਭੂ ਦੀ ਸਿਫਤਿ ਸਾਲਾਹ ਕਰਕੇ ਅਨੰਦ ਮਾਣਦੀ ਹੈ।

*ਤੂ ਸੁਣਿ ਹਰਿ ਰਸ ਭਿੰਨੇ ਪ੍ਰੀਤਮ ਆਪਣੇ॥*
*ਮਨਿ ਤਨਿ ਰਵਤ ਰਵੰਨੇ ਘੜੀ ਨ ਬੀਸਰੈ॥*
*ਕਿਉ ਘੜੀ ਬਿਸਾਰੀ ਹਉ ਬਲਿਹਾਰੀ ਹਉ ਜੀਵਾ ਗੁਣ ਗਾਏ॥*
*ਨਾ ਕੋਈ ਮੇਰਾ ਹਉ ਕਿਸੁ ਕੇਰਾ ਹਰਿ ਬਿਨੁ ਰਹਣੁ ਨ ਜਾਏ॥*
*ਓਟ ਗਹੀ ਹਰਿ ਚਰਣ ਨਿਵਾਸੇ ਭਏ ਪਵਿਤ੍ਰ ਸਰੀਰਾ॥*
*ਨਾਨਕ ਦ੍ਰਿਸਟਿ ਦੀਰਘ ਸੁਖੁ ਪਾਵੈ ਗੁਰ ਸਬਦੀ ਮਨੁ ਧੀਰਾ॥ ੩ ॥*
*ਬਰਸੈ ਅੰਮ੍ਰਿਤ ਧਾਰ ਬੂੰਦ ਸੁਹਾਵਣੀ॥*
*ਸਾਜਨ ਮਿਲੇ ਸਹਜਿ ਸੁਭਾਇ ਹਰਿ ਸਿਉ ਪ੍ਰੀਤਿ ਬਣੀ॥*
*ਹਰਿ ਮੰਦਰਿ ਆਵੈ ਜਾ ਪ੍ਰਭ ਭਾਵੈ ਧਨ ਊਭੀ ਗੁਣ ਸਾਰੀ॥*
*ਘਰਿ ਘਰਿ ਕੰਤੁ ਰਵੈ ਸੋਹਾਗਣਿ ਹਉ ਕਿਉ ਕੰਤਿ ਵਿਸਾਰੀ॥*
*ਉਨਵਿ ਘਨ ਛਾਏ ਬਰਸੁ ਸੁਭਾਏ ਮਨਿ ਤਨਿ ਪ੍ਰੇਮੁ ਸੁਖਾਵੈ॥*
*ਨਾਨਕ ਵਰਸੈ ਅੰਮ੍ਰਿਤ ਬਾਣੀ ਕਰਿ ਕਿਰਪਾ ਘਰਿ ਆਵੈ॥ ੪॥*

## ਚੇਤੁ

*1. ਚੇਤੁ ਬਸੰਤੁ ਭਲਾ ਭਵਰ ਸੁਹਾਵੜੇ॥*
*ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ॥*

ਚੇਤ ਮਹੀਨੇ ਵਿਚ ਬਸੰਤ ਦਾ ਮੌਸਮ ਚੰਗਾ ਲਗਦਾ ਹੈ, ਪਿਆਰਾ ਲਗਦਾ ਹੈ, ਫੁੱਲਾਂ ਉਤੇ ਬੈਠੇ ਭੌਰੇ ਸੋਹਣੇ ਲਗਦੇ ਹਨ। ਜੰਗਲ ਵਿਚ, ਖੁਲ੍ਹੀ ਜੂਹ ਵਿਚ, ਬਨਸਪਤੀ, ਰੁੱਖ-ਬਿਰਖ, ਵੇਲ-ਬੂਟਿਆਂ ਤੇ ਰੌਣਕ ਆ ਗਈ ਹੈ। ਹੇ ਪ੍ਰਭੂ ਪਤੀ! ਐਸੇ ਸੁਹਾਵਣੇ ਮੌਸਮ ਵਿਚ ਮੇਰੇ ਹਿਰਦੇ-ਰੂਪੀ ਘਰ ਵਿਚ ਆ ਵਸ ਤਾਕਿ ਮੇਰੇ ਹਿਰਦੇ ਦਾ ਕੌਲ-ਫੁਲ ਵੀ ਖਿੜ ਪਏ।

*2. ਪਿਰੁ ਘਰਿ ਨਹੀ ਆਵੈ ਧਨ ਕਿਉ ਸੁਖੁ ਪਾਵੈ*
*ਬਿਰਹਿ ਬਿਰੋਧ ਤਨੁ ਛੀਜੈ॥*
*ਕੋਕਿਲ ਅੰਬਿ ਸੁਹਾਵੀ ਬੋਲੈ ਕਿਉ ਦੁਖੁ ਅੰਕਿ ਸਹੀਜੈ॥*

ਜਿਸ ਜੀਵ-ਰੂਪੀ ਇਸਤ੍ਰੀ ਦਾ ਪਤੀ-ਪ੍ਰੀਤਮ ਹਿਰਦੇ-ਘਰ ਵਿਚ ਨਹੀਂ ਆਉਂਦਾ, ਉਹ ਜੀਵ ਇਸਤ੍ਰੀ ਆਤਮਕ ਅਨੰਦ ਕਿਵੇਂ ਮਾਣ ਸਕਦੀ ਹੈ, ਸਗੋਂ ਉਸ ਦਾ ਸਰੀਰ ਵਿਛੋੜੇ ਕਾਰਨ ਛਿਜਦਾ ਹੈ, ਟੁੱਟਦਾ ਹੈ, ਦੁਖੀ ਹੁੰਦਾ ਹੈ। ਕੋਇਲ ਅੰਬ ਦੇ ਰੁੱਖ ਤੇ ਬੈਠ ਕੇ ਮਿੱਠੇ ਬੋਲ ਬੋਲਦੀ ਹੈ ਪਰ ਮੈਨੂੰ ਵਿਯੋਗਣ ਨੂੰ ਇਹ ਮਿੱਠੇ ਬੋਲ ਚੰਗੇ ਨਹੀਂ ਲਗਦੇ, ਸਗੋਂ ਹੋਰ ਵੀ ਚੋਭਵੇਂ ਤੇ ਦੁਖਦਾਈ ਲਗਦੇ ਹਨ ਅਤੇ ਵਿਛੋੜੇ ਦਾ ਦੁਖ ਹਿਰਦੇ ਵਿਚ ਸਹਾਰਿਆਂ ਨਹੀਂ ਜਾਂਦਾ।

*3. ਭਵਰੁ ਭਵੰਤਾ ਫੂਲੀ ਡਾਲੀ ਕਿਉ ਜੀਵਾ ਮਰੁ ਮਾਏ॥*
*ਨਾਨਕ ਚੇਤਿ ਸਹਜਿ ਸੁਖੁ ਪਾਵੈ ਜੇ ਹਰਿ ਵਰੁ ਘਰਿ ਧਨ ਪਾਏ॥*

(ਬਾਕੀ ਪੰਨਾ 19 ਤੇ)

# ਸੰਪਾਦਕੀ

ਪਿਆਰੇ ਸਤਿਕਾਰਯੋਗ ਆਤਮ ਮਾਰਗ ਦੇ ਪਾਂਧੀਓ! ਆਪ ਸਚਮੁੱਚ ਵਡਭਾਗੀ ਹੋ ਜੋ 'ਧੁਰ ਕੀ ਬਾਣੀ' ਨਾਲ ਜੁੜੇ ਹੋਏ ਹੋ, ਮਹਾਂਪੁਰਸ਼ਾਂ ਦੇ ਪ੍ਰਵਚਨ ਪੜ੍ਹ ਸੁਣ ਕੇ ਆਤਮਿਕ ਅਨੰਦ ਮਾਣਦੇ ਹੋ - ਵਿਸ਼ੇਸ਼ ਕਰਕੇ ਅੱਜ ਦੇ ਭਿਆਨਕ ਯੁੱਗ ਵਿਚ ਜਦੋਂ ਕਿ ਲੋਕ-ਬਿਰਤੀ ਖਿੰਡੀ ਹੋਈ ਹੈ, ਦੋ ਫਾੜ ਹੋਈ ਹੋਈ ਹੈ। ਇਕ ਪਾਸੇ ਇਨਫਰਮੇਸ਼ਨ ਟੈਕਨਾਲੋਜੀ ਨੇ ਕ੍ਰਾਂਤੀ ਲੈ ਆਂਦੀ ਹੈ, ਘਰ ਵਿਚ ਪਏ ਯੰਤਰਾਂ ਰਾਹੀਂ ਤੁਸੀਂ ਕੁੱਲ ਸੰਸਾਰ ਨਾਲ ਸਾਂਝ ਪਾ ਸਕਦੇ ਹੋ, ਵੱਡੇ-ਵੱਡੇ ਵਪਾਰ ਕਰ ਸਕਦੇ ਹੋ, ਵੱਡੇ-ਵੱਡੇ ਇਸ਼ਤਿਹਾਰ ਦੇ ਕੇ ਘੱਟ ਤੋਂ ਘੱਟ ਸਮੇਂ ਵਿਚ ਉਨ੍ਹਾਂ ਦੇ ਉਤਰ ਪਾ ਕੇ ਫੈਸਲੇ ਕਰ ਸਕਦੇ ਹੋ ਪਰ ਦੂਜੇ ਪਾਸੇ ਖਿੰਡ ਪੁੰਡ ਹੋਈ ਲੋਕ-ਬਿਰਤੀ ਬਰਬਾਦੀ ਕਰਨ ਲਈ ਵੀ ਉਤਾਵਲੀ ਹੋ ਰਹੀ ਹੈ। ਕਈ ਟੀ.ਵੀ. ਸੀਰੀਅਲਜ਼ ਅਤੇ ਫਿਲਮਾਂ ਕਤਲ, ਲੁੱਟ ਖਸੁੱਟ, ਡਰੱਗ ਸਮਗਲਿੰਗ ਅਤੇ ਬਲਾਤਕਾਰ ਦੇ ਢੰਗ ਸਿਖਾ ਕੇ ਨੌਜਵਾਨਾਂ ਨੂੰ ਕੁਰਾਹੇ ਪਾ ਰਹੀਆਂ ਹਨ। ਇਸ ਜ਼ਹਿਰੀਲੇ ਪ੍ਰਚਾਰ ਤੇ ਪਾਸਾਰ ਦੀ ਰੋਕਥਾਮ ਆਵਸ਼ਕ ਹੈ, ਨਹੀਂ ਤਾਂ ਜੇ ਇਕ ਵਾਰੀ ਸਾਡੇ ਪੈਰ ਉਖੜ ਗਏ ਤਾਂ ਅਸੀਂ ਹਵਾ ਵਿਚ ਜਾ ਲਟਕਾਂਗੇ ਤੇ ਫੇਰ ਸਾਡਾ ਰੱਬ ਹੀ ਰਾਖਾ ਹੈ। ਗੁਰੂ ਮਹਾਰਾਜ ਨੇ ਸਾਨੂੰ, ਸਾਰੀ ਮਨੁੱਖਤਾ ਨੂੰ, ਸ਼ਬਦ ਸ਼ਕਤੀ ਬਖਸ਼ੀ, ਨਾਮ ਦੀ ਸ਼ਕਤੀ ਨਾਲ ਜੋੜਿਆ ਤਾਂਕਿ ਅਸੀਂ ਧੁਰੇ ਨਾਲ ਜੁੜੇ ਰਹੀਏ, ਪਿਆਰ ਵਾਲਾ, ਵਿਗਾਸਮਈ, ਅਨੰਦਮਈ, ਰਹੱਸਮਈ ਜੀਵਨ ਜੀਵੀਏ, ਸਾਰੀ ਮਨੁੱਖਤਾ ਨੂੰ ਪਿਆਰ ਕਰੀਏ, ਕਦੇ ਵੀ ਇਹ ਨਾ ਭੁੱਲੀਏ *'ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ।'* ਐਸਾ ਕਰਨ ਨਾਲ ਅਸੀਂ ਈਰਖਾ, ਦ੍ਵੈਤ, ਵੈਰ, ਵਿਰੋਧ, ਲੜਾਈਆਂ ਝਗੜਿਆਂ, ਬਦਫੈਲੀਆਂ ਤੋਂ ਬਚੇ ਰਹਾਂਗੇ ਅਤੇ ਹੋਰਨਾਂ ਦੀ ਸਹਾਇਤਾ ਕਰਨ ਦੇ ਸਮਰੱਥ ਹੋਵਾਂਗੇ। ਗੁਰੂ ਮਹਾਰਾਜ ਨੇ ਸਾਰੀ ਮਨੁੱਖਤਾ ਨੂੰ ਗੱਲਵਕੜੀ ਵਿਚ ਲੈ ਕੇ ਇਹ ਉਪਦੇਸ਼ ਦਿਤਾ। ਇਸ ਆਸ਼ੇ ਨੂੰ ਹੀ ਸੱਚੇ ਪੁਰਸ਼, ਸੰਤ ਮਹਾਤਮਾ, ਪ੍ਰਚਾਰਦੇ ਅਤੇ ਪਸਾਰਦੇ ਹਨ।

'ਆਤਮ ਮਾਰਗ' ਦਾ ਸੰਚਾਲਨ ਇਸੇ ਆਸ਼ੇ ਨਾਲ ਅੱਜ ਤੋਂ ਪੰਜ ਸਾਲ ਪਹਿਲਾਂ ਹੋਇਆ, ਤੁਸੀਂ ਸੱਚ ਦੀ ਪ੍ਰੋੜ੍ਹਤਾ ਕੀਤੀ, ਹੁੰਗਾਰਾ ਭਰਿਆ, ਅੱਜ ਆਤਮ ਮਾਰਗ ਦਾ ਸੰਦੇਸ਼ -

***ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ***
***ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥***
***ਪੰਨਾ - 846***

40 ਹਜ਼ਾਰ ਘਰਾਂ ਵਿਚ ਪੁੱਜ ਚੁਕਿਆ ਹੈ, ਇਸ ਦਾ ਪਾਸਾਰ ਘੇਰਾ ਅਸੀਂ ਹੋਰ ਅੱਗੇ ਵਧਾਉਣਾ ਹੈ। ਅੱਜ ਮਹਾਂਪੁਰਸ਼ ਅਤੇ ਉਨ੍ਹਾਂ ਦਾ ਜੱਥਾ ਅਮਰੀਕਾ ਕੈਨੇਡਾ ਅਤੇ ਇੰਗਲੈਂਡ ਵਿਚ ਗੁਰੂ ਮਹਾਰਾਜ ਦਾ ਸੱਚ ਦਾ ਮਾਰਗ ਦੱਸਣ ਲਈ ਗਿਆ ਹੋਇਆ ਹੈ। ਪ੍ਰਦੇਸਾਂ ਵਿਚ ਵਸਦੇ ਵੀਰ, ਭੈਣਾਂ ਰੋਜ਼ਗਾਰ ਪੱਖੋਂ ਸੌਖੇ ਹਨ ਪਰ ਆਤਮਿਕ ਔੜ ਕਾਰਨ ਅੰਮ੍ਰਿਤ ਵਰਖਾ ਨੂੰ ਸਹਿਕਦੇ ਹਨ। ਨਾਮ-ਰਸ ਦੀਆਂ ਅੰਮ੍ਰਿਤ ਫੁਹਾਰਾਂ ਨਾਲ ਅੱਜ ਹਜ਼ਾਰਾਂ ਹਿਰਦੇ ਸ਼ਾਂਤ ਹੋ ਰਹੇ ਹਨ। ਗੁਰੂ ਮਹਾਰਾਜ ਨੇ ਹਰ ਮਨੁੱਖ ਲਈ ਕਿਰਤ ਕਰਨੀ ਜ਼ਰੂਰੀ ਦੱਸੀ - ਨਾਮ ਜਪੋ, ਕਿਰਤ ਕਰੋ, ਵੰਡ ਛਕੋ, ਗੁਰੂ ਜੀ ਵਲੋਂ ਦੱਸੀ ਜੀਵਨ ਜਾਂਚ ਹੈ। ਨਾਮ ਜਪਣਾ, ਪਹਿਲੀ ਤੇ ਮੁਢਲੀ ਲੋੜ ਹੈ, ਧੁਰੇ ਤੇ ਕਾਇਮ ਹੋਣਾ ਤਾਂ ਕਿ ਸਮਾਜ ਵਿਚ ਵਿਚਰਦਿਆਂ ਮਨੁੱਖ ਪੱਕੇ ਪੈਰੀਂ ਖੜ੍ਹਾ ਰਹੇ। ਫੇਰ ਕਿਰਤ ਕਰੇ - ਸੱਚੀ ਸੁੱਚੀ ਕਿਰਤ - ਪਰਿਵਾਰ ਦੀ ਪਾਲਨਾ ਲਈ ਤਾਕਿ ਸਵਾਰਥੀ ਨਾ ਹੋ ਜਾਏ, ਇਸ ਵਿਚੋਂ ਕੁਝ ਹਿੱਸਾ ਲੋੜਵੰਦਾਂ ਲਈ ਸੁਰੱਖਿਅਤ ਕਰੇ, ਵੰਡ ਛਕੇ।

ਆਤਮ ਮਾਰਗ ਦੇ ਸਾਰੇ ਲੇਖ ਸੱਚ ਦੇ ਮਾਰਗ ਨੂੰ ਦਰਸਾਉਂਦੇ ਹਨ, ਸਾਡੇ ਅੰਦਰ ਵਿਸ਼ਵਾਸ਼, ਭਰੋਸਾ, ਪ੍ਰਤੀਤੀ ਪੈਦਾ ਕਰਦੇ ਹਨ ਤਾਂ ਕਿ ਅਸੀਂ ਕੱਚ ਵਿਹਾਝਣ ਦੀ ਥਾਂ ਸੱਚ ਵਿਹਾਝੀਏ, ਕੱਚੀ ਮਿੱਟੀ ਦੀ ਦੀਵਾਰ ਨੂੰ ਹੀ ਪੋਚਾ ਨਾ ਮਾਰਦੇ ਰਹੀਏ, ਕੱਲਰ ਹੀ ਨਾ ਬੀਜਦੇ ਰਹੀਏ, ਸਗੋਂ ਸੱਚ ਦੀ ਪਛਾਣ ਕਰੀਏ। ਕਈ ਜਨਮਾਂ ਦੇ ਸਫਰ ਵਿਚ ਅਸੀਂ ਸੱਚ ਤੋਂ ਟੁੱਟ ਚੁੱਕੇ ਹਾਂ, ਇਸ ਲਈ ਗੁਰੂ ਗ੍ਰੰਥ ਸਾਹਿਬ ਦਾ ਹਰੇਕ ਸ਼ਬਦ ਸਾਨੂੰ ਸਾਡੇ ਅਸਲੇ ਦਾ ਗਿਆਨ ਬਖਸ਼ਦਾ ਹੈ। ਆਤਮ ਮਾਰਗ ਦੇ ਲੇਖਾਂ ਵਿਚ ਗੁਰਬਾਣੀ ਦੇ ਇਨ੍ਹਾਂ ਗੂਹਜ ਭਾਵਾਂ ਨੂੰ ਸੌਖੀ ਭਾਸ਼ਾ ਵਿਚ, ਵਾਰਤਾ ਰਾਹੀਂ, ਸਾਖੀ ਪ੍ਰਮਾਣ ਰਾਹੀਂ ਦੱਸਿਆ ਜਾਂਦਾ ਹੈ। ਮਹਾਂਪੁਰਸ਼ਾਂ ਵਲੋਂ ਲੜੀਵਾਰ ਲਿਖੀ ਜਾ ਰਹੀ 'ਅਮਰ ਕਥਾ' ਗੁਰੂ ਨਾਨਕ ਦੇਵ ਦੇ ਸਿਧਾਂਤਾਂ ਦੀ ਅਮਰ ਕਥਾ ਹੈ ਜਿਸਦਾ ਪਾਤਰ ਭਾਵੇਂ ਮਨਸੁਖ ਹੋਵੇ, ਭਾਵੇਂ ਰਾਜਾ ਸ਼ਿਵਨਾਭ! ਗੱਲ ਤਾਂ ਇਹ ਸਮਝਾਈ ਗਈ ਹੈ ਕਿ ਮਨੁੱਖ ਦੀ ਬਣਤਰ ਕੀ ਹੈ? ਪੰਜ ਤੱਤ ਨੇ, 25 ਪ੍ਰਕ੍ਰਿਤੀਆਂ ਨੇ, ਪੰਜ ਪ੍ਰਾਣ ਨੇ, ਇਸ ਦੇ ਵਿਚ ਮਨ ਹੈ, ਚਿੱਤ ਹੈ, ਬੁੱਧੀ ਹੈ ਤੇ ਮੈਂ ਭਾਵ ਹੈ। ਇਹ ਸਰੀਰ ਦੇ ਵੱਖਰੇ-ਵੱਖਰੇ ਪੁਰਜੇ ਹਨ। ਜੇ ਤੂੰ ਇਹਦੇ ਵਿਚ ਹੀ ਫਸਿਆ ਹੋਇਆ ਹੈਂ, ਫੇਰ ਤਾਂ ਤੂੰ (ਮਨੁੱਖ) ਕੁਝ ਵੀ ਨਹੀਂ ਹੈਂ, ਜੇ ਇਸ ਦੇ ਵਿਚ ਇਕ ਜਿਹੜੀ ਆਤਮ ਵਸਤੂ ਹੈ, ਉਸ ਦਾ ਤੈਨੂੰ ਪਤਾ ਲਗ ਗਿਆ ਤਾਂ ਤੂੰ ਪੂਜਨੀਕ ਹੈਂ। ਜਿਥੇ ਚਰਨ ਧਰੇਗਾ ਉਹ ਚਰਨ - ਧੂੜ ਰੋਗ ਦੂਰ ਕਰੇਗੀ, ਬੁੱਧੀ ਦੀ ਮੈਲ ਦੂਰ ਕਰੇਗੀ, ਪ੍ਰਮੇਸ਼ਰ ਨਾਲ ਪਿਆਰ ਲਾ ਦਏਗੀ।

ਜਿਸ ਸਰੀਰ ਨੂੰ ਅਸੀਂ 50, 60, 70, 80 ਸਾਲ ਹੰਢਾਉਂਦੇ ਹਾਂ, ਸਾਨੂੰ ਉਸ ਦਾ ਵੀ ਠੀਕ ਗਿਆਨ ਨਹੀਂ। ਇਸੇ ਲੇਖ ਵਿਚ ਮਹਾਂਪੁਰਸ਼ ਦਸਦੇ ਹਨ - 'ਦੁਨੀਆਂ ਝਗੜੇ ਕਰਦੀ ਹੈ ਕਿ ਇਹ ਮੰਦਰ ਸਾਡਾ ਹੈ, ਇਹ ਮਸਜਿਦ ਸਾਡੀ ਹੈ, ਇਹ ਸਾਡਾ ਪੂਜਾ ਦਾ ਅਸਥਾਨ ਹੈ, ਝਗੜਦੇ ਨੇ ਆਪਸ ਵਿਚ ਪਰ ਜਿਹੜਾ ਹਰੀ ਦਾ ਮੰਦਰ ਹੈ, ਓਥੇ ਤੂੰ ਸ਼ਰਾਬ ਪਾਉਂਦਾ ਹੈਂ, ਮਾਸ ਪਾਉਂਦਾ ਹੈਂ, ਨਿੰਦਿਆ ਪਾਉਂਦਾ ਹੈਂ, ਚੁਗਲੀਆਂ ਪਾਉਂਦਾ ਹੈਂ, ਈਰਖਾ ਰਖਦਾ ਹੈਂ, ਵੈਰ ਰਖਦਾ ਹੈ, ਕਪਟ ਰਖਦਾ ਹੈਂ, ਭ੍ਰਿਸ਼ਟ ਕੀਤਾ ਪਿਆ ਹੈ। ਉਸ ਨੂੰ ਸਵਾਰ ਲੈ ਪ੍ਰੇਮੀਆਂ।

ਹਿਰਦੇ ਨੂੰ ਟੁੰਬਦੇ ਐਸੇ ਪ੍ਰਵਚਨ ਆਤਮ ਮਾਰਗ ਦਾ ਸ਼ਿੰਗਾਰ ਹਨ ਜੋ ਜੀਵਨ ਬਦਲਣ ਦੀ ਸਮਰੱਥਾ ਰਖਦੇ ਹਨ ਪਰ ਤਾਂ, ਜੇ ਕੋਈ ਸਮਾਂ ਕੱਢ ਕੇ ਇਨ੍ਹਾਂ ਨੂੰ ਧਿਆਨ ਨਾਲ ਪੜ੍ਹੇ।

(ਬਾਕੀ ਪੰਨਾ 13 ਤੇ)

# ਮਹਿਮਾ ਸਾਧੂ ਸੰਗ ਕੀ.........

***ਸੰਤ ਵਰਿਆਮ ਸਿੰਘ ਜੀ***
***ਉਤਾਰਾ ਕਰਤਾ - ਪ੍ਰੋ. ਗੁਰਦੇਵ ਸਿੰਘ***

*(ਲੜੀ ਜੋੜਨ ਲਈ ਦੇਖੋ, ਅਪ੍ਰੈਲ ਅੰਕ, ਪੰਨਾ - 17 )*

ਇਕ ਵਾਰੀ ਗੁਰੂ ਨਾਨਕ ਦੇਵ ਜੀ ਨੂੰ ਗੁਰੂ ਅੰਗਦ ਦੇਵ ਮਹਾਰਾਜ ਜੀ ਨੇ ਪੁਛਿਆ ਕਿ ਪਾਤਸ਼ਾਹ! ਆਪ ਨੇ ਜੋ ਫੁਰਮਾਨ ਕੀਤਾ ਹੈ ਕਿ -

***ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥***
***ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥***
***ਪੰਨਾ - 433***

ਮਹਾਰਾਜ! ਇਹ ਕਰਮਾਂ ਦਾ ਖੇਲ੍ਹ ਕਿਵੇਂ ਚਲਦਾ ਹੈ? ਮਹਾਰਾਜ ਕਹਿੰਦੇ ਕਿ ਮੱਥੇ ਵਿਚ ਕਰਮਾਂ ਦਾ ਲੇਖ ਲਿਖਿਆ ਜਾਂਦਾ ਹੈ। ਜਿਹੜਾ ਲੇਖ ਲਿਖਿਆ ਜਾਂਦਾ ਹੈ, ਉਹ ਟਲਿਆ ਨਹੀਂ ਕਰਦਾ, ਵੱਡੇ ਵੱਡਿਆਂ ਤੇ ਇਹ ਕਰਮਾਂ ਦੀ ਭਾਵੀ ਬੀਤੀ ਹੈ-

***ਰਾਜਾ ਜਨਮੇਜਾ ਦੇ ਮਤੀਂ ਬਰਜਿ ਬਿਆਸਿ ਪੜ੍ਹਾਇਆ॥***
***ਤਿਨਿ ਕਰਿ ਜਗ ਅਠਾਰਹ ਘਾਏ ਕਿਰਤੁ ਨ ਚਲੈ ਚਲਾਇਆ॥***
***ਪੰਨਾ - 1344***

ਜਿਹੜਾ ਜਨਮੇਜਾ ਰਾਜਾ ਸੀ, ਉਹਦੇ ਮੱਥੇ ਤੇ ਲੇਖ ਲਿਖਿਆ ਹੋਇਆ ਸੀ ਕਿ ਇਹ ਅਠਾਰਾਂ ਬੰਦਿਆਂ ਨੂੰ ਜੋ ਉਚੀਆਂ ਕੁਲਾਂ ਦੇ ਪੰਡਤ ਹੋਣਗੇ, ਉਹਨਾਂ ਨੂੰ ਮਾਰੇਗਾ ਤੇ ਕੋਹੜੀ ਹੋ ਕੇ ਮਰੇਗਾ।

ਮਹਾਰਾਜ ਕਹਿਣ ਲੱਗੇ, ਪੁਰਖਾ! ਤੈਨੂੰ ਸੁਖਾਲੇ ਤਰੀਕੇ ਨਾਲ ਸਮਾਝਉਂਦੇ ਹਾਂ। ਇਕ ਸਾਧੂ ਸੀ, ਵੀਹ ਸਾਲ ਤੋਂ ਕੁਟੀਆ 'ਚ ਰਹਿੰਦਾ ਸੀ ਤੇ ਉਥੋਂ ਦਾ ਰਾਜਾ ਉਸ ਦਾ ਬੜਾ ਸ਼ਰਧਾਲੂ ਸੀ। ਕਦੇ ਕਦੇ ਰਾਜਾ ਆ ਕੇ ਨਮਸ਼ਕਾਰ ਕਰਦਾ ਰਹਿੰਦਾ ਸੀ। ਰਾਜੇ ਨੇ ਉਸ ਦੀ ਕੁਟੀਆ ਦੇ ਨੇੜੇ ਇਕ ਮਹਿਲ ਉਸਾਰਿਆ ਜੋ ਕਿ ਉਸ ਨੇ ਲੜਕੇ ਵਾਸਤੇ ਬਣਵਾਇਆ ਸੀ। ਲੜਕੇ ਦਾ ਵਿਆਹ ਕੀਤਾ ਤੇ ਜਦੋਂ ਵਿਆਹ ਕੇ ਡੋਲਾ ਆਇਆ ਤਾਂ ਉਸ ਮਹਿਲ ਵਿਚ ਉਤਾਰਾ ਕਰਵਾਇਆ। ਲੜਕੀ ਬੜੀ ਸੁੰਦਰ ਤੇ ਸੁਸ਼ੀਲ ਆਈ। ਰਾਤ ਨੂੰ ਲੜਕੇ ਨੂੰ ਨੀਂਦ ਆ ਗਈ। ਲੜਕੀ ਜਾਗਦੀ ਹੈ, ਉਠ ਕੇ ਕੁਝ ਟੋਲ੍ਹਣ ਲੱਗ ਪਈ। ਇਸ ਰਾਜ ਕੁਮਾਰ ਦੇ ਸਾਰੇ ਸਸ਼ਤਰ ਟੰਗੇ ਹੋਏ ਸੀ। ਇਕ ਇਕ ਨੂੰ ਚੁਕ ਕੇ ਘੁਮਾਉਣ ਲਗ ਪਈ, ਕਦੀ ਕਮਾਣ ਚੁਕ ਕੇ ਚਿਲਾ ਚੜ੍ਹਾ ਕੇ ਦੇਖਦੀ ਹੈ, ਕਦੇ ਬਰਛਾ ਘੁਮਾ ਕੇ ਦੇਖਦੀ ਹੈ। ਇਕ ਬੜੀ ਹੀ ਤੇਜ ਧਾਰ ਦੀ ਤਲਵਾਰ ਪਈ ਸੀ, ਇਸ ਨੇ ਮਿਆਨ 'ਚੋਂ ਕੱਢੀ ਤੇ ਇਸ ਨੂੰ ਘੁਮਾਉਣ ਲੱਗ ਪਈ ਜੋ ਅਚਾਨਕ ਹੱਥ 'ਚੋਂ ਨਿਕਲ ਕੇ ਰਾਜ ਕੁਮਾਰ ਦੀ ਗਰਦਨ ਤੇ ਲੱਗੀ, ਉਸ ਦੀ ਗਰਦਨ ਦੀ ਸਾਹ ਰਗ ਵੱਢੀ ਗਈ ਤੇ ਉਹ ਉਥੇ ਹੀ ਮਰ ਗਿਆ। ਹੁਣ ਰੋਂਦੀ ਨਹੀਂ ਹੈ, ਸੋਚਦੀ ਹੈ ਕਿ ਹੁਣ ਮੇਰੇ ਮਾਂ ਬਾਪ ਦੀ ਬੜੀ ਭਾਰੀ ਬੇਇਜ਼ਤੀ ਹੋਵੇਗੀ, ਮੈਂ ਕਿੰਨਾ ਮਾੜਾ ਕੰਮ ਕਰ ਦਿਤਾ। ਚੁਪ ਕਰੀ ਬੈਠੀ ਹੈ।

ਰਾਤ ਦੇ ਦੋ ਵਜੇ ਸੰਤ ਉਠੇ, ਇਸ਼ਨਾਨ ਕਰਨ ਆਏ, ਜਦੋਂ ਇਸ਼ਨਾਨ ਕਰਕੇ ਜਾਣ ਲੱਗੇ, ਲੜਕੀ ਨੇ ਮਨ ਵਿਚ ਸੋਚਿਆ ਕਿ ਫੇਰ ਦੀ ਖਬਰ ਨਹੀਂ, ਪਤਾ ਨਹੀਂ ਕੋਈ ਇਧਰ ਆਵੇ ਜਾਂ ਨਾ ਆਵੇ, ਮੌਕਾ ਦੇਖ ਕੇ ਰੌਲਾ ਪਾ ਦਿਤਾ ਕਿ ਮੇਰਾ ਪਤੀ ਮਾਰ ਦਿਤਾ। ਔਹ ਗਿਆ, ਔਹ ਗਿਆ ਤੇ ਨਾਲ ਹੀ ਸੰਤ ਵੱਲ ਇਸ਼ਾਰਾ ਕਰੀ ਜਾਂਦੀ ਹੈ। ਪਹਿਰੇਦਾਰ ਦੌੜੇ ਤੇ ਸੰਤ ਜੀ ਨੂੰ ਫੜ ਲਿਆ ਤੇ ਦੂਸਰੇ ਦਿਨ ਰਾਜੇ ਦੀ ਕਚਹਿਰੀ ਵਿਚ ਪੇਸ਼ ਕੀਤਾ। ਰਾਜਾ ਜਾਣਦਾ ਸੀ ਕਿ ਸੰਤਾਂ ਨੇ ਮੇਰੇ ਪੁੱਤਰ ਨੂੰ ਕਿਉਂ ਮਾਰਨਾ ਸੀ; ਜੇ ਮਾਰਨਾ ਹੁੰਦਾ ਤਾਂ ਪੁੱਤਰ ਤਾਂ ਮੇਰਾ ਇਨ੍ਹਾਂ ਦੇ ਕੋਲ ਜਾਂਦਾ ਹੀ ਰਹਿੰਦਾ ਸੀ; ਗੱਲ ਕੋਈ ਹੋਰ ਹੈ। ਲੜਕੀ ਤੋਂ ਪਛਾਣ ਨਹੀਂ ਹੋਇਆ, ਪਰ ਕਿਉਂਕਿ ਗਵਾਹੀ ਦੀ ਗੱਲ ਹੈ, ਇਸ ਨੂੰ ਛੱਡ ਵੀ ਨਹੀਂ ਸਕਦਾ, ਇਸ ਕਰਕੇ ਇਸ ਦੇ ਹੱਥ ਕਟਵਾ ਦਿੰਦਾ ਹਾਂ, ਇਸ ਦੀ ਗਰਦਨ ਨਹੀਂ ਕਟਵਾਉਂਦਾ। ਇਸ ਦੇ ਦੋਵੇਂ ਹੱਥ ਕੱਟ ਦਿਤੇ। ਸੰਤ ਬਹੁਤ ਉਦਾਸ ਹੋਏ, ਮਾਨ ਸਰੋਵਰ ਝੀਲ ਤੇ ਚਲੇ ਗਏ, ਉਥੇ ਪੁਛਦੇ ਰਹੇ ਤੇ ਦਸ ਪਈ ਕਿ ਤੂੰ ਕਾਸ਼ੀ ਚਲਿਆ ਜਾਹ, ਉਥੇ ਇਕ ਜੋਤਸ਼ੀ ਹੈ ਜੋ ਪਿਛਲੇ ਜਨਮਾਂ ਦਾ ਹਾਲ ਦਸ ਦਿੰਦਾ ਹੈ। ਕਾਸ਼ੀ ਪਹੁੰਚ ਗਿਆ ਤੇ ਉਸ ਪੰਡਤ ਨੂੰ ਮਿਲਿਆ। ਕੀ ਦੇਖਦਾ ਹੈ ਕਿ ਪੰਡਤ ਦੀ ਘਰ ਵਾਲੀ ਐਨੀ ਕੁਲਹਿਣੀ ਹੈ ਕਿ ਪੰਡਤ ਨੂੰ ਬਹੁਤ ਬੁਰਾ ਬੋਲਦੀ ਹੈ ਤੇ ਗਾਲ੍ਹਾਂ ਕੱਢਦੀ ਹੈ ਤੇ ਪੰਡਤ ਚੁਪ ਕਰਿਆ ਬੈਠਾ ਹੈ ਤੇ ਸਾਰੀਆਂ ਗੱਲਾਂ ਸਹਿਨ ਕਰ ਰਿਹਾ ਹੈ। ਪੰਡਤ ਜੀ ਇਸ ਨੂੰ ਆਪਣੇ ਕਮਰੇ ਵਿਚ ਲੈ ਗਏ ਤੇ ਪੁਛਿਆ ਕਿ ਸੰਤ ਜੀ! ਤੁਸੀਂ ਕਿਸ ਤਰ੍ਹਾਂ ਆਏ ਹੋ? ਕਹਿਣ ਲੱਗੇ ਮੈਂ ਤਾਂ ਆਇਆਂ ਤੈਨੂੰ ਕੁਝ ਪੁਛਣ ਵਾਸਤੇ, ਪਰ ਲਗਦਾ ਹੈ ਕਿ ਤੇਰੇ ਨਾਲ ਮੈਥੋਂ ਵੀ ਜ਼ਿਆਦਾ ਬੀਤ ਰਹੀ ਹੈ; ਇਹ ਕੀ ਗੱਲ? ਕਹਿਣ ਲੱਗਿਆ ਇਹ ਮੇਰੇ ਪਿਛਲੇ ਜਨਮ ਦੇ ਕਰਮਾਂ ਦਾ ਫਲ ਹੈ। ਕਹਿਣ ਲੱਗੇ ਕਿਸ ਤਰ੍ਹਾਂ? ਪੰਡਤ ਕਹਿਣ ਲੱਗਿਆ ਕਿ ਮੈਂ ਪਿਛਲੇ ਜਨਮ ਵਿਚ ਕਾਉਂ ਸੀ, ਇਹ ਗਧੀ ਸੀ ਤੇ ਮੈਂ ਚੁੰਜ ਨਾਲ ਠੁੰਗਾਂ ਮਾਰ-ਮਾਰ ਕੇ ਇਹਦਾ ਮਾਸ ਨੋਚਦਾ ਰਹਿੰਦਾ ਸੀ। ਇਕ ਵਾਰੀ ਇਹ ਕਿਧਰੇ ਚਲੀ ਗਈ ਤੇ ਕਾਫੀ ਦਿਨਾਂ ਬਾਅਦ ਵਾਪਸ ਆਈ ਤੇ ਜਦੋਂ ਇਹ ਘਾਹ ਆਦਿ ਚਰਣ ਵਾਸਤੇ ਆਈ, ਮੈਨੂੰ ਅਚਾਨਕ ਲੱਭ ਪਈ ਤੇ ਮੈਂ ਆਪਣੀ ਚੁੰਝ ਇਸ ਦੇ ਘਾਵ (ਜ਼ਖਮ) ਵਿਚ ਇੰਨੀ ਜ਼ੋਰ ਦੀ ਮਾਰੀ ਕਿ ਹੱਡੀ ਵਿਚ ਫਸ ਗਈ। ਜਦੋਂ ਚੁੰਝ ਨਾ ਨਿਕਲੀ ਤਾਂ ਇਹ ਨੇੜੇ ਪਾਣੀ ਦੇ ਛੱਪੜ ਵਿਚ ਜਾ ਵੜੀ। ਉਥੇ ਹੀ ਨੇੜੇ ਇਕ ਮਹਾਤਮਾ ਰਹਿੰਦੇ ਸੀ। ਉਸ ਮਹਾਤਮਾ ਦੇ ਇਸ਼ਨਾਨ ਦਾ ਜਲ ਇਸ ਡੁੰਮ ਵਿਚ ਪੈਂਦਾ ਸੀ ਅਸੀਂ ਦੋਵੇਂ ਇਸ ਵਿਚ ਡੁੱਬ ਕੇ ਮਰ ਗਏ। ਹੁਣ ਸਾਡਾ ਦੋਨਾਂ ਦਾ ਸੰਯੋਗ ਹੋ ਗਿਆ। ਮੈਂ ਸੋਚਿਆ ਕਿ ਇਹ ਮੇਰੇ ਨਾਲ ਇੰਨੀ ਲੜਾਈ ਕਿਉਂ ਕਰਦੀ ਹੈ, ਮੈਂ ਸਾਰੀ ਗੱਲ ਸਮਝ ਗਿਆ ਕਿ ਅੱਗੇ ਮੈਂ ਇਹਦੇ ਚੁੰਝਾਂ ਮਾਰੀਆਂ ਸਨ ਤੇ ਹੁਣ ਇਹ ਜ਼ੁਬਾਨ ਮਾਰਦੀ ਹੈ। ਇਸ ਕਰਕੇ ਮੈਨੂੰ ਪਤਾ ਹੈ, ਮੈਂ ਆਰਾਮ ਨਾਲ ਦੁਖ ਸੁਖ ਤੇ ਮਾਨ-ਅਪਮਾਨ ਸਮ ਰਹਿ ਕੇ ਦਿਨ ਕੱਟ ਰਿਹਾ ਹਾਂ। ਹੁਣ ਤੁਸੀਂ ਦੱਸੋ ਕਿਵੇਂ ਆਏ ਹੋ? ਕਹਿਣ ਲੱਗੇ ਮੇਰੇ ਹੱਥ ਵੱਢੇ ਗਏ, ਮੇਰਾ

ਕਸੂਰ ਕੋਈ ਨਹੀਂ ਹੈ; ਮੈਂ ਤਾਂ ਭਗਤੀ ਕੀਤੀ ਹੈ, ਕੋਈ ਇਨ੍ਹਾਂ ਹੱਥਾਂ ਨਾਲ ਮਾੜਾ ਕੰਮ ਨਹੀਂ ਕੀਤਾ। ਪੰਡਤ ਕਹਿਣ ਲੱਗਿਆ ਕਿ ਤੁਹਾਡੇ ਹੱਥ ਇਸ ਕਰਕੇ ਵੱਢੇ ਗਏ ਕਿ ਪਿਛਲੇ ਜਨਮ ਵਿਚ ਤੂੰ ਮੋਨੀ ਸਾਧੂ ਸੀ, ਬੋਲਦਾ ਨਹੀਂ ਸੀ ਹੁੰਦਾ। ਇਕ ਕਸਾਈ, ਗਊ ਨੂੰ ਜਦੋਂ ਮਾਰਨ ਲੱਗਿਆ ਤਾਂ ਗਊ ਰੱਸਾ ਤੁੜਾ ਕੇ ਭੱਜ ਪਈ ਤੇ ਤੇਰੇ ਸਾਮ੍ਹਣੇ ਦੀ ਲੰਘ ਕੇ, ਤੇਰੇ ਪਿਛੇ ਡੂੰਘਾ ਖਤਾਨ ਸੀ ਉਸ ਵਿਚ ਵੜ ਗਈ। ਤੇਰੇ ਕੋਲ ਜਦੋਂ ਕਸਾਈ ਆਇਆ, ਉਸ ਨੇ ਪੁਛਿਆ, ਕਿਉਂਕਿ ਤੂੰ ਮੋਨੀ ਸੀ ਬੋਲਣਾ ਨਹੀਂ ਸੀ, ਤੂੰ ਕਿਹਾ ਕਿ ਮੈਂ ਜਵਾਬ ਕੀ ਦੇਵਾਂ, ਤੂੰ ਬਿਨਾਂ ਵਿਚਾਰੇ ਜਵਾਬ ਦੇ ਦਿਤਾ ਤੇ ਇਹ ਨਹੀਂ ਸੋਚਿਆ ਕਿ ਜੇ ਚੁਪ ਰਹਾਂ ਤਾਂ ਗਊ ਦੀ ਜਾਨ ਬਚ ਜਾਏਗੀ; ਤੂੰ ਦੋਵੇਂ ਹੱਥਾਂ ਨਾਲ ਪਿਛੇ ਨੂੰ ਇਸ਼ਾਰਾ ਕਰ ਦਿਤਾ ਕਿ ਗਊ ਇਧਰ ਹੈ। ਉਸ ਨੇ ਫੜ ਲਈ ਤੇ ਗਊ ਮਾਰ ਦਿਤੀ। ਐਨੇ ਨੂੰ ਪਿਛੋਂ ਜੰਗਲ 'ਚੋਂ ਸ਼ੇਰ ਨਿਕਲਿਆ ਤੇ ਉਸ ਨੇ ਇਨ੍ਹਾਂ ਨੂੰ ਵੀ ਮਾਰ ਦਿਤਾ। ਸੰਯੋਗ ਵਸ ਗਊ ਰਾਜੇ ਦੀ ਲੜਕੀ, ਤੇ ਕਸਾਈ ਰਾਜੇ ਦਾ ਪੁੱਤਰ ਬਣਿਆ ਤੇ ਤੂੰ ਪਹਿਲਾਂ ਹੀ ਕਸੂਰ ਕਰਿਆ ਹੋਇਆ ਸੀ, ਤੇਰੇ ਹੱਥ ਵੱਢੇ ਗਏ ਅਤੇ ਲੜਕੀ ਦੇ ਹੱਥੋਂ ਰਾਜੇ ਦਾ ਪੁੱਤਰ ਮਾਰਿਆ ਗਿਆ।

***ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ॥***
***ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ॥***

***ਪੰਨਾ – 1374***

ਕਹਿਣ ਲੱਗੇ ਖਿਚੜੀ ਖਾ ਕੇ ਗੁਜਾਰਾ ਕਰ ਲਵੋ ਜਿਹੜੀ ਅੰਮ੍ਰਿਤ ਵਰਗਾ ਸੁਆਦ ਦਿੰਦੀ ਹੈ। ਪਹਿਲਾਂ ਜਾਨਵਰ ਮਾਰ-ਮਾਰ ਕੇ ਖਾਓ, ਜਦੋਂ ਲੇਖੇ ਦੇਣੇ ਪੈਣਗੇ ਫਿਰ ਗਲਾ ਕਟਾਉਣਾ ਪਵੇਗਾ। ਐਸੇ ਕਰਮ ਨਾ ਬੀਜੋ ਜਿਨ੍ਹਾਂ ਦਾ ਫਲ ਦੇਣਾ ਪਵੇ।

ਮਹਾਤਮਾ ਕਹਿਣ ਲੱਗੇ, ਬਾਲਮੀਕ! ਇਹ ਜਿਹੜੇ ਤੂੰ ਕਰਮ ਕੀਤੇ ਹਨ ਇਹ ਤੈਨੂੰ ਭੁਗਤਣੇ ਵੀ ਪੈਣਗੇ। ਕਹਿਣ ਲੱਗਿਆ ਸੰਤ ਜੀ! ਤੁਸੀਂ ਸੰਤ ਹੋ ਨਾ, ਮੈਨੂੰ ਚੰਗੀ ਤਰ੍ਹਾਂ ਦੱਸੋ, ਮੇਰੇ ਮਨ ਵਿਚ ਵੀ ਕਈ ਵੇਰਾਂ ਇਹ ਗੱਲ ਆਉਂਦੀ ਹੈ ਤੇ ਮੈਂ ਆਪਣੀ ਮਾਂ ਨੂੰ ਵੀ ਕਿਹਾ ਸੀ ਕਿ ਤੂੰ ਮੈਥੋਂ ਮਾੜੇ ਕੰਮ ਕਰਵਾ ਰਹੀ ਹੈਂ ਪਰ ਉਸਨੇ ਮੈਨੂੰ ਫੇਰ ਇਸ ਕੰਮ ਵਿਚ ਲਾ ਦਿਤਾ। ਕੀ ਮੈਨੂੰ ਨਿਰਣਾ ਕਰਕੇ ਦੱਸ ਸਕਦੇ ਹੋ, ਮੈਨੂੰ ਵਿਸ਼ਵਾਸ ਦਿਵਾ ਸਕਦੇ ਹੋ ਕਿ ਵਾਕਿਆ ਹੀ ਕੋਈ ਨਰਕ ਸੁਰਗ ਹੈ ਤੇ ਧਰਮਰਾਜ ਹੈ ਜਿਹੜਾ ਲੇਖਾ ਲੈਂਦਾ ਹੈ? ਕਿਉਂਕਿ ਸੁਣਦੇ ਹੀ ਸੁਣਦੇ ਹਾਂ ਪਰ ਦਿਖਾਉਣ ਵਾਲਾ ਤਾਂ ਅੱਜ ਤੱਕ ਕੋਈ ਆਇਆ ਨਹੀਂ। ਮਹਾਤਮਾ ਕਹਿਣ ਲੱਗੇ, ਦੇਖ ਭਾਈ! ਜਾਂ ਤਾਂ ਮਹਾਂਪੁਰਸ਼ਾਂ ਦੀ ਗੱਲ ਤੇ ਵਿਸ਼ਵਾਸ ਕਰ ਲੈ, ਜੇ ਤੈਨੂੰ ਦੇਖੇ ਬਗੈਰ ਵਿਸ਼ਵਾਸ਼ ਨਹੀਂ ਆਉਂਦਾ ਤਾਂ ਦਿਖਾ ਦਿੰਦੇ ਹਾਂ। ਵਿਸ਼ਵਾਮਿਤਰ ਜੀ ਨੇ ਕਿਹਾ ਕਿ ਚੌਂਕੜੀ ਮਾਰ ਕੇ ਬੈਠ। ਬਾਲਮੀਕ ਬੈਠ ਗਿਆ। ਉਹਨਾਂ ਨੇ ਕਿਹਾ ਕਿ ਆ ਸਾਡੇ ਨਾਲ, ਤੈਨੂੰ ਲੈ ਚਲੀਏ ਜਿਥੇ ਤੇਰਾ ਲੇਖਾ ਪੱਤਾ ਹੋਣਾ ਹੈ। ਧਰਮਰਾਜ ਦੀ ਪੁਰੀ ਵਿਚ ਲੈ ਕੇ ਚਲੇ ਗਏ। ਅੱਗੇ ਕੀ ਦੇਖਦਾ ਹੈ ਕਿ-

***ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ॥***
***ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ॥***

***ਪੰਨਾ – 1425***

***ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ॥***
***ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ॥***

***ਪੰਨਾ – 1281***

***ਬਿਰਖੈ ਹੇਠਿ ਸਭਿ ਜੰਤ ਇਕਠੇ॥***
***ਇਕਿ ਤਤੇ ਇਕਿ ਬੋਲਨਿ ਮਿਠੇ॥***
***ਅਸਤੁ ਉਦੋਤੁ ਭਇਆ ਉਠਿ ਚਲੇ***
***ਜਿਉ ਜਿਉ ਅਉਧ ਵਿਹਾਣੀਆ॥***
***ਪਾਪ ਕਰੇਦੜ ਸਰਪਰ ਮੁਠੇ॥***
***ਅਜਰਾਈਲਿ ਫੜੇ ਫੜਿ ਕੁਠੇ॥ ਪੰਨਾ – 1020***

***ਧਾਰਨਾ – ਲੇਖਾ ਮੰਗੇਗਾ ਧਰਮਰਾਜਾ ਬਾਣੀਆ,***
***ਨਿਮਾਣੀ ਤੇਰੀ ਜਿੰਦੜੀ ਤੋਂ -2, 2.***
***ਮੇਰੇ ਪਿਆਰੇ, ਨਿਮਾਣੀ ਤੇਰੀ ਜ਼ਿੰਦੜੀ ਤੋਂ- 2***
***ਲੇਖਾ ਮੰਗੇਗਾ ਧਰਮਰਾਜਾ ਬਾਣੀਆ,.........2***

***ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ॥***
***ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ॥***
***ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ॥***
***ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ॥***
***ਮਨਿ ਅੰਧੈ ਜਨਮੁ ਗਵਾਇਆ॥ ਪੰਨਾ – 464***

ਦੇਖ ਰਿਹਾ ਹੈ; ਮਹਾਤਮਾ ਕਹਿੰਦੇ ਦੇਖ ਲੈ ਕੀ ਹਾਲ ਹੋ ਰਿਹਾ ਹੈ – ਪਾਪ ਕਮਾਉਣ ਵਾਲਿਆਂ ਦਾ –

***ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ॥***
***ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ॥***
***ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ॥***
***ਕਰਮੀ ਆਪੋ ਆਪਣੀ ਆਪੇ ਪਛੁਤਾਣੀ॥***
***ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ॥***

***ਪੰਨਾ – 315***

ਕਈ ਕਹਿਣ ਲੱਗ ਜਾਂਦੇ ਨੇ ਕਿ ਮਹਾਰਾਜ ਜੀ ਨੇ ਤਾਂ ਨਰਕ ਸੁਰਗ ਨੂੰ ਮੰਨਿਆ ਨਹੀਂ ਹੈ। ਇਸ ਤਰ੍ਹਾਂ ਕਹਿ ਕੇ ਤਾਂ ਖਹਿੜਾ ਨਹੀਂ ਛੁਟਣਾ, ਸਗੋਂ ਗੁਰੂ ਨਾਨਕ ਪਾਤਸ਼ਾਹ ਤਾਂ ਫੁਰਮਾਨ ਕਰਦੇ ਨੇ –

***ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ॥***
***ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ॥***
***ਥਾਉ ਨ ਪਾਇਨਿ ਕੂੜਿਆਰ ਮੁਹ ਕਾਲੈ ਦੋਜਕਿ ਚਾਲਿਆ॥***
***ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ॥***
***ਲਿਖਿ ਨਾਵੈ ਧਰਮੁ ਬਹਾਲਿਆ॥ ਪੰਨਾ – 463***

***ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ॥***
***ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ॥***

***ਪੰਨਾ – 38***

ਜਿੰਨੇ ਵੀ ਦ੍ਵੈਤ ਵਾਲੇ ਪੁਰਸ਼ ਹਨ – ਦੂਜਾ ਦੇਖਣ ਵਾਲੇ, ਉਹ ਸਾਰੇ ਧਰਮਰਾਜ ਨੂੰ ਸੌਂਪ ਦਿਤੇ ਤੇ ਕਿਹਾ ਕਿ ਤੂੰ ਉਨ੍ਹਾਂ ਦੇ ਲੇਖੇ ਪੱਤੇ ਕਰ, ਹਿਸਾਬ-ਕਿਤਾਬ ਕਰ।

***ਜਮ ਪੁਰਿ ਬਧੇ ਮਾਰੀਅਨਿ ਕੋ ਸੁਣੈ ਨ ਪੂਕਾਰਾ॥***

***ਪੰਨਾ – 513***

ਜਮਪੁਰੀ ਵਿਚ ਮੁਸ਼ਕਾਂ ਬੰਨ੍ਹ ਕੇ ਇਨ੍ਹਾਂ ਨੂੰ ਮਾਰਿਆ ਜਾਂਦਾ ਹੈ, ਫੇਰ ਇਹਨਾਂ ਦੀ ਕੋਈ ਪੁਕਾਰ ਨਹੀਂ ਸੁਣਦਾ। ਇਸ ਤਰ੍ਹਾਂ ਕਹਿਣ ਨਾਲ ਤਾਂ ਖਹਿੜਾ ਨਹੀਂ ਛੁਟਦਾ ਕਿ ਉਥੇ ਤਾਂ ਕੋਈ ਲੇਖੇ ਪੱਤੇ ਨਹੀਂ ਹੁੰਦੇ। ਜਿਨ੍ਹਾਂ ਨੇ ਬੰਦਗੀ ਕੀਤੀ ਹੈ, ਨਾਮ ਜਪਿਆ ਹੈ, ਜਿਨ੍ਹਾਂ ਨੂੰ ਗਿਆਨ ਦੀ ਦਾਤ ਪ੍ਰਾਪਤ ਹੋਈ ਹੈ, ਉਹਨਾਂ ਦਾ ਲੇਖਾ ਨਹੀਂ ਹੁੰਦਾ। ਉਹਨਾਂ ਨੂੰ ਸੱਚੀ ਦਰਗਾਹ ਵਿਚ ਥਾਂ ਮਿਲਿਆ ਕਰਦਾ ਹੈ –

***ਧਾਰਨਾ – ਦਰਗਹ ਮਿਲਦੈ ਥਾਓਂ,***
***ਗੁਰਾਂ ਨਾਲ ਰੱਤਿਆਂ –2, 2.***

***ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ॥***
***ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ॥***
***ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ॥***
***ਪੰਨਾ – 517***

ਜਿਹੜਾ ਗੁਰੂ ਦੇ ਨਾਲ, ਪਿਆਰ ਵਿਚ ਜ਼ਿੰਦਗੀ ਗੁਜ਼ਾਰਦਾ ਹੈ, ਗੁਰੂ ਦੇ ਹੁਕਮ ਵਿਚ ਰਹਿੰਦਾ ਹੈ, ਅੰਤਰਮੁਖ ਹੋ ਕੇ ਤੇ ਬਾਹਰ ਮੁਖ ਹੋ ਕੇ ਗੁਰੂ ਦਾ ਨਾਮ ਜਪਦਾ ਰਹਿੰਦਾ ਹੈ, ਨੇਤਰਾਂ ਨਾਲ ਗੁਰੂ ਦੇ ਦਰਸ਼ਨ ਕਰਦਾ ਹੈ, ਕੰਨਾਂ ਨਾਲ ਗੁਰੂ ਦੀ ਬਾਣੀ ਸੁਣਦਾ ਹੈ ਅਤੇ ਹਰ ਵਕਤ ਗੁਰੂ ਦੇ ਪਿਆਰ ਵਿਚ ਰੱਤਿਆ ਰਹਿੰਦਾ ਹੈ, ਉਸ ਨੂੰ ਗੁਰੂ ਦੀ ਸੱਚੀ ਦਰਗਾਹ ਪ੍ਰਾਪਤ ਹੁੰਦੀ ਹੈ ਤੇ ਪਾਪੀਆਂ ਨੂੰ ਇਸ ਧਰਮਰਾਜ ਦੀ ਪੁਰੀ ਵਿਚ ਜਾਣਾ ਪੈਂਦਾ ਹੈ। ਕਹਿਣ ਲੱਗੇ, ਦੇਖ ਲਿਆ ਬਾਲਮੀਕ! ਚਲ ਹੁਣ ਵਾਪਸ ਚਲੀਏ। ਵਾਪਸ ਕਿਥੇ ਲਿਜਾਣਾ ਸੀ, ਸਿਰ ਤੋਂ ਛਟੀ ਚੁਕ ਦਿਤੀ, ਕਹਿਣ ਲੱਗੇ ਕਿ ਸਾਰਾ ਵਰਤਾਰਾ ਅੱਖਾਂ ਨਾਲ ਦੇਖ ਲਿਆ? ਕਹਿੰਦਾ, ਹਾਂ ਮਹਾਰਾਜ। ਹੁਣ ਕੰਬੀ ਜਾ ਰਿਹਾ ਹੈ। ਮਹਾਂਪੁਰਸ਼ ਕਹਿੰਦੇ, ਇਹ ਲੇਖਾ ਤੈਨੂੰ ਵੀ ਦੇਣਾ ਪਏਗਾ, ਫੇਰ ਤੂੰ ਔਖਾ ਹੋਵੇਂਗਾ ਤੇ ਰੋ ਰੋ ਕੇ ਪੁਕਾਰ ਕਰੇਂਗਾ, ਫੇਰ ਕਿਸੇ ਨੇ ਤੇਰੀ ਫਰਿਆਦ ਨਹੀਂ ਸੁਣਨੀ। ਬਾਲਮੀਕ ਕਹਿਣ ਲੱਗਿਆ, "ਮਹਾਰਾਜ! ਕੋਈ ਐਸਾ ਤਰੀਕਾ ਵੀ ਹੈ ਜਿਸ ਨਾਲ ਮੈਨੂੰ ਇਹ ਲੇਖਾ ਨਾ ਦੇਣਾ ਪਵੇ ਤੇ ਧਰਮਰਾਜ ਦੀ ਕਚਹਿਰੀ ਵਿਚ ਨਾ ਜਾਣਾ ਪਵੇ?" ਮਹਾਤਮਾ ਕਹਿਣ ਲੱਗੇ ਤੂੰ ਕਿ ਜਿਹਨਾਂ ਵਾਸਤੇ ਪਾਪ ਕਰਦਾ ਹੈਂ, ਉਨ੍ਹਾਂ ਤੋਂ ਜਾ ਕੇ ਪੁਛ ਕੇ ਆ ਕਿ ਉਨ੍ਹਾਂ 'ਚੋਂ ਕੋਈ ਤੇਰੀ ਸਹਾਇਤਾ ਕਰੇਗਾ? ਅੱਜ ਦਾ ਸਰਕਾਰੀ ਕਰਮਚਾਰੀ ਰਿਸ਼ਵਤਾਂ ਲੈਂਦਾ ਹੈ, ਦੁੱਧ ਵੇਚਣ ਵਾਲਾ ਦੁੱਧ ਵਿਚ ਮਿਲਾਵਟ ਕਰਦ ਹੈ, ਘਿਓ ਦੇ ਵਿਚ ਚਰਬੀ ਪਾ ਕੇ ਵੇਚਦਾ ਹੈ; ਕਿਤੇ ਤਾਂ ਇਨਸਾਫ ਦੀ ਗੱਲ ਕਰ। ਤੇਰੀ ਸਾਰੀ ਜ਼ਿੰਦਗੀ ਵਿਚ ਮਿਲਾਵਟ ਹੀ ਮਿਲਾਵਟ ਹੈ, ਕਿਤੇ ਤਾਂ ਨਿਆਂ ਦੀ ਗੱਲ ਕਰ। ਪ੍ਰੇਮੀਆਂ, ਸਾਰਾ ਉਹਲਾ ਹੀ ਉਹਲਾ ਹੈ। ਇਸ ਪੈਸੇ ਨੂੰ ਕੀ ਕਰੇਂਗਾ? ਦਰਗਾਹ ਵਿਚ ਲੇਖਾ ਦੇਣਾ ਪਵੇਗਾ –

***ਬਹੁ ਪਰਪੰਚ ਕਰਿ ਪਰ ਧਨੁ ਲਿਆਵੈ॥***
***ਸੁਤ ਦਾਰਾ ਪਹਿ ਆਨਿ ਲੁਟਾਵੈ॥***
***ਮਨ ਮੇਰੇ ਭੂਲੇ ਕਪਟੁ ਨ ਕੀਜੈ॥***
***ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ॥ ਪੰਨਾ – 656***

ਉਹ ਦਿਨ ਤਾਂ ਆਇਆ ਖੜ੍ਹਾ ਹੈ ਪ੍ਰੇਮੀਆਂ, ਜਦੋਂ ਤੈਥੋਂ ਹਿਸਾਬ ਕਿਤਾਬ ਪੁਛਿਆ ਜਾਏਗਾ। ਉਹ ਦਿਨ ਕਿਥੇ ਗਏ, ਜਦੋਂ ਬਚਪਨ ਸੀ? ਉਸ ਵੇਲੇ ਚਿਤ ਚੇਤਾ ਵੀ ਨਹੀਂ ਸੀ ਕਿ ਸੰਸਾਰ ਤੋਂ ਜਾਣਾ ਹੈ। ਬਚਪਨ ਨੂੰ ਜੁਆਨੀ ਖਾ ਗਈ, ਜੁਆਨੀ ਨੂੰ ਬੁਢੇਪਾ ਖਾ ਗਿਆ ਤੇ ਬੁਢਾਪੇ ਦਾ ਹਰ ਪਲ, ਕਾਲ ਵੱਲ ਨੂੰ ਵਧਦਾ ਜਾ ਰਿਹਾ ਹੈ ਤੇ ਇਸ ਨੂੰ ਕਾਲ ਨੇ ਖਾ ਲੈਣਾ ਹੈ, ਪਤਾ ਨਹੀਂ ਕਿਹੜੇ ਵੇਲੇ ਕਾਲ ਦਾ ਗੁਲੇਲਾ ਵੱਜ ਜਾਵੇ, ਮੌਤ ਦਾ ਝਪਟਾ ਵੱਜ ਜਾਵੇ।

***ਦਿਨ ਤੇ ਪਹਰ ਪਹਰ ਤੇ ਘਰੀਆਂ ਆਵ ਘਟੈ ਤਨੁ ਛੀਜੈ॥***
***ਕਾਲੁ ਅਹੇਰੀ ਫਿਰੈ ਬਧਿਕ ਜਿਉ ਕਹਹੁ ਕਵਨ ਬਿਧਿ ਕੀਜੈ॥***
***ਪੰਨਾ – 692***

ਦਸੋ ਤਾਂ ਸਹੀ ਕਿਹੜਾ ਤਰੀਕਾ ਹੈ ਜਿਸ ਨਾਲ ਕਾਲ ਕੋਲੋਂ ਬਚਿਆ ਜਾ ਸਕਦਾ ਹੈ? ਕੋਈ ਤਰੀਕਾ ਹੈ? ਝਪਟਾ ਪੈਣ ਵਾਲਾ ਹੀ ਹੈ ਪ੍ਰੇਮੀਆ! ਸਾਰੀ ਜ਼ਿੰਦਗੀ ਬਿਤਾ ਲਈ ਖੋਟੇ ਕਰਮਾਂ ਵਿਚ, ਫੇਰ ਪਛਤਾਉਣਾ ਪੈ ਜਾਵੇਗਾ।

***ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ॥***
***ਨਾਨਕ ਸਮਿਓ ਰਮਿ ਗਇਓ ਅਬ ਕਿਉ ਰੋਵਤ ਅੰਧ॥***
***ਪੰਨਾ – 1428***

ਫੇਰ ਰੋਂਦਾ ਹੈ। ਫੇਰ ਰੋਣ ਦਾ ਕੀ ਫਾਇਦਾ? ਜਦੋਂ ਸਮਾਂ ਸੀ, ਉਦੋਂ ਤਾਂ ਗੱਲ ਮੰਨੀ ਨਹੀਂ।

***ਧਾਰਨਾ – ਰੋਵੇਂਗੀ ਜਿੰਦੇ ਵੇਲਾ ਹੱਥ ਨਹੀਂ ਆਉਣਾ–2,2***

***ਏਹ ਭੂਪਤਿ ਰਾਣੇ ਰੰਗ ਦਿਨ ਚਾਰਿ ਸੁਹਾਵਣਾ॥***
***ਪੰਨਾ – 645***

ਚਾਰ ਦਿਨਾਂ ਦੀ ਖੇਡ ਹੈ; ਕੋਈ ਰਾਜਾ ਬਣ ਗਿਆ, ਕੋਈ ਅਮੀਰ ਬਣ ਗਿਆ, ਕੋਈ ਵੱਡਾ ਠੇਕੇਦਾਰ ਬਣ ਗਿਆ, ਕੋਈ ਵੱਡਾ ਮਾਇਆਧਾਰੀ, ਜ਼ਮੀਨ ਜਾਇਦਾਦ ਵਾਲਾ ਬਣ ਗਿਆ, ਕੋਈ ਵੱਡਾ ਕਾਰਖਾਨੇਦਾਰ ਬਣ ਗਿਆ –

***ਏਹੁ ਮਾਇਆ ਰੰਗੁ ਕੁਸੰਭ ਖਿਨ ਮਹਿ ਲਹਿ ਜਾਵਣਾ॥***
***ਪੰਨਾ – 645***

ਇਹ ਮਾਇਆ ਦਾ ਰੰਗ ਅੱਖ ਦੇ ਝਪਕੇ ਜਿੰਨੇ ਚਿਰ ਵਿਚ ਲਹਿ ਜਾਵੇਗਾ –

***ਚਲਦਿਆ ਨਾਲਿ ਨ ਚਲੈ ਸਿਰਿ ਪਾਪ ਲੈ ਜਾਵਣਾ॥***
***ਜਾਂ ਪਕੜਿ ਚਲਾਇਆ ਕਾਲਿ ਤਾਂ ਖਰਾ ਡਰਾਵਣਾ॥***
***ਪੰਨਾ – 645***

ਮਹਾਤਮਾ ਕਹਿਣ ਲੱਗੇ, ਬਾਲਮੀਕ! ਫੇਰ ਹੱਥ ਵਿਚ ਪਛਤਾਵਾ ਰਹਿ ਜਾਵੇਗਾ। ਜਿਨ੍ਹਾਂ ਵਾਸਤੇ ਤੂੰ ਪਾਪ ਕਰ ਰਿਹਾ ਹੈਂ, ਇਹ ਦੱਸ ਕਿ ਤੇਰੀ ਸਹਾਇਤਾ ਕਰਨਗੇ? ਕਹਿੰਦਾ ਕਿਉਂ ਨਹੀਂ ਕਰਨਗੇ, ਮਹਾਰਾਜ? ਮਾਂ ਮੈਨੂੰ ਬੜਾ ਪਿਆਰ ਕਰਦੀ ਹੈ, ਘਰਵਾਲੀ ਪਿਆਰ ਕਰਦੀ ਹੈ, ਲੜਕੀ ਪਿਆਰ ਕਰਦੀ ਹੈ, ਲੜਕਾ ਕਰਦਾ ਹੈ। ਕਹਿੰਦੇ ਜਾਹ ਪੁਛ ਕੇ ਆ।

***ਘਰਿ ਵਿਚਿ ਪੁਛਣ ਘਲਿਆ ਅੰਤਕਾਲ ਹੈ ਕੋਇ ਆਸਾੜਾ॥***
***ਭਾਈ ਗੁਰਦਾਸ ਜੀ, ਵਾਰ 10/19***

ਜਾ ਕੇ ਮਾਂ ਨੂੰ ਕਹਿਣ ਲੱਗਿਆ ਕਿ ਮਾਂ! ਤੂੰ ਮੈਥੋਂ ਬੰਦੇ ਮਰਵਾਈ ਜਾਂਦੀ ਹੈਂ, ਤੂੰ ਮੈਨੂੰ ਪੁੱਠੇ ਕੰਮ ਵਿਚ ਲਾਇਆ ਹੈ ਤੇ ਜਦੋਂ ਮੈਂ ਦਰਗਾਹ ਵਿਚ ਜਾ ਕੇ ਲੇਖਾ ਪੱਤਾ ਦੇਣਾ ਹੈ,

ਉਸ ਵੇਲੇ ਤੂੰ ਮੇਰੀ ਸਹਾਇਤਾ ਕਰੇਂਗੀ? ਮੈਂ ਅੱਖਾਂ ਨਾਲ ਦੇਖ ਲਿਆ ਹੈ ਕਿ ਪਾਪ ਕਰਨ ਵਾਲਿਆਂ ਨਾਲ ਉਥੇ ਕੀ ਵਰਤਦੀ ਹੈ। ਕਹਿਣ ਲੱਗੀ ਤੈਨੂੰ ਡਰਾ ਦਿਤਾ ਉਨ੍ਹਾਂ ਨੇ, ਤੂੰ ਉਨ੍ਹਾਂ ਦੀਆਂ ਗੱਲਾਂ 'ਚ ਆ ਗਿਆ। ਕਹਿੰਦਾ, ਮਾਂ! ਹੁਣ ਤੂੰ ਮੇਰੇ ਨਾਲ ਇਹੋ ਜਿਹੀ ਗੱਲ ਨਾ ਕਰ, ਕਿਉਂਕਿ ਐਸੀ ਮਾਤਾ ਲਈ ਤਾਂ ਮਹਾਰਾਜ ਨੇ ਬੜੀ ਕਰੜੀ ਭਾਸ਼ਾ ਵਰਤੀ ਹੈ –

*ਧਾਰਨਾ– ਜੇ ਤੈਂ ਭਗਤ ਪੁੱਤਰ ਨਹੀਂ ਸੀ ਜੰਮਣਾ,*
*ਵਿਧਵਾ ਹੋ ਜਾਂਦੀ –2, 2.*
*ਮੇਰੇ ਪਿਆਰੇ, ਵਿਧਵਾ ਹੋ ਜਾਂਦੀ – 2, 2.*
*ਜੇ ਤੈਂ ਭਗਤ ਪੁੱਤਰ ਨਹੀਂ ਸੀ ਜੰਮਣਾ,..2*

*ਜਿਹ ਕੁਲਿ ਪੂਤੁ ਨਾ ਗਿਆਨ ਬੀਚਾਰੀ॥*
*ਬਿਧਵਾ ਕਸ ਨ ਭਈ ਮਹਤਾਰੀ॥ ਪੰਨਾ – 328*

ਕਿਉਂ ਵਿਧਵਾ ਹੋ ਜਾਂਦੀ?

*ਤਨਕ ਤਮਾਕੂ ਸੇਵੀਐ ਦੇਵ ਪਿਤਰ ਤਜਿ ਜਾਇ॥*
*ਪਾਣੀ ਤਾ ਕੇ ਹਾਥ ਕਉ ਮਧਰਾ ਸਮ ਅਘਦਾਇ॥*
*ਮਦਰਾ ਦਹਤੀ ਸਪਤ ਕੁਲ ਭਾਂਗ ਦਹੈ ਤਨ ਏਕ॥*
*ਜਗਤ ਜੂਠ ਸ਼ਤ ਕੁਲ ਦਹੈ ਨਿੰਦਾ ਦਹੈ ਅਨੇਕ॥*

ਸ਼ਰਾਬ ਪੀਣ ਵਾਲਾ ਜਿਸ ਕੁਲ ਵਿਚ ਹੋਵੇ, ਉਸ ਦੀਆਂ ਸੱਤ ਕੁਲਾਂ ਨਾਸ਼ ਹੋ ਜਾਂਦੀਆਂ ਹਨ। ਭੰਗ ਪੀਣ ਵਾਲੇ ਦੀ ਇਕ ਕੁਲ ਦਾ ਨਾਸ਼ ਹੁੰਦਾ ਹੈ – 'ਭਾਂਗ ਦਹੈ ਤਨ ਏਕ'; ਤਮਾਕੂ ਪੀਣ ਵਾਲਾ ਜਿਸ ਕੁਲ ਵਿਚ ਹੋਵੇ ਉਹ ਆਪਣੀ ਸੌ ਕੁਲ ਦਾ ਨਾਸ਼ ਕਰ ਦਿਆ ਕਰਦੈ – 'ਜਗਤ ਜੂਠ ਸ਼ਤ ਕੁਲ ਦਹੈ ਨਿੰਦਾ ਦਹੈ ਅਨੇਕ॥' ਨਿੰਦਾ ਕਰਨ ਵਾਲੇ ਦੀ ਸਜ਼ਾ ਗਿਣਤੀ ਮਿਣਤੀ ਤੋਂ ਬਾਹਰ ਹੈ। ਇਸ ਬਾਰੇ ਵਿਚਾਰ ਹੈ ਕਿ ਜਿਹੜੇ ਬਜ਼ੁਰਗ ਦੇਵਤੇ ਬਣੇ ਹੋਏ ਹਨ, ਪਿਤਰ ਲੋਕ ਵਿਚ ਵਾਸਾ ਕਰਦੇ ਹਨ ਤੇ ਆਪਣੇ ਖਾਨਦਾਨ ਦੀ ਸਹਾਇਤਾ ਕਰਦੇ ਹਨ, ਉਹ ਸਭ ਛੱਡ ਜਾਂਦੇ ਹਨ ਕਿ ਸਾਨੂੰ ਨਰਕਾਂ ਵਿਚ ਸੁੱਟਣ ਵਾਲਾ ਆ ਗਿਆ। ਉਹ ਬੇਦਾਵਾ ਦੇ ਦਿੰਦੇ ਹਨ ਜਿਵੇਂ ਨਲਾਇਕ ਪੁੱਤਰ ਨੂੰ ਇਥੇ ਬੇਦਖਲ ਕਰ ਦਿੰਦੇ ਹਨ। ਕਹਿਣ ਲੱਗਿਆ, ਮਾਂ ਤੂੰ ਮੈਨੂੰ ਮਾੜੇ ਉਪਦੇਸ਼ ਦੇ ਕੇ ਇਸ ਪਾਸੇ ਲਾਇਆ ਹੈ, ਹੁਣ ਤੂੰ ਮੇਰੀ ਦਰਗਾਹ ਵਿਚ ਸਹਾਇਤਾ ਕਰੇਂਗੀ? ਕਹਿੰਦੀ ਦਰਗਾਹ ਵਿਚ ਕੌਣ ਸਹਾਇਤਾ ਕਰ ਸਕਦਾ ਹੈ; ਮੈਂ ਅੱਡ ਮਰਨਾਂ ਹੈ, ਤੂੰ ਅੱਡ ਮਰਨਾ ਹੈ। ਕਹਿਣ ਲੱਗਿਆ ਫੇਰ ਐਵੇਂ ਹੀ ਮੈਨੂੰ ਉਲਟੇ ਕੰਮ ਵਿਚ ਲਾ ਰਖਿਆ? ਕਹਿੰਦੀ, ਤੇਰਾ ਫਰਜ਼ ਹੈ; ਮੈਂ ਤੈਨੂੰ ਪਾਲਿਆ, ਨੌ ਮਹੀਨੇ ਪੇਟ 'ਚ ਰੱਖਿਆ, ਤਕਲੀਫਾਂ ਸਹਾਰੀਆਂ, ਹੁਣ ਤੇਰੀ ਡਿਊਟੀ ਹੈ ਕਿ ਮੈਨੂੰ ਰੋਟੀ ਲਿਆ ਕੇ ਦੇਹ, ਭਾਵੇਂ ਚੰਗਾ ਕੰਮ ਕਰਕੇ ਲਿਆ ਭਾਵੇਂ ਮਾੜਾ ਕੰਮ ਕਰਕੇ ਲਿਆ। ਕਹਿੰਦਾ, ਤੂੰ ਮੈਨੂੰ ਪੁਠੇ ਰਸਤੇ ਲਾ ਦਿਤਾ। ਕਹਿੰਦੀ ਤੇਰਾ ਵੀ ਤਾਂ ਦਿਮਾਗ ਸੀ, ਤੂੰ ਸੋਚ ਲੈਂਦਾ ਅਤੇ ਜਵਾਬ ਦੇ ਦਿੰਦਾ। ਘਰਵਾਲੀ ਕੋਲ ਗਿਆ ਤੇ ਉਸ ਨੂੰ ਪੁਛਦਾ ਹੈ ਕਿ ਤੂੰ ਦਰਗਾਹ ਵਿਚ ਸਹਾਇਤਾ ਕਰੇਂਗੀ? ਕਹਿਣ ਲੱਗੀ ਸੁਆਮੀ ਜੀ! ਮੈਨੂੰ ਤਾਂ ਮੇਰੇ ਘਰ ਦਿਆਂ ਨੇ ਤੁਹਾਡੇ ਲੜ ਲਾਇਆ ਹੈ, ਮੈਨੂੰ ਨਹੀਂ ਪਤਾ ਤੂੰ ਚੋਰੀ ਕਰਕੇ ਲਿਆਉਂਦਾ ਹੈਂ, ਡਾਕੇ ਮਾਰਦਾ ਹੈਂ, ਜਾਂ ਕਤਲ ਕਰਕੇ ਲਿਆਉਂਦਾ ਹੈ। ਮੇਰੀ ਡਿਊਟੀ ਤਾਂ ਬੱਚਿਆਂ ਨੂੰ ਪਾਲਣਾ ਹੈ ਅਤੇ ਤੇਰੀ ਡਿਊਟੀ ਕਮਾਈ ਕਰਨੀ; ਚਾਹੇ ਸ਼ੁਧ ਕਮਾਈ ਕਰ, ਭਾਵੇ ਪਾਪ ਦੀ ਕਰ, ਮੈਂ ਤੇਰੇ ਕਰਮ ਦੀ ਜ਼ਿੰਮੇਵਾਰ ਨਹੀਂ, ਮੈਂ ਤਾਂ ਆਪਣੇ ਕਰਮ ਦੀ ਜ਼ਿੰਮੇਵਾਰ ਹਾਂ। ਲੜਕੀ ਕੋਲ ਗਿਆ, ਲੜਕੇ ਕੋਲ ਗਿਆ, ਸਾਰਿਆਂ ਨੇ ਜਵਾਬ ਦੇ ਦਿਤਾ ਕਿ ਦਰਗਾਹ ਵਿਚ ਅਸੀਂ ਤੇਰੀ ਕੋਈ ਸਹਾਇਤਾ ਨਹੀਂ ਕਰ ਸਕਦੇ, ਮਹਾਰਾਜ ਕਹਿੰਦੇ ਹਨ –

*ਅਨ ਕਾਏ ਰਾਤੜਿਆ ਵਾਟ ਦੁਹੇਲੀ ਰਾਮ॥*
*ਪੰਨਾ – 546*

ਤੂੰ ਉਲਟਿਆਂ ਕੰਮਾਂ ਵਿਚ ਪਿਆ ਹੋਇਆ ਹੈਂ, ਤੈਨੂੰ ਪਤਾ ਵੀ ਹੈ ਕਿ ਰਸਤਾ ਕਿਹੋ ਜਿਹਾ ਹੈ? ਇਹ ਰਸਤਾ ਦੁਹੇਲਾ ਹੈ।

*ਬਾਰਿ ਵਿਡਾਨੜੈ ਹੁੰਮਸ ਧੁੰਮਸ ਕੂਕਾ ਪਈਆ ਰਾਹੀ॥*
*ਪੰਨਾ – 520*

ਉਥੇ ਕੂਕਾਂ ਮਾਰਦੇ ਜਾਂਦੇ ਹਨ ਤੇ ਜੀਵ ਦੀ ਕੁਟ ਮਾਰ ਹੁੰਦੀ ਹੈ। ਧਿਆਨ ਦਿਤਾ ਹੈ ਕਦੀ ਕਿ ਅਸੀਂ ਇਸ ਰਸਤੇ ਜਾਣਾ ਹੈ?

*ਪਾਪ ਕਮਾਵਦਿਆ ਤੇਰਾ ਕੋਇ ਨ ਬੇਲੀ ਰਾਮ॥*
*ਪੰਨਾ – 546*

ਉਥੇ ਕਿਸੇ ਨੇ ਤੇਰਾ ਬੇਲੀ ਨਹੀਂ ਬਣਨਾ। ਜਿਨ੍ਹਾਂ ਨੂੰ ਤੂੰ ਬੇਲੀ ਸਮਝਦਾ ਹੈਂ, ਮਿੱਤਰ ਸਮਝਦਾ ਹੈਂ, ਉਹ ਤਾਂ ਤੇਰੇ ਸੁਖਾਂ ਦੇ ਸਾਥੀ ਹਨ, ਤੇਰੇ ਦੁਖਾਂ ਦੇ ਸਾਥੀ ਨਹੀਂ ਹਨ –

*ਧਾਰਨਾ – ਤੇਰੇ ਸੁਖਾਂ ਦੇ ਸੰਗੀ ਨੇ ਸਾਰੇ*
*ਦੁਖਾਂ ਵਿਚ ਕੋਈ ਨ ਬਣੇ –2, 2.*

*ਸੁਖ ਮੈ ਆਨਿ ਬਹੁਤੁ ਮਿਲਿ ਬੈਠਤ ਰਹਤ ਚਹੂ ਦਿਸਿ ਘੇਰੈ॥*
*ਬਿਪਤਿ ਪਰੀ ਸਭ ਹੀ ਸੰਗੁ ਛਾਡਿਤ ਕੋਊ ਨ ਆਵਤ ਨੇਰੈ॥*
*ਪੰਨਾ – 634*

ਸੁਖਾਂ ਦੇ ਵਿਚ ਤਾਂ ਚਾਰੇ ਪਾਸਿਓਂ ਘੇਰ ਕੇ ਬੈਠ ਜਾਂਦੇ ਹਨ ਤੇ ਜਾਣ ਪਛਾਣ ਕੱਢ ਲੈਂਦੇ ਹਨ; ਕੋਈ ਕਹੇਗਾ ਕਿ ਮੇਰਾ ਤਾਇਆ ਲੱਗਦਾ ਹੈ, ਕੋਈ ਕਹੇਗਾ ਚਾਚਾ ਲਗਦਾ ਹੈ, ਕੋਈ ਕਹੇਗਾ ਮਾਮਾ ਲਗਦਾ ਹੈ ਅਤੇ ਕੋਈ ਕਹਿੰਦਾ ਹੈ ਮੇਰਾ ਮਿਤਰ ਹੈ। ਜਦੋਂ ਬਿਪਤਾ ਪੈਂਦੀ ਹੈ ਉਸ ਵੇਲੇ ਕੋਈ ਸੰਸਾਰ ਵਿਚ ਐਸਾ ਨਹੀਂ ਨਿਕਲਦਾ ਜਿਹੜਾ ਹਾਮੀ ਭਰ ਦੇਵੇ।

*ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ ਸਦਾ ਰਹਤ ਸੰਗ ਲਾਗੀ॥*
*ਜਬ ਹੀ ਹੰਸ ਤਜੀ ਇਹ ਕਾਂਇਆ ਪ੍ਰੇਤ ਪ੍ਰੇਤ ਕਰਿ ਭਾਗੀ॥*
*ਪੰਨਾ – 634*

ਸੋ ਸੰਸਾਰ ਦਾ ਐਸ ਤਰ੍ਹਾਂ ਦਾ ਸੰਬੰਧ ਹੈ। ਬਾਲਮੀਕ ਉਦਾਸ ਹੋ ਗਿਆ ਤੇ ਕਹਿਣ ਲੱਗਿਆ ਕਿ ਮੈਂ ਤੁਹਾਡੇ ਵਾਸਤੇ ਐਵੇਂ ਪਾਪ ਕਰਦਾ ਰਿਹਾ, ਇਹ ਤਾਂ ਲੇਖੇ ਮੈਨੂੰ ਦੇਣੇ ਪੈਣਗੇ। ਮਹਾਂਪੁਰਸ਼ਾਂ ਕੋਲ ਵਾਪਸ ਆ ਗਿਆ, ਆ ਕੇ ਰੋਈ ਜਾਂਦਾ ਹੈ; ਕੁਹਾੜਾ ਸੁਟ ਦਿੱਤਾ, ਕਿਉਂਕਿ ਪੂਰਾ ਮਿਲ ਗਿਆ। ਮਹਾਰਾਜ ਫੁਰਮਾਨ ਕਰਦੇ ਨੇ –

*ਸੁਨਿ ਸਾਖੀ ਮਨ ਜਪਿ ਪਿਆਰ॥*
*ਅਜਾਮਲੁ ਉਧਰਿਆ ਕਹਿ ਏਕ ਬਾਰ॥*
*ਬਾਲਮੀਕੈ ਹੋਆ ਸਾਧਸੰਗੁ॥ ਪੰਨਾ – 1192*

ਬਾਲਮੀਕ ਨੂੰ ਐਸੇ ਪੂਰੇ ਸਾਧੂਆਂ ਦੀ ਸੰਗਤ ਹੋ ਗਈ ਜਿਹੜੇ ਪ੍ਰਮੇਸ਼ਰ ਦੇ ਨਾਲ ਮਿਲੇ ਹੋਏ ਸੀ, ਜਿਨ੍ਹਾਂ ਨੇ ਹਰੀ ਦੇ ਨਾਮ ਦਾ ਰਸ ਪੀਤਾ ਹੋਇਆ ਸੀ। ਸੋ ਐਸੇ ਪ੍ਰਮੇਸ਼ਰ ਨੂੰ ਜਾਨਣ ਵਾਲੇ ਮਹਾਂਪੁਰਸ਼ਾਂ ਦੀ ਸੰਗਤ ਹੋਣ ਦੇ ਨਾਲ, ਵਾਪਸ ਆ ਕੇ ਕਹਿਣ ਲਗਿਆ ਕਿ ਮਹਾਰਾਜ! ਮੈਂ ਤਾਂ ਭੁਲਿਆ ਹੀ ਰਿਹਾ, ਬੁਰੇ ਕੰਮ ਕਰਦਾ ਰਿਹਾ।

***ਘਰਿ ਵਿਚਿ ਪੁਛਣ ਘਲਿਆ ਅੰਤਕਾਲ ਹੈ ਕੋਇ ਆਸਾੜਾ।***
***ਭਾਈ ਗੁਰਦਾਸ ਜੀ, ਵਾਰ 10/19***

ਕਹਿੰਦਾ ਮਹਾਰਾਜ! ਘਰਦਿਆਂ ਵਿਚੋਂ ਤਾਂ ਕੋਈ ਬੇਲੀ ਨਹੀਂ ਹੈ। ਰੋਈ ਜਾਂਦਾ ਹੈ, ਕਹਿੰਦਾ ਮੈਂ ਤਾਂ ਜਨਮ ਬਰਬਾਦ ਕਰ ਲਿਆ। ਵੈਰਾਗ ਦੀ ਸੱਟ ਹੈ, ਕਿਤੋਂ ਲੱਗ ਜਾਵੇ; ਜਿੰਨਾ ਚਿਰ ਵੈਰਾਗ ਨਹੀਂ ਲੱਗਦਾ ਮਾਇਆ ਨਹੀਂ ਛੁਟਿਆ ਕਰਦੀ। ਵੈਰਾਗ ਵੀ ਤਿੰਨ ਕਿਸਮ ਦਾ ਹੁੰਦਾ ਹੈ। ਇਕ ਵੈਰਾਗ ਹੁੰਦਾ ਹੈ ਕਿ ਮਾੜਾ ਜਿਹਾ ਝਟਕਾ ਲੱਗੇ, ਜਿਵੇਂ ਘਰ ਵਿਚ ਪੈਸੇ ਦੀ ਕਮੀ ਆ ਜਾਵੇ, ਕਲੇਸ਼ ਆ ਜਾਵੇ, ਘਰ ਛੱਡ ਕੇ ਤੁਰ ਜਾਏਗਾ। ਬਾਹਰ ਜਾ ਕੇ ਡੇਰਾ ਬਣਾ ਲਿਆ, ਪੈਸੇ ਫੇਰ ਆਉਣ ਲੱਗ ਪਏ, ਫੇਰ ਵਿਕਾਰਾਂ ਵਿਚ ਪੈ ਜਾਂਦਾ ਹੈ ਕਿਉਂਕਿ ਮਨ ਵੈਰਾਗੀ ਨਹੀਂ ਹੋਇਆ। ਇਹ ਵੈਰਾਗ ਹਾਲਾਤ ਕਰਕੇ ਹੋਇਆ ਸੀ ਤੇ ਇਸ ਨੂੰ ਗਧਾ ਵੈਰਾਗ ਕਹਿੰਦੇ ਹਨ। ਦੂਸਰਾ ਵੈਰਾਗ ਹੁੰਦਾ ਹੈ ਕਿ ਘਰ ਵਿਚ ਲੜਾਈ ਹੋ ਗਈ, ਬੱਚਿਆਂ ਨੇ ਨਿਰਾਦਰ ਕਰ ਦਿਤਾ, ਪਰਸ਼ਾਦਾ ਚੰਗੀ ਤਰ੍ਹਾਂ ਨਹੀਂ ਮਿਲਦਾ, ਇਜ਼ਤ ਨਹੀਂ ਮਿਲਦੀ ਤੇ ਇਸ ਕਰਕੇ ਘਰ ਬਾਰ ਛੱਡ ਕੇ ਤੁਰ ਗਿਆ। ਮਹੀਨਾ ਦੋ ਮਹੀਨੇ ਕਿਤੇ ਜਾ ਕੇ ਡੇਰੇ ਵਿਚ ਬਹਿ ਗਿਆ, ਦੇਖਦਾ ਹੈ ਕਿ ਕੋਈ ਟੋਲ੍ਹਣ ਵਾਲਾ ਹੀ ਨਹੀਂ ਆਇਆ। ਉਥੇ ਕਿਸੇ ਨੂੰ ਜਾਨਣ ਵਾਲੇ ਨੂੰ ਮਿਲ ਗਿਆ ਤੇ ਉਹਦੇ ਹੱਥ ਸੁਨੇਹਾ ਭੇਜਦਾ ਹੈ ਕਿ ਸਾਡੇ ਘਰ ਦੱਸ ਦਈਂ ਕਿ ਮੈਂ ਇਥੇ ਰਾੜੇ ਸਾਹਿਬ ਬੈਠਾ ਹਾਂ। ਘਰਵਾਲੇ ਜਾਂਦੇ ਨੇ, ਉਧਰ ਸ਼ਰੀਕ ਮਿਹਣੇ ਦਿੰਦੇ ਨੇ ਕਹਿੰਦੇ ਦੇਖੋ, ਇਕੋ ਇਕ ਬਜ਼ੁਰਗ ਸੀ, ਉਸ ਦੀ ਸੇਵਾ ਨਹੀਂ ਕਰ ਸਕੇ, ਵਿਚਾਰੇ ਨੂੰ ਘਰੋਂ ਕੱਢ ਦਿਤਾ। ਪੰਜ-ਚਾਰ ਬੰਦੇ ਇਕੱਠੇ ਹੋ ਕੇ ਜਾਂਦੇ ਹਨ ਤੇ ਸਮਝਾ ਕੇ ਵਾਪਸ ਫੇਰ ਘਰ ਲੈ ਆਉਂਦੇ ਹਨ, ਪਰ ਉਹ ਤਾਂ ਪਹਿਲਾਂ ਹੀ ਘਰ ਆਉਣ ਵਾਸਤੇ ਤਿਆਰ ਬੈਠਾ ਸੀ। ਇਸ ਨੂੰ ਘੋੜਾ ਵੈਰਾਗ ਕਹਿੰਦੇ ਹਨ। ਤੀਸਰਾ ਸ਼ੇਰ ਵੈਰਾਗ ਹੁੰਦਾ ਹੈ। ਵੈਰਾਗ ਤਾਂ ਵੈਸੇ ਨੌਂ ਕਿਸਮ ਦਾ ਹੁੰਦਾ ਹੈ ਪਰ ਮੈਂ ਮੋਟੀ ਜਿਹੀ ਗੱਲ ਦੱਸਦਾ ਹਾਂ। ਇਸ ਤਰ੍ਹਾਂ ਹੁੰਦਾ ਹੈ ਕਿ ਦਿਲ ਨੂੰ ਸੱਟ ਲੱਗ ਜਾਂਦੀ ਹੈ ਕਿ ਐਵੇਂ ਜਨਮ ਬਰਬਾਦ ਕਰ ਲਿਆ ਤੇ ਜਿਹਨਾਂ ਦੇ ਵਾਸਤੇ ਕਰਿਆ ਹੈ, ਉਹ ਮੇਰੀ ਸਹਾਇਤਾ ਕਰਨ ਨੂੰ ਬਿਲਕੁਲ ਵੀ ਤਿਆਰ ਨਹੀਂ ਹਨ, ਤੇ ਨਾ ਹੀ ਮੇਰਾ ਮਾਣ ਕਰਦੇ ਨੇ ਤੇ ਨਾ ਹੀ ਕੋਈ ਸਹਾਇਤਾ ਕਰਦੇ ਹਨ। ਇਹ ਇਸ ਸੰਸਾਰ ਵਿਚ ਹੀ ਨਹੀਂ ਕਰ ਰਹੇ ਤਾਂ ਦਰਗਾਹ ਵਿਚ ਕਿਵੇਂ ਸਹਾਇਤਾ ਕਰਨਗੇ। ਉਸ ਨੂੰ ਸੱਟ ਲੱਗਦੀ ਹੈ ਕਿ ਕੋਈ ਤਰੀਕਾ ਸੋਚੀਏ, ਉਹ ਫਿਰ ਜੀਵਨ ਨੂੰ ਸੁਧਾਰਨ ਵਾਸਤੇ ਭਾਵੇਂ ਘਰ ਛੱਡ ਦੇਵੇ, ਭਾਵੇਂ ਘਰ ਵਿਚ ਰਹੇ, ਦੋਨੀ ਥਾਂਈ ਫਰਕ ਨਹੀਂ ਪੈਂਦਾ ਕਿਉਂਕਿ ਮਾਇਆ ਨੂੰ ਬਿਰਤੀ ਨੇ ਛੱਡਣਾ ਹੈ। ਉਸ ਦੀ ਬਿਰਤੀ ਤੇ ਚੋਟ ਪੈ ਜਾਂਦੀ ਹੈ, ਉਹ ਫੇਰ ਪ੍ਰਮੇਸ਼ਰ ਦੇ ਪਿਆਰੇ ਮਹਾਂਪੁਰਸ਼ਾਂ ਨੂੰ ਮਿਲਦਾ ਹੈ ਮਹਾਂਪੁਰਸ਼ ਉਸ ਨੂੰ ਰਸਤਾ ਦੱਸ ਦਿੰਦੇ ਹਨ ਕਿ ਤੂੰ ਐਸ ਤਰ੍ਹਾਂ ਕਰ ਲੈ, ਕਿਉਂਕਿ ਵੈਰਾਗ ਜਿਹੜਾ ਹੈ, ਉਹ ਸਹੀ ਚੀਜ਼ ਹੋਇਆ ਕਰਦੀ ਹੈ।

ਸੋ ਬਾਲਮੀਕ ਦੇ ਮਨ ਵਿਚ ਵੈਰਾਗ ਲੱਗ ਗਿਆ ਤੇ ਵੈਰਾਗੀ ਹੋ ਗਿਆ। ਮਹਾਂਪੁਰਸ਼ਾਂ ਨੂੰ ਕਹਿਣ ਲੱਗਿਆ ਕਿ ਮਹਾਰਾਜ ਕਿਰਪਾ ਕਰਕੇ ਕੋਈ ਐਸੀ ਚੀਜ਼ ਤਾਂ ਦੱਸੋ ਜਿਹੜੀ ਮੇਰੇ ਨਾਲ ਦਰਗਾਹ ਵਿਚ ਜਾ ਕੇ ਸਹਾਇਤਾ ਕਰ ਸਕਦੀ ਹੈ ਕਿਉਂਕਿ ਮੈਂ ਤਾਂ ਕੋਈ ਸੰਗਤ ਨਹੀਂ ਕੀਤੀ। ਮੈਂ ਤਾਂ ਜਦ ਤੋਂ ਹੋਸ਼ ਸੰਭਾਲੀ ਹੈ, ਬੰਦੇ ਹੀ ਮਾਰੇ ਹਨ, ਮੈਂ ਮਹਾਂ ਪਾਪੀ ਹਾਂ। ਹੋ ਸਕਦਾ ਹੈ ਮੇਰੇ ਵਰਗਾ ਪਾਪੀ ਸੰਸਾਰ ਤੇ ਕੋਈ ਨਾ ਹੋਇਆ ਹੋਵੇ। ਕੋਈ ਮੇਰਾ ਵੀ ਬੰਦੋਬਸਤ ਬਣ ਸਕਦੈ? ਦੁਨੀਆਂ ਦੇ ਅੰਦਰ ਕੋਈ ਐਸੀ ਚੀਜ਼ ਹੈ ਜਿਸ ਨਾਲ ਮੇਰਾ ਜਨਮ ਸੁਧਰ ਜਾਵੇ? ਮਹਾਂਪੁਰਸ਼ ਕਹਿਣ ਲੱਗੇ ਕਿ ਪ੍ਰੇਮੀਆਂ! ਇਕ ਚੀਜ਼ ਹੈ। ਉਹ ਪ੍ਰਮੇਸ਼ਰ ਦਾ ਨਾਮ ਹੈ, ਉਹ ਤੇਰੀ ਸਹਾਇਤਾ ਕਰ ਸਕਦਾ ਹੈ-

***ਧਾਰਨਾ - ਪਿਆਰੇ ਜੀ! ਜਿਥੇ ਨਾ ਕੋਈ ਮਾਤ ਪਿਤਾ-2***
***ਉਥੇ ਨਾਮ ਨੇ ਸਹਾਇਤਾ ਕਰਨੀ -2, 2.***
***ਪਿਆਰੇ ਜੀ! ਜਿਥੇ ਨਾ ਕੋਈ..........2***

***ਜਹ ਮਾਤ ਪਿਤਾ ਸੁਤ ਮੀਤ ਨ ਭਾਈ॥***
***ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥***
***ਜਹ ਮਹਾ ਭਇਆਨ ਦੂਤ ਜਮ ਦਲੈ॥***
***ਤਹ ਕੇਵਲ ਨਾਮੁ ਸੰਗਿ ਤੇਰੈ ਚਲੈ॥***
***ਜਹ ਮੁਸਕਲ ਹੋਵੈ ਅਤਿ ਭਾਰੀ॥***
***ਹਰਿ ਕੋ ਨਾਮੁ ਖਿਨੁ ਮਾਹਿ ਉਧਾਰੀ॥ ਪੰਨਾ - 264***

ਕਹਿਣ ਲੱਗੇ, ਬਾਲਮੀਕ! ਉਹ ਤਾਂ ਪ੍ਰਮੇਸ਼ਰ ਦਾ ਨਾਮ ਹੈ ਜਿਹੜਾ ਹਰ ਥਾਂ ਤੇ ਸਹਾਇਤਾ ਕਰਦਾ ਹੈ -

***ਰੋਗਨ ਤੇ ਅਰ ਸੋਗਨ ਤੇ ਜਲ ਜੋਗਨ ਤੇ ਬਹੁ ਭਾਂਤਿ ਬਚਾਵੈ॥***
***ਸਤ੍ਰੂ ਅਨੇਕ ਚਲਾਵਤ ਘਾਵ ਤਊ ਤਨ ਏਕ ਨ ਲਾਗਨ ਪਾਵੈ॥***
***ਰਾਖਤ ਹੈ ਅਪਨੋ ਕਰ ਦੈ ਕਰ, ਪਾਪ ਸਮੂੰਹ ਨ ਭੇਟਨ ਪਾਵੈ॥***
***ਔਰ ਕੀ ਬਾਤ ਕਹਾ ਕਹ ਤੋ ਸੌਂ, ਸੁ ਪੇਟ ਹੀ ਕੇ ਪਟ ਬੀਚ ਬਚਾਵੈ॥***

ਜੋ ਪ੍ਰਮੇਸ਼ਰ ਦਾ ਨਾਮ ਹੈ ਜਿਸ ਨੂੰ ਆਤਮਾ ਕਹਿੰਦੇ ਹਨ, ਬ੍ਰਹਮ ਕਹਿੰਦੇ ਹਨ, ਵਾਹਿਗੁਰੂ, ਰਾਮ, ਅੱਲਾ ਕਹਿੰਦੇ ਹਨ, ਉਹ ਨਾਮ ਹਰ ਥਾਂ ਤੇ ਸਹਾਇਤਾ ਕਰਿਆ ਕਰਦਾ ਹੈ ਤੇ ਉਸ ਤੋਂ ਬਗੈਰ ਕੁਝ ਨਹੀਂ ਹੋ ਸਕਿਆ ਕਰਦਾ। ਕਹਿਣ ਲੱਗਿਆ, "ਮਹਾਰਾਜ ਕਿਰਪਾ ਕਰਕੇ ਮੇਰੇ ਪਾਪਾਂ ਦਾ ਨਾਸ਼ ਕਰੋ।" ਕਹਿਣ ਲੱਗੇ, ਇਕ ਪਾਪ ਕੀ, ਕਰੋੜਾਂ ਪਾਪਾਂ ਦਾ ਨਾਸ਼ ਹੋ ਜਾਂਦਾ ਹੈ -

***ਧਾਰਨਾ - ਕਰੋੜਾਂ ਪਾਪਾਂ ਦਾ ਨਾਸ਼ ਹੋ ਜਾਵੇ,***
***ਇਕ ਵਾਰੀ ਰਾਮ ਬੋਲ ਕੇ -2, 2.***
***ਮੇਰੇ ਪਿਆਰੇ, ਇਕ ਵਾਰੀ ਰਾਮ ਬੋਲ ਕੇ -2, 2.***
***ਕਰੋੜਾਂ ਪਾਪਾਂ ਦਾ ਨਾਸ਼ ਹੋ ਜਾਵੇ,.......2***

***ਹਉ ਮੈਲਾ ਮਲੁ ਕਬਹੁ ਨ ਧੋਵੈ॥***
***ਹਰਿ ਕਾ ਨਾਮੁ ਕੋਟਿ ਪਾਪ ਖੋਵੈ॥ ਪੰਨਾ - 264***

ਬਾਲਮੀਕ! ਨਾਮ ਇਕ ਐਸੀ ਚੀਜ਼ ਹੈ ਜੋ ਕਰੋੜਾਂ ਪਾਪਾਂ ਦਾ ਨਾਸ਼ ਕਰ ਦਿੰਦਾ ਹੈ। ਕਿੱਡਾ ਹੀ ਮਹਾਂ ਪਾਪੀ ਕਿਉਂ ਨਾ ਹੋਵੇ; ਜੇ ਨਾਮ ਦੀ ਅਵਸਥਾ 'ਚ ਪਹੁੰਚ ਗਿਆ ਤਾਂ ਪਾਪ ਹੇਠਾਂ ਹੀ ਰਹਿ ਜਾਂਦੇ ਹਨ। ਕਹਿਣ ਲੱਗਿਆ, "ਮਹਾਰਾਜ!

ਮੇਰਾ ਫੇਰ ਕਿਵੇਂ ਵੀ ਉਧਾਰ ਕਰੋ।" ਸਾਰੇ ਮਹਾਤਮਾ ਆਪਸ ਵਿਚ ਵਿਚਾਰ ਕਰਨ ਲੱਗ ਪਏ ਕਿ ਇਹ ਅਧਿਕਾਰੀ ਤਾਂ ਹੈ ਨਹੀਂ, ਇਹ ਹੁਣ ਤੱਕ ਤਾਂ ਬੰਦੇ ਮਾਰਦਾ ਰਿਹਾ ਹੈ, ਕੀ ਪਤਾ ਹੈ ਇਹ ਅੱਗੇ ਚਲੇ ਕਿ ਨਾ ਚਲੇ, ਫੇਰ ਇਸ ਨੂੰ ਅਸੀਂ ਨਾਮ ਨਹੀਂ ਦੇ ਸਕਦੇ ਕਿਉਂਕਿ ਨਾਮ ਵੀ ਉਥੇ ਹੀ ਦੇਣਾ ਬਣਦਾ ਹੈ ਜਿਥੇ ਇਸ ਦਾ ਗਾਹਕ ਹੋਵੇ।

***ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲੁ॥***
***ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ॥***
***ਪੰਨਾ - 1365***

ਜੇਕਰ ਨਾਮ ਦਾ ਵਣਜਾਰਾ ਨਾ ਹੋਵੇ ਤਾਂ ਨਾਮ ਕੌਡੀਆਂ ਦੇ ਭਾਅ ਚਲਿਆ ਜਾਂਦਾ ਹੈ। ਇਹ ਗੱਲ ਤਾਂ ਅਸੀਂ ਕਰ ਨਹੀਂ ਸਕਦੇ, ਹੁਣ ਇਹਦਾ ਕੋਈ ਨਾ ਕੋਈ ਤਾਂ ਇਲਾਜ ਕਰਨਾ ਚਾਹੀਦਾ ਹੈ। ਅਖੀਰ ਸਾਰੇ ਮਹਾਂਪੁਰਸ਼ਾਂ ਨੇ ਫੈਸਲਾ ਕੀਤਾ ਕਿ ਇਸ ਨੂੰ ਉਲਟਾ ਨਾਮ ਦੇ ਦਿਓ। ਮਹਾਤਮਾ ਬੈਠ ਗਏ। ਕਹਿਣ ਲੱਗੇ ਬਾਲਮੀਕ ਇਸ਼ਨਾਨ ਕਰਕੇ ਆ। ਨਾਲੇ ਪੁਛਦੇ ਹਨ ਕਿ ਤੇਰਾ ਮਨ ਮੰਨ ਗਿਆ ਹੈ ਕਿ ਨਹੀਂ? ਕਹਿਣ ਲੱਗਿਆ ਕਿ ਮਹਾਰਾਜ! ਜਿਹੜੀ ਗੱਲ ਇਕ ਵਾਰ ਮੇਰੇ ਮਨ ਵਿਚ ਆ ਜਾਵੇ, ਉਹ ਮੈਂ ਫੇਰ ਕਰਕੇ ਹੀ ਹਟਦਾ ਹਾਂ ਕਿਉਂਕਿ ਮੈਂ ਧੁਨ ਦਾ ਬਹੁਤ ਪੱਕਾ ਹਾਂ, ਕਿਉਂਕਿ ਇਰਾਦਾ ਆਦਮੀ ਵਿਚ ਹੋਣਾ ਚਾਹੀਦਾ ਹੈ, ਦ੍ਰਿੜਤਾ ਹੋਣੀ ਚਾਹੀਦੀ ਹੈ। ਜਿਸ ਦੇ ਅੰਦਰ ਦ੍ਰਿੜਤਾ ਨਾ ਹੋਵੇ ਤਾਂ ਉਹ ਕਿਸੇ ਕੰਮ ਵਿਚ ਕਾਮਯਾਬ ਨਹੀਂ ਹੋ ਸਕਦਾ - ਨਾ ਪੜ੍ਹਾਈ ਲਿਖਾਈ ਵਿਚ, ਨਾ ਕੀਰਤਨ ਵਿਚ, ਨਾ ਕਾਰੋਬਾਰ ਵਿਚ, ਨਾ ਹੀ ਨੌਕਰੀ ਚਾਕਰੀ ਵਿਚ; ਗੱਲ ਕੀ ਉਹ ਜ਼ਿੰਦਗੀ ਦੇ ਕਿਸੇ ਵੀ ਮੰਡਲ ਵਿਚ ਕਾਮਯਾਬ ਨਹੀਂ ਹੋ ਸਕਦਾ ਜਿਸਦੇ ਅੰਦਰ ਦ੍ਰਿੜਤਾ ਤੇ ਲਗਨ ਨਾ ਹੋਵੇ। ਕੇਵਲ ਦ੍ਰਿੜਤਾ ਤੇ ਲਗਨ ਵਾਲੇ ਬੰਦੇ ਹੀ ਅੱਗੇ ਆ ਸਕਦੇ ਹਨ। ਕਹਿਣ ਲੱਗਿਆ ਮਹਾਰਾਜ! ਮੈਂ ਤਾਂ ਇਰਾਦੇ ਦਾ ਪੱਕਾ ਹਾਂ, ਹੁਣ ਮੇਰਾ ਇਰਾਦਾ ਬਣ ਗਿਆ ਕਿ ਅੱਜ ਤੋਂ ਬਾਅਦ ਭਾਵੇਂ ਮੈਂ ਭੁਖਾ ਮਰ ਜਾਵਾਂ, ਮੈਨੂੰ ਭਾਵੇਂ ਘਾਹ ਫੂਸ ਤੇ ਕੰਦ ਮੂਲ ਚੁਗ ਕੇ ਖਾਣਾ ਪਵੇ, ਮੈਂ ਇਹ ਕੰਮ ਨਹੀਂ ਕਰਨਾ ਤੇ ਨਾ ਹੀ ਘਰ ਵਾਲਿਆਂ ਦਾ ਸਾਥ ਦੇਣਾ ਹੈ ਜਿਹਨਾਂ ਨੇ ਮੈਨੂੰ ਇਸ ਪਾਪ ਵੱਲ ਪ੍ਰੇਰਿਆ ਹੈ। ਹੁਣ ਮੈਨੂੰ ਪਤਾ ਲੱਗ ਗਿਆ ਕਿ ਘਰ ਵਾਲੇ ਵੀ ਉਹੋ ਠੀਕ ਹੁੰਦੇ ਹਨ ਜੋ ਪ੍ਰਮੇਸ਼ਰ ਦੇ ਰਸਤੇ ਲਾਉਣ ਪਰ ਸੰਸਾਰ ਦਾ ਉਲਟਾ ਕੰਮ ਹੈ, ਜੇਕਰ ਕਿਸੇ ਦਾ ਪੁਤਰ ਨਾਮ ਜਪਣ ਲੱਗ ਪਵੇ ਤਾਂ ਘਰ ਵਾਲਿਆਂ ਨੂੰ ਹੌਲ ਪੈਣ ਲੱਗ ਜਾਂਦਾ ਹੈ ਕਿ ਕਿਤੇ ਇਹ ਸਾਧ ਨਾ ਬਣ ਜਾਵੇ। ਮੇਰੇ ਕੋਲ ਭੱਜੇ ਹੀ ਆਉਂਦੇ ਨੇ ਕਿ ਬਾਬਾ ਜੀ ਇਹਨੂੰ ਕਹੋ ਕਿ ਇਹ ਕੰਮ ਕਰੇ। ਮੈਂ ਉਹਨਾਂ ਨੂੰ ਕਿਹਾ ਕਰਦਾ ਹਾਂ ਕਿ ਤੁਹਾਨੂੰ ਤਾਂ ਖੁਸ਼ ਹੋਣਾ ਚਾਹੀਦਾ ਹੈ ਕਿ ਬੱਚਾ ਨਾਮ ਜਪਣ ਲਗ ਗਿਆ ਹੈ। ਗੁਰੂ ਮਹਾਰਾਜ ਕਹਿੰਦੇ ਹਨ ਕਿ -

***'ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ॥ ਪੰਨਾ - 488'*** ਇਹ ਬੰਦਗੀ ਕਰੇਗਾ, ਨਾਮ ਜਪੇਗਾ, ਕੁਲਾਂ ਦਾ ਉਧਾਰ ਕਰੇਗਾ। ਨਾਮ ਜਪਣ ਵਾਲਾ ਆਪਣੀ ਇਕ ਸੌ ਇਕ ਕੁਲ ਦਾ ਉਧਾਰ ਕਰ ਦਿੰਦਾ ਹੈ - ਚੌਵੀ ਦਾਦਕਿਆਂ ਦੀਆਂ, ਵੀਹ ਨਾਨਕਿਆਂ ਦੀਆਂ, ਸੋਲ੍ਹਾਂ ਜਿਥੇ ਵਿਆਹਿਆ ਹੋਵੇ, ਬਾਰਾਂ ਜਿਥੇ ਭੈਣ ਵਿਆਹੀ ਹੁੰਦੀ ਹੈ, ਨੌਂ ਜਿਸ ਥਾਂ ਤੇ ਭੂਆ ਵਿਆਹੀ ਹੁੰਦੀ ਹੈ, ਅੱਠ ਜਿਥੇ ਮਾਸੀ ਵਿਆਹੀ ਹੁੰਦੀ ਹੈ। ਇਹ ਇਕ ਸੌ ਇਕ ਕੁਲ ਦਾ ਉਧਾਰ ਹੁੰਦਾ ਹੈ। ਤੁਹਾਨੂੰ ਤਾਂ ਖੁਸ਼ ਹੋਣ ਚਾਹੀਦਾ ਹੈ ਕਿ ਸਾਡੀ ਕੁਲ ਦੇ ਅੰਦਰ ਪ੍ਰਮੇਸ਼ਰ ਦਾ ਪਿਆਰਾ ਆ ਗਿਆ ਪਰ ਪ੍ਰਮੇਸ਼ਰ ਦੇ ਪਿਆਰਿਆਂ ਨੂੰ ਤਾਂ ਮੇਹਣੇ ਮਿਲਦੇ ਹਨ। ਜਦੋਂ ਕਬੀਰ ਸਾਹਿਬ ਨਾਮ ਜੱਪਣ ਲੱਗੇ ਤਾਂ ਉਸ ਵੇਲੇ ਮਾਤਾ ਨੇ ਸ਼ਕਾਇਤ ਕੀਤੀ ਕਿ

***ਜਬ ਕੀ ਮਾਲਾ ਲਈ ਨਿਪੁਤੇ ਤਬ ਤੇ ਸੁਖ ਨਾ ਭਇਓ।।***
***ਪੰਨਾ - 856***

ਜਦ ਤੋਂ ਨਿਪੁਤੇ ਰਾਮਾਨੰਦ ਨੇ ਸਾਡੇ ਪੁਤਰ ਨੂੰ ਮਾਲਾ ਦਿਤੀ ਹੈ, ਉਸ ਵੇਲੇ ਤੋਂ ਸਾਡਾ ਮੁੰਡਾ ਤਾਣਾ ਬੁਣਨਾ ਛੱਡ ਕੇ ਰਾਮ ਰਾਮ ਕਰਨ ਲੱਗ ਪਿਆ ਹੈ, ਹਰ ਵਕਤ ਰਾਮ ਰਾਮ ਕਰੀ ਜਾਂਦਾ ਹੈ, ਸਾਡੇ ਨਾਲ ਗੱਲ ਵੀ ਨਹੀਂ ਕਰਦਾ। ਅਸੀਂ ਬੁਲਾਉਂਦੇ ਹਾਂ ਸਾਡੇ ਨਾਲ ਬੋਲਦਾ ਨਹੀਂ, ਉਂਗਲੀ ਖੜ੍ਹੀ ਕਰ ਦਿੰਦਾ ਕਿ ਮੇਰਾ ਰਾਮ ਰਾਮ ਵਿਸਰ ਜਾਊ। ਕਬੀਰ ਸਾਹਿਬ ਦਾ ਫੁਰਮਾਨ ਹੈ ਕਿ -

***ਜਬ ਲਗੁ ਤਾਗਾ ਬਾਹਉ ਬੇਹੀ॥***
***ਤਬ ਲਗੁ ਬਿਸਰੈ ਰਾਮੁ ਸਨੇਹੀ॥ ਪੰਨਾ - 524***

ਐਨੇ ਚਿਰ ਵਾਸਤੇ ਵੀ ਪ੍ਰਮੇਸ਼ਰ ਨੂੰ ਭੁਲਣਾ ਨਹੀਂ ਚਾਹੁੰਦਾ, ਜਿਨਾਂ ਚਿਰ ਮੈਂ ਸਾਹ ਨਾਲ ਸੂਟਾ ਮਾਰ ਕੇ ਨਾਲ ਦੇ ਵਿਚੋਂ ਧਾਗਾ ਕੱਢਦਾ ਹਾਂ, ਇਨੇ ਚਿਰ ਵਾਸਤੇ ਮੈਨੂੰ ਫਿਕਰ ਪੈ ਜਾਂਦਾ ਹੈ। ਘਰਦਿਆਂ ਨੇ ਤਾਂ ਉਲਟੇ ਰਸਤੇ ਪਾ ਦਿਤਾ, ਮੈਨੂੰ ਕਿਸੇ ਰਾਹ ਪਾਓ। ਚੰਗਾ ਤੂੰ ਇਸ਼ਨਾਨ ਕਰ ਆਇਆ ਹੈਂ ਬਾਲਮੀਕ, ਹੁਣ ਸਾਡੇ ਸਾਮ੍ਹਣੇ ਬੈਹ ਜਾ ਤੇ ਧਿਆਨ ਨਾਲ ਸੁਣ ਕਿ ਤੈਨੂੰ ਸਾਡੇ ਬਚਨਾਂ ਦੀ ਕਮਾਈ ਕਰਨੀ ਪਵੇਗੀ। ਤੇਰੇ ਅੰਦਰ ਮੈਲ ਲੱਗੀ ਹੋਈ ਹੈ ਤੇ ਅੰਤਸ਼ਕਰਣ ਮਲੀਨ ਹੋਇਆ ਪਿਆ ਹੈ ਤੇ ਪਾਪਾਂ ਨਾਲ ਭਰੀ ਪਈ ਹੈ।

***ਭਰੀਐ ਮਤਿ ਪਾਪਾ ਕੈ ਸੰਗਿ॥***
***ਓਹੁ ਧੋਪੈ ਨਾਵੈ ਕੈ ਰੰਗਿ॥ ਪੰਨਾ - 4***

ਇਸ ਮੈਲ ਨੂੰ ਸਾਫ ਕਰਨ ਵਾਸਤੇ ਤੈਨੂੰ ਇਕ ਸਾਬਣ ਦਿੰਦੇ ਹਾਂ ਉਹਨੂੰ ਦਿਨ ਰਾਤ ਘਸਾਉਂਦਾ ਰਹੀਂ ਤੇ ਅਸੀਂ ਫੇਰ ਕਿਤੇ ਆਵਾਂਗੇ ਤੇ ਤੈਨੂੰ ਨਾਮ ਦੇ ਵਿਚ ਦਾਖਲ ਕਰਾਂਗੇ। ਕਹਿਣ ਲੱਗਾ ਮਹਾਰਾਜ ਕਿਰਪਾ ਕਰੋ, ਜਿਵੇਂ ਕਰਨੀ ਹੈ ਉਵੇਂ ਕਰੋ। ਤੈਨੂੰ ਅਸੀਂ ਕੁਝ ਗੱਲਾਂ ਸਮਝਾ ਰਹੇ ਹਾਂ; ਪਹਿਲੀ ਗੱਲ ਤੂੰ ਇਹ ਸਮਝ ਕਿ ਪ੍ਰਮੇਸ਼ਰ ਇਸ ਸੰਸਾਰ ਦੇ ਅੰਦਰ ਹਰ ਥਾਂ ਦੇ ਉਤੇ ਹੈ। ਇੰਨੀ ਗੱਲ ਸਮਝ ਲੈ, ਬਾਕੀ ਤੈਨੂੰ ਫੇਰ ਸਮਝਾਵਾਂਗੇ। ਲੈ ਹੁਣ ਰੀੜ੍ਹ ਦੀ ਹੱਡੀ ਸਿਧੀ ਕਰਕੇ ਚੰਗੀ ਤਰ੍ਹਾਂ ਚੌਂਕੜਾ ਮਾਰ ਕੇ ਸਾਡੇ ਸਾਮ੍ਹਣੇ ਬੈਹ ਜਾ ਤੇ ਜੋ ਕੁਝ ਅਸੀਂ ਬੋਲਾਂਗੇ, ਤੂੰ ਨਾਲ ਨਾਲ ਬੋਲਦਾ ਰਹੀਂ। ਜਦੋਂ ਸਾਹ ਤੇਰਾ ਬਾਹਰ ਨੂੰ ਆਵੇ ਤਾਂ ਤੂੰ 'ਮਮਾ' ਅੱਖਰ ਕਹੀਂ, 'ਮ' ਕਹੀਂ, ਤੇ ਜਦੋਂ ਸਾਹ ਅੰਦਰ ਨੂੰ ਜਾਵੇ 'ਰਾ' ਕਹੀਂ, ਉਲਟਾ ਮੰਤਰ 'ਮਰਾ' ਦਿਤਾ ਜੋ ਆਪੇ ਹੀ ਰਾਮ ਬਣ ਗਿਆ। ਮਹਾਤਮਾ ਚਲੇ ਗਏ, ਚੌਦਾਂ ਸਾਲਾਂ ਬਾਅਦ ਫੇਰ ਵਾਪਸ ਆਏ, ਉਥੇ ਆ ਕੇ ਪੁਛਿਆ ਕਿ ਇਥੇ ਇਕ ਬਾਲਮੀਕ ਨਾਮ ਦਾ ਬਟਵਾਰਾ ਹੁੰਦਾ ਸੀ। ਕਹਿਣ ਲੱਗੇ ਉਹ ਤਾਂ ਸਾਧ ਬਣ ਗਿਆ ਹੋਇਐ। ਕੋਈ ਸੰਤ ਆ ਕੇ ਉਸਨੂੰ ਐਸੀ ਜੁਗਤੀ ਦੱਸ ਕੇ ਗਏ ਸਨ। ਉਹ ਨਾ ਕਿਸੇ

ਨਾਲ ਬੋਲਦਾ ਹੈ ਤੇ ਨਾ ਹੀ ਕਿਤੇ ਜਾਂਦਾ ਆਉਂਦਾ ਹੈ ਤੇ ਦਿਨ ਰਾਤ ਰਾਮ, ਰਾਮ, ਰਾਮ ਕਹੀਂ ਜਾਂਦਾ ਹੈ ਤੇ ਸਮਾਧੀ ’ਚੋਂ ਉਠਦਾ ਨਹੀਂ। ਹਫਤਾ-ਹਫਤਾ, ਦਸ-ਦਸ ਦਿਨ ਬੈਠਾ ਰਹਿੰਦਾ ਹੈ, ਪੱਤੇ ਤੇ ਕੰਦ ਮੂਲ ਖਾ ਕੇ ਗੁਜ਼ਾਰਾ ਕਰਦਾ ਹੈ। ਮਹਾਤਮਾ ਕਹਿਣ ਲੱਗੇ ਕਿਥੇ ਕੁ ਹੈ ਜਰਾ ਦਸ ਪਾਓ। ਮਹਾਤਮਾ ਉਥੇ ਪਹੁਚੇ ਤੇ ਬੁਲਾਇਆ। ਜਦ ਉਸ ਨੇ ਦੇਖਿਆ ਕਿ ਮਹਾਤਮਾ ਆ ਗਏ, ਚਰਨਾਂ ਤੇ ਢਹਿ ਪਿਆ। ਮਹਾਰਾਜ ਤੁਸੀਂ ਬੜੀ ਕਿਰਪਾ ਕਰ ਦਿਤੀ। ਕਹਿੰਦੇ, ਬਾਲਮੀਕ! ਕਿਥੇ ਕੁ ਪਹੁੰਚ ਗਿਆ ਕਹਿਣ ਲੱਗਾ ਮੇਰੇ ਅੰਦਰ ਹਰ ਵਕਤ ਰਸ ਆਉਂਦਾ ਹੈ, ਹਰ ਵਕਤ ਬਿਰਤੀ ਜੁੜੀ ਰਹਿੰਦੀ ਹੈ। ਜੇ ਇਕ ਸਕਿੰਟ ਵਾਸਤੇ ਵੀ ਇਹ ਰਾਮ, ਰਾਮ ਭੁਲਦਾ ਹੈ, ਜਿਹੜਾ ਤੁਸੀਂ ਮਰਾ ਮਰਾ ਦੱਸ ਕੇ ਗਏ ਸੀ ਇਹ ਰਾਮ ਰਾਮ ਬਣ ਗਿਆ, ਤਾਂ ਮੇਰੇ ਅੰਦਰ ਖੋਹ ਪੈਣੀ ਸ਼ੁਰੂ ਹੋ ਜਾਂਦੀ ਹੈ। ਕਹਿਣ ਲੱਗੇ ਬਹੁਤ ਠੀਕ, ਤੂੰ ਸਹੀ ਲਾਈਨ ਤੇ ਆ ਗਿਆ। ਕਹਿਣ ਲੱਗਿਆ ਮਹਾਰਾਜ ਹੁਣ ਨਹੀਂ ਵਿਸਰਦਾ –

***ਇਕੁ ਤਿਲੁ ਪਿਆਰਾ ਵੀਸਰੈ ਰੋਗੁ ਵਡਾ ਮਨ ਮਾਹਿ॥***
***ਪੰਨਾ – 21***

ਮੈਨੂੰ ਇੰਜ ਲਗਦਾ ਹੈ ਕਿ ਮੈਂ ਹੁਣ ਇਸ ਰਾਮ ਬਿਨਾ ਜੀਅ ਨਹੀਂ ਸਕਦਾ –

***ਆਖਾ ਜੀਵਾ ਵਿਸਰੈ ਮਰਿ ਜਾਉ॥ ਪੰਨਾ – 9***

ਜਦੋਂ ਮੈਂ ਰਾਮ, ਰਾਮ ਕਰਦਾ ਹਾਂ ਤਾਂ ਮੈਨੂੰ ਲਗਦਾ ਹੈ ਕਿ ਮੈਂ ਜੀ ਰਿਹਾ ਹਾਂ ਤੇ ਜੇ ਨਾ ਕਰਾਂ ਤਾਂ ਮੈਨੂੰ ਲਗਦਾ ਹੈ ਜਿਵੇਂ ਮੇਰੀ ਮੌਤ ਹੋ ਗਈ ਹੁੰਦੀ ਹੈ। ਮੇਰੇ ਤੇ ਕਿਰਪਾ ਕਰੋ, ਹੁਣ ਮੈਨੂੰ ਇਸ ਤੋਂ ਅੱਗੇ ਕੁਝ ਹੋਰ ਦੱਸਣਾ ਹੈ? ਮਹਾਤਮਾ ਕਹਿੰਦੇ, ਹਾਂ, ਦੇਖ ਬਾਲਮੀਕ! ਤੂੰ ਹੁਣ ਨਾਮ ਦਾ ਅਧਿਕਾਰੀ ਹੋ ਗਿਆ, ਹੁਣ ਤੈਨੂੰ ਅਸੀਂ ਉਪਦੇਸ਼ ਦਿੰਦੇ ਹਾਂ। ਇਹ ਜਿਹੜੀ ਤੇਰੀ ਦੇਹ ਹੈ, ਇਹ ਪੰਜਾਂ ਤੱਤਾਂ ਦੀ ਬਣੀ ਹੋਈ ਹੈ। ਸਾਰੇ ਸਤਸੰਗੀ ਵੀ ਇਸ ਨੂੰ ਧਿਆਨ ਨਾਲ ਸਰਵਣ ਕਰੋ। ਇਹਦੇ ਵਿਚ ਪੰਜ ਗਿਆਨ ਇੰਦਰੇ ਹਨ, ਪੰਜ ਕਰਮ ਇੰਦਰੇ ਹਨ, ਪੰਜ ਪਰਾਣ ਹਨ, ਇਨ੍ਹਾਂ ਸਾਰਿਆਂ ਵਿਚੋਂ ਤੂੰ ਕੁਝ ਵੀ ਨਹੀਂ ਹੈਂ। ਆਹ ਜਿਹੜਾ ਸੰਕਲਪ, ਵਿਕਲਪ ਹੁੰਦੇ, ਇਹ ਵੀ ਤੂੰ ਨਹੀਂ ਹੈਂ, ਇਸ ਨੂੰ ਮਨ ਕਹਿੰਦੇ ਹਨ। ਇਹ ਜਿਹੜੀ ਨਿਰਣਾ ਕਰਦੀ ਹੈ ਕਿ ਇਹ ਗੱਲ ਠੀਕ ਹੈ ਇਹ ਗਲਤ ਹੈ, ਇਸ ਨੂੰ ਬੁਧੀ ਕਹਿੰਦੇ ਨੇ, ਇਹ ਵੀ ਤੂੰ ਨਹੀਂ। ਜਿਹੜਾ ਚਿਤ ਹੈ, ਕਦੇ ਖੁਸ਼ੀ ਵਿਚ ਆਉਂਦਾ ਹੈ, ਕਦੀ ਗਮੀ ਵਿਚ ਆਉਂਦਾ ਹੈ। ਇਹ ਵੀ ਤੂੰ ਨਹੀਂ ਹੈਂ। ਜਿਹੜਾ ਇਸ ਸਾਰੇ ਕਾਰਖਾਨੇ ਨੂੰ ਚਲਾ ਰਿਹੈ, ਉਹ ਤੂੰ ਹੈਂ, ਇਸ ਨੂੰ ਆਤਮਾ ਕਹਿੰਦੇ ਹਨ। ਕੋਈ ਥਾਂ ਐਸਾ ਨਹੀਂ ਜਿਥੇ ਆਤਮਾ ਨਹੀਂ ਹੈ। ਸੋ ਤੂੰ ਹੁਣ ਆਪਣੇ ਆਪ ਨੂੰ ਆਤਮਾ ਸਮਝ। ਤੈਨੂੰ ਇਕ ਮਿਸਾਲ ਦੇ ਨਾਲ ਗਲ ਸਮਾਝਉਂਦੇ ਹਾਂ। ਦੇਖ ਜੋ ਬਦਾਮ ਹੁੰਦਾ ਹੈ ਇਸ ਦਾ ਬੀਜ ਬੀਜਿਆ ਜਾਂਦਾ ਹੈ ਤੇ ਫੇਰ ਬੂਟਾ ਬਣਦਾ ਹੈ, ਉਸ ਬਦਾਮ ’ਚੋਂ ਬਦਾਮ ਰੋਗਨ ਨਿਕਲਦੈ, ਇਹ ਜਿਹੜਾ ਬਦਾਮ ਰੋਗਨ ਹੈ, ਇਹ ਦਰਖਤ ਦੇ ਪੱਤਿਆਂ, ਜੜ੍ਹਾਂ ਤੇ ਟਹਿਣੀਆਂ ਵਿਚ ਵੀ ਹੁੰਦਾ ਹੈ। ਇਸ ਨੂੰ ਫੁਲ ਲਗਦੈ, ਉਹ ਸਾਰਾ ਫੁਲ ਵਿਚ ਆ ਜਾਂਦਾ ਹੈ। ਫੇਰ ਡੋਡੀ ਪੈਂਦੀ ਹੈ। ਉਸ ਦਾ ਬਦਾਮ ਬਣ ਜਾਂਦਾ ਹੈ। ਬਦਾਮ ਦੇ ਉਪਰ ਕਰੜਾ ਛਿਲਕ ਹੁੰਦਾ ਹੈ, ਉਹਦੇ ’ਚ ਵੀ ਹੁੰਦੈ। ਹੇਠਾਂ ਉਸ ਦੇ ਅੰਦਰ ਬਹੁਤ ਨਰਮ ਗਿਟਕ ਹੁੰਦੀ ਹੈ, ਉਸਦੇ ਵਿਚ ਵੀ ਹੁੰਦੈ। ਜਿਹੜਾ ਸਿਆਣਾ ਬੰਦਾ ਹੈ, ਉਹ ਰਗੜ ਕੇ ਕੂੰਡੇ ਸੋਟੇ ਨਾਲ, ਬਦਾਮ ਰੋਗਨ ਕੱਢ ਲੈਂਦਾ ਹੈ ਤੇ ਜੋ ਬਾਕੀ ਚੀਜ਼ ਹੈ ਉਹ ਸੁਟ ਦਿੰਦਾ ਹੈ। ਇਸ ਤਰ੍ਹਾਂ ਬਾਲਮੀਕ! **ਇਥੇ ਤਿੰਨ ਚੀਜ਼ਾਂ ਹਨ। ਇਕ ਰਾਮ, ਅੱਲਾ, ਵਾਹਿਗੁਰੂ, ਕੋਈ ਕਹਿ ਲੈ, ਇਹ ਇਕ ਸ਼ਕਤੀ ਪਰੀਪੂਰਨ ਹੈ ਜਿਹੜੀ ਸਤਿ, ਚਿਤ ਤੇ ਅਨੰਦ ਹੈ।** ਇਹ ਚੇਤਨ ਹੈ ਤੇ ਅਨੰਦ ਹੈ। ਇਹਦੇ ਵਿਚ ਦੋ ਚੀਜ਼ਾਂ ਫੋਕਟ ਹਨ, ਜਿਵੇਂ ਕਿ ਰੂਪ ਤੇ ਨਾਮ ਇਹ ਫੋਕਟ ਹਨ। ਜਿੰਨਾਂ ਕੁਝ ਨਜ਼ਰ ਆ ਰਿਹੈ ਇਹ ਰੂਪ ਹੈ ਤੇ ਜਿਨਾਂ ਕੁਝ ਸੁਣਦੈ ਇਹ ਨਾਮ ਹੈ। ਇਹਨਾਂ ਦੋਵਾਂ ਨੂੰ ਪਾਸੇ ਕਰਕੇ ਪਿਛੇ ਦੇਖ ਕੀ ਨਜ਼ਰ ਆਉਂਦਾ ਹੈ। ਇਸ ਨੂੰ ਆਤਮਾ ਕਹਿੰਦੇ ਹਨ ਜਿਹੜੀ ਸਾਰੇ ਬ੍ਰਹਿਮੰਡ ਨੂੰ ਚਲਾ ਰਹੀ ਹੈ। ਸੋ ਇਸ ਤਰ੍ਹਾਂ ਦੇ ਨਾਲ ਤੂੰ ਆਤਮਾ ਹੈਂ, ਉਹ ਸਾਖੀ ਚੇਤਨ ਹੈ। ਬਾਲਮੀਕ ਗੱਲ ਸੁਣੀ ਜਾ ਰਿਹਾ ਹੈ ਤੇ ਨਾਲ ਦੀ ਨਾਲ ਬਿਰਤੀ ਚੜ੍ਹਦੀ ਜਾ ਰਹੀ ਹੈ। ਅਖੀਰ ਅਨੁਭਵ ਵਿਚ ਚਲਿਆ ਗਿਆ। ਉਥੇ ਕੀ ਦੇਖਦਾ ਹੈ ਕਿ ਇਹ ਸਾਰੇ ਕੁਝ ਨੂੰ ਕੋਈ ਦੇਖ ਰਿਹਾ ਹੈ। ਕਹਿਣ ਲੱਗੇ ਜਿਹੜਾ ਦੇਖ ਰਿਹਾ ਹੈ, ਉਹ ਸਾਖੀ ਹੈ, ਉਹ ਤੂੰ ਹੈਂ ਤੇ ਤੂੰ ਇਸ ਦੇਹ ਤੋਂ ਨਿਆਰਾ ਹੈਂ, ਤਿੰਨਾਂ ਗੁਣਾਂ ਤੋਂ ਤੂੰ ਨਿਆਰਾ ਹੈ। ਤੇਰੇ ਵਿਚ ਕੋਈ ਦੁਖ ਨਹੀਂ, ਕੋਈ ਸੁਖ ਨਹੀਂ, ਕੋਈ ਵਿਛੋੜਾ ਨਹੀਂ, ਤੂੰ ਸਦਾ ਹੀ ਮਿਲਿਆ ਹੋਇਆ ਹੈਂ। ਇਹ ਤੇਰਾ ਸਰੂਪ ਹੈ, ਤੂੰ ਆਪਣੇ ਸਰੂਪ ਨੂੰ ਪਹਿਚਾਣ ਤੇ ਇਹ ਸਰੂਪ ਪ੍ਰਮੇਸ਼ਰ ਹੈ।

***ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥***
***ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥***
***ਪੰਨਾ – 846***

ਸੋ ਐਨੀ ਗਲ ਕਹਿਣ ਦੀ ਦੇਰ ਸੀ, ਬਿਰਤੀ ਚੜ੍ਹ ਗਈ–

***ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥***
***ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥ ਪੰਨਾ – 846***

ਉਸ ਨੂੰ ਪੂਰਾ ਕਰ ਦਿਤਾ। ਕਹਿਣ ਲੱਗੇ ਇਹ ਤਾਂ ਤੈਨੂੰ ਦੱਸ ਦਿਤੀ ਤੇ ਹੁਣ ਤੂੰ ਇਸ ਦੀ ਰਾਖੀ ਕਰ, ਅੱਠ ਅੱਠ ਕੋਨਿਆਂ ਤੇ ਵਖਰੀ-ਵਖਰੀ ਵਾੜ ਹੁੰਦੀ ਹੈ। ਪਹਿਲੇ ਕੋਨੇ ਤੇ ਵਿਵੇਕ ਦੀ ਵਾੜ ਹੁੰਦੀ ਹੈ ਤੇ ਇਹ ਤੈਨੂੰ ਜੋ ਸਾਰੀ ਗੱਲ ਦੱਸੀ ਹੈ ਇਸ ਨੂੰ ਵਿਵੇਕ ਕਹਿੰਦੇ ਹਨ – ਆਤਮ ਤੋਂ ਅਨਾਤਮ ਦਾ ਫਰਕ ਜਾਨਣਾ। ਆਤਮਾ ਕੀ ਹੈ ਤੇ ਅਨਾਤਮਾ ਕੀ ਹੈ? ਝੂਠ ਕੀ ਹੈ ਤੇ ਸੱਚ ਕੀ ਹੈ? ਸੱਚ ਨੂੰ ਤੂੰ ਪਛਾਨਣਾ ਹੈ। ਸੱਚ ਸਭ ਦੇ ਅੰਦਰ ਵਸ ਰਿਹਾ ਹੈ। ਤੂੰ ਆਪ ਹੀ ਸੱਚ ਦਾ ਸਰੂਪ ਹੈ ਤੇ ਸੱਚ ਤੈਥੋਂ ਵਖਰਾ ਨਹੀਂ ਹੈ।

***ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ॥***
***ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ॥***
***ਪੰਨਾ – 1375***

ਉਸ ਸਰੂਪ ਦੀ ਪਛਾਣ ਕਰਨ ਨੂੰ ਵਿਵੇਕ ਕਹਿੰਦੇ ਹਨ। ਦੂਜਾ ਕੋਨਾ ਵੈਰਾਗ ਦਾ ਹੁੰਦਾ ਹੈ। ਕਿਸੇ ਵੀ ਵਿਸ਼ੇ ਵਿਚ ਮਨ ਨਹੀਂ ਲਾਉਣਾ। ਸੰਸਾਰ ਤੋਂ ਲੈ ਕੇ ਬ੍ਰਹਮ ਲੋਕ ਦੇ ਸੁਖਾਂ ਤੱਕ, ਸਾਰਿਆਂ ਨੂੰ ਤੁਛ ਕਰਕੇ ਜਾਨਣਾ ਹੈ। ਬ੍ਰਹਮ ਸੁਖ ਦੇ ਵਿਚ ਬਿਰਤੀ ਲੈ ਕੇ ਜਾ। ਸਾਧਨ ਤਾਂ ਤੂੰ ਬਹੁਤ ਸਾਰੇ ਕਰ ਲਏ –

ਸਮ ਕਰਨਾ ਤੇ ਦਮ ਕਰਨਾ। ਇੰਦਰਿਆਂ ਨੂੰ ਪਾਪਾਂ ਵਲੋਂ ਰੋਕਣਾ, ਮਨ ਨੂੰ ਫੁਰਨੇ ਉਠਾਉਣ ਤੋਂ ਰੋਕਣਾ। ਮਹਾਂਪੁਰਸ਼ਾਂ ਦੇ ਬਚਨਾਂ ਤੇ ਸੌ ਫੀ ਸਦੀ ਸ਼ਰਧਾ ਰੱਖਣੀ ਹੈ। ਸਮਾਧਾਨ ਕਰਨਾ, ਜਿਹੜੇ ਬਚਨ ਸਤਸੰਗ ਵਿਚ ਸੁਣੇ ਹਨ, ਘਰ ਜਾ ਕੇ ਉਹਦਾ ਨਿਧਿਆਸਣ ਕਰਨਾ ਕਿ ਮਹਾਂਪੁਰਸ਼ਾਂ ਨੇ ਆਹ ਗੱਲ ਕਹੀ ਸੀ ਤੇ ਇਸ ਤਰ੍ਹਾਂ ਦੇ ਬਚਨ ਕੀਤੇ ਹਨ। ਅਨਤਰੰਗ ਸਤਸੰਗ ਕਰਨਾ ਫੇਰ ਉਪਰਾਮ ਰਹਿਣਾ, ਵਰਤਣ ਬੈਰਾਗ, ਸੰਸਾਰ ਦੇ ਅੰਦਰ ਵੈਰਾਗੀ ਬਣ ਕੇ ਰਹਿਣਾ, ਮਹਿਮਾਨ ਜਾਣ ਕੇ ਰਹਿਣਾ, ਕਿਸੇ ਗੱਲ ਵਿਚ ਫਸਣਾ ਨਹੀਂ, ਅਭਿੱਜ ਰਹਿਣਾ। ਤਤਿਕਸ਼ਾ ਕਰਨੀ, ਸਾਧਨ ਕਰਨ ਵਾਸਤੇ ਦੁਖ ਸੁਖ ਸਹਿਣਾ, ਔਖ ਸਹਿਣੀ, ਚਲ ਕੇ ਸਤਸੰਗ ਵਿਚ ਜਾਣਾ। ਇਹਨਾਂ ਤੋਂ ਬਾਅਦ ਅਵਸਥਾ ਉਹ ਆਉਂਦੀ ਹੈ ਜਿਹੜੀ ਤੇਰੇ ਵਿਚ ਆ ਗਈ। ਇਸ ਅਵਸਥਾ ਨੂੰ ਸੁਨਣ ਦੀ ਅਵਸਥਾ ਕਹਿੰਦੇ ਹਨ। ਹੁਣ ਤੂੰ ਸਾਡੇ ਪਾਸੋਂ ਉਪਦੇਸ਼ ਸੁਣ ਲਿਆ, ਇਸ ਨੂੰ ਗੁਰੂ ਦਾ ਉਪਦੇਸ਼ ਕਹਿੰਦੇ ਹਨ, ਇਸ ਨੂੰ ਭੁਲਣਾ ਨਹੀਂ, ਇਸ ਨੂੰ ਹਿਰਦੇ ਵਿਚ ਸਾਂਭ ਕੇ ਰੱਖੀਂ –

***ਗੁਰ ਕਾ ਬਚਨੁ ਬਸੈ ਜੀਅ ਨਾਲੇ॥***
***ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ ਭਾਹਿ ਨ ਸਾਕੈ ਜਾਲੇ॥***
***ਪੰਨਾ – 679***

ਇਸ ਨੂੰ ਅੱਗ ਨਹੀਂ ਜਾਲ ਸਕਦੀ, ਚੋਰ ਉਚੱਕਾ ਲੁਟ ਨਹੀਂ ਸਕਦਾ ਅਤੇ ਨਾ ਹੀ ਪਾਣੀ ਵਿਚ ਡੁਬ ਸਕਦੈ, ਹੁਣ ਇਹ ਜਿਹੜਾ ਤੈਨੂੰ ਬਚਨ ਦੱਸਿਐ, ਇਸ ਬਚਨ ਦੀ ਕਮਾਈ ਕਰ। ਆਪਣੇ ਆਪ ਨੂੰ ਆਤਮ ਸਰੂਪ ਸਮਝ ਕੇ ਇਹਦੀ ਸਥਿਤੀ ਦੇ ਵਿਚ ਮਨ ਲਾ ਅਤੇ ਹੁਣ ਇਸਦਾ ਅਭਿਆਸ ਕਰ। ਇਹ ਅਭਿਆਸ ਕਰਨ ਨਾਲ ਕੀ ਹੋਇਆ, ਸਚ ਦ੍ਰਿੜ ਹੋ ਗਿਆ। ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਸੱਚ ਦ੍ਰਿੜ ਕਰਵਾ ਦਿਤਾ –

***ਸਚੁ ਦ੍ਰਿੜਾਇ ਉਧਾਰਿਅਨੁ ਟਪਿ ਨਿਕਥਾ ਉਪਰ ਵਾੜਾ।***
***ਗੁਰਮੁਖਿ ਲੰਘੇ ਪਾਪ ਪਹਾੜਾ॥***
***ਭਾਈ ਗੁਰਦਾਸ ਜੀ, ਵਾਰ 10/19***

ਪਾਪਾਂ ਦੀਆਂ ਜਿੰਨੀਆਂ ਵੀ ਵਾੜਾਂ ਸਨ, ਉਨ੍ਹਾਂ ਸਾਰੀਆਂ ਤੋਂ ਉਪਰ ਲੰਘ ਗਿਆ, ਲੋਕ ਲਾਜ ਲੰਘ ਗਿਆ, ਕੁਲ ਲਾਜ ਲੰਘ ਗਿਆ, ਸਾਰੀਆਂ ਲਾਜਾਂ ਲੰਘ ਗਿਆ ਜਿੰਨੀਆਂ ਵੀ ਹੁੰਦੀਆਂ ਨੇ। ਪੰਜ ਕਿਸਮ ਦੇ ਭਰਮ ਹਨ, ਉਹ ਸਾਰੇ ਭਰਮ ਤੋੜ ਦਿਤੇ, ਅਖੀਰ –

***ਗੁਰਮੁਖਿ ਲੰਘੇ ਪਾਪ ਪਹਾੜਾ॥***
***ਭਾਈ ਗੁਰਦਾਸ ਜੀ, ਵਾਰ 10/19***

ਗੁਰਮੁਖ ਦੇ ਰਾਹੀਂ ਉਪਦੇਸ਼ ਲੈ ਕੇ, ਪਾਪਾਂ ਦੇ ਪਹਾੜ ਲੰਘ ਗਿਆ। ਬਾਲਮੀਕ ਐਸਾ ਮਹਾਤਮਾ ਬਣ ਗਿਆ ਜਿਸ ਨੂੰ ਅੱਜ ਸਾਰੇ ਹੀ ਪੂਜਦੇ ਹਨ।

***ਬਾਲਮੀਕੈ ਹੋਆ ਸਾਧਸੰਗੁ॥ ਪੰਨਾ – 1192***

ਬਾਲਮੀਕ ਨੂੰ ਸਾਧੂਆਂ ਦਾ ਸੰਗ ਹੋਇਆ ਤੇ ਤਰ ਗਿਆ ਅਤੇ

***ਧ੍ਰੂ ਕਉ ਮਿਲਿਆ ਹਰਿ ਨਿਸੰਗ॥ ਪੰਨਾ – 1192***

ਸੋ ਉਸ ਨੂੰ ਪ੍ਰਮੇਸ਼ਰ ਦੀ ਪ੍ਰਾਪਤੀ ਹੋ ਗਈ ਅਤੇ ਉਸ ਨੇ ਸੋ ਦਸ ਹਜ਼ਾਰ ਸਾਲ ਪਹਿਲਾਂ 'ਰਮਾਇਣ' ਲਿਖ ਦਿਤੀ ਸੀ।

***ਧਾਰਨਾ – ਜਪ ਕੇ ਨਾਮ ਹਰੀ ਦਾ ਬਾਲਮੀਕ ਨੇ,***
***ਪਾਪਾਂ ਦਾ ਪਹਾੜ ਲੰਘਿਆ – 2***
***ਮੇਰੇ ਪਿਆਰੇ, ਪਾਪਾਂ ਦਾ ਪਹਾੜ ਲੰਘਿਆ-2.***
***ਜਪ ਕੇ ਨਾਮ ਹਰੀ ਦਾ ਬਾਲਮੀਕ ਨੇ,.।***

ਗੁਰਮੁਖ ਨੂੰ ਮਿਲ ਕੇ, ਸੰਤਾਂ ਨੂੰ ਮਿਲਕੇ ਬਾਲਮੀਕ ਪਾਪਾਂ ਦੇ ਪਹਾੜ ਲੰਘ ਗਿਆ।

***ਧਾਰਨਾ – ਸੁਣਿਓ ਮੇਰੇ ਮੀਤਾ***
***ਮਹਿਮਾ ਸਾਧੂਆਂ ਦੇ ਸੰਗ ਦੀ –2, 2.***

***ਬਾਲਮੀਕੈ ਹੋਆ ਸਾਧਸੰਗੁ॥ ਪੰਨਾ – 1192***

***ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ॥***
***ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ॥***
***ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ॥***
***ਪੰਨਾ – 809***

ਕਰੋੜਾਂ ਪਾਪਾਂ ਦਾ ਨਾਸ਼ ਹੋ ਗਿਆ, ਚਿਤ ਨਿਰਮਲ ਹੋ ਗਿਆ ਤੇ ਮਹਾਂ ਪਵਿੱਤਰ ਆਤਮਾ ਬਣ ਗਈ ਤੇ ਅੱਜ ਤਕ ਲੋਕੀ ਯਾਦ ਕਰਦੇ ਹਨ। ਇਸ ਵਾਸਤੇ ਅਰਦਾਸ ਕਰਨੀ ਚਾਹੀਦੀ ਹੈ –

***ਹੋਹੁ ਕਿਰਪਾਲ ਸੁਆਮੀ ਮੇਰੇ ਸੰਤਾਂ ਸੰਗਿ ਵਿਹਾਵੇ॥***
***ਤੁਧਹੁ ਭੁਲੇ ਸਿ ਜਮਿ ਜਮਿ ਮਰਦੇ ਤਿਨ ਕਦੇ ਨ ਚੁਕਨਿ ਹਾਵੇ॥***
***ਪੰਨਾ – 961***

ਸੁਸਾਇਟੀ ਉਹਨਾਂ ਨਾਲ ਬਣਾ ਲੈ, ਜਿਨ੍ਹਾਂ ਨਾਲ ਮਿਲ ਕੇ ਵਾਹਿਗੁਰੂ–ਵਾਹਿਗੁਰੂ, ਅੱਲਾ–ਅੱਲਾ, ਰਾਮ–ਰਾਮ ਚਿੱਤ ਆਵੇ –

***ਤਿਨ ਸੰਗਿ ਸੰਗੁ ਨ ਕੀਚਈ ਨਾਨਕ ਜਿਨਾ ਆਪਣਾ ਸੁਆਉ॥***
***ਪੰਨਾ – 520***

ਜਿਹੜੇ ਆਪਣੇ ਵਾਸਤੇ ਜੀਉਂਦੇ ਹਨ, ਉਨ੍ਹਾਂ ਦਾ ਸੰਗ ਨਾ ਕਰੋ। ਸੋ ਇਸ ਤਰ੍ਹਾਂ ਨਾਮ ਦੀ ਮਹਿਮਾ ਆਪ ਨੇ ਸਰਵਣ ਕੀਤੀ ਹੈ। ਸਾਧੂਆਂ ਦੀ ਸੰਗਤ ਦੀ ਮਹਿਮਾ ਸਰਵਣ ਕੀਤੀ ਹੈ। ਸੋ ਇਹ ਕਈ ਦਿਨਾਂ, ਇਕੋ ਸਵਾਲ ਚਲਦਾ ਹੈ ਕਿ ਕੀ ਇਹ ਮੁਮਕਿਨ ਹੈ ਕਿ ਵਾਹਿਗੁਰੂ ਮਿਲ ਸਕਦਾ ਹੈ? ਇਹਦੇ ਵਿਚ ਬਹੁਤ ਸਾਰੀਆਂ ਰਹਿਤਾਂ ਨੇ, ਹੌਲੀ ਹੌਲੀ ਵਿਚਾਰਾਂਗੇ। ਅਜੇ ਆਪਾਂ ਦੋ ਰਹਿਤਾਂ ਵੀਚਾਰੀਆਂ ਹਨ, ਪਹਿਲੀ ਇਹ ਕਿ ਮਨ ਵਿਚ ਪ੍ਰਤੀਤ ਪੈਦਾ ਕਰੋ, ਦੂਸਰੀ ਨਾਮ ਦੀ ਮਹਿਮਾ ਤੇ ਵਿਸ਼ਵਾਸ ਲਿਆਓ ਕਿ ਨਾਮ ਕਿਹੋ ਜਿਹੀ ਚੀਜ਼ ਹੈ। ਹੌਲੀ–ਹੌਲੀ ਜਿਉਂ ਜਿਉਂ ਸਮਾਂ ਆਵੇਗਾ ਤਿਉਂ ਤਿਉਂ ਅਗਲੀਆਂ ਰਹਿਤਾਂ ਵੀਚਾਰਾਂਗੇ ਤੇ ਇਹ ਕੋਈ ਵੀਹ–ਤੀਹ ਰਹਿਤਾਂ ਹੋਇਆ ਕਰਦੀਆਂ ਹਨ ਨਾਮ ਦੀਆਂ –

***ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ॥***
***ਪੰਨਾ – 491***

ਰਾਮ–ਰਾਮ, ਵਾਹਿਗੁਰੂ–ਵਾਹਿਗੁਰੂ, ਅੱਲਾ–ਅੱਲਾ ਸਭ ਕਰਦੇ ਨੇ, ਲੇਕਿਨ ਮਨ ਵਿਚ ਨਹੀਂ ਵਸਦਾ ਕਿਉਂਕਿ ਅੰਦਰਲੀਆਂ ਰਹਿਤਾਂ ਨਹੀਂ ਰੱਖਦਾ, ਬਾਹਰੋਂ ਤਾਂ ਰੱਖੀ ਫਿਰਦੈ।

ਪਰ ਬਾਹਰਲੀਆਂ ਰਹਿਤਾਂ ਦਾ ਨਾਮ ਨਾਲ ਸੰਬੰਧ ਨਹੀਂ ਹੁੰਦਾ। ਨਾਮ ਨਾਲ ਸੰਬੰਧ ਅੰਦਰਲੀਆਂ ਰਹਿਤਾਂ ਦਾ ਹੁੰਦਾ ਹੈ। ਜੇ ਈਰਖਾ ਕਰਦਾ ਹੋਵੇ ਤਾਂ ਉਸ ਦੇ ਮਨ ਨੂੰ ਸਿਉਂਕ ਲੱਗੀ ਹੋਈ ਹੈ। ਬਾਹਰਲੀ ਰਹਿਤ ਤਾਂ ਈਰਖਾ ਨੂੰ ਨਹੀਂ ਲਾਹ ਸਕਦੀ। ਪ੍ਰੇਮੀਆਂ! ਬਾਹਰ ਤਾਂ ਰਹਿਤ ਰੱਖ ਲਈ, ਠੀਕ ਹੈ, ਗੁਰੂ ਦੀਆਂ ਨੀਸ਼ਾਨੀਆਂ ਹਨ ਲੇਕਿਨ ਅਸਲੀ ਰਹਿਤ ਅੰਦਰਲੀ ਹੋਇਆ ਕਰਦੀ ਹੈ –

***ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ॥ ਪੰਨਾ – 274***

***ਕਰਨ ਨ ਸੁਨੈ ਕਾਹੂ ਕੀ ਨਿੰਦਾ॥ ਪੰਨਾ – 274***

ਇਹ ਰਹਿਤਾਂ ਹੁੰਦੀਆਂ ਹਨ। ਨਿੰਦਿਆਂ ਕਰਨ ਨਾਲ ਕੀ ਹੁੰਦੈ?

***ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ॥***
***ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ॥***
***ਪੰਨਾ – 755***

ਜਨੇਊ ਵੀ ਪਾਇਆ ਹੋਇਐ, ਤਿਲਕ ਵੀ ਲਾਇਆ ਹੋਇਐ, ਕਿਰਪਾਨ ਪਾਈ ਹੋਈ ਹੈ, ਦਸਤਾਰ ਵੀ ਸੁਹਣੀ ਸਜਾਈ ਹੋਈ ਹੈ ਤੇ ਬਾਹਰਲੀ ਸਾਰੀ ਰਹਿਤ ਰੱਖੀ ਹੋਈ ਹੈ ਪਰ ਨਿੰਦਿਆਂ ਕਰਦੈ। ਪ੍ਰੇਮੀਆ! ਐਵੇਂ ਕਾਹਨੂੰ ਬੰਧਨ ਵਿਚ ਪਿਆ ਹੋਇਐਂ, ਇਹਦੇ ਨਾਲੋਂ ਤਾਂ ਇਸੇ ਤਰ੍ਹਾਂ ਠੀਕ ਸੀ; ਕਿਉਂ ਸੁਤਾ ਪਿਆ ਧਰਮ ਨੂੰ ਧਾਰਨ ਕਰਦੈਂ, ਆਪਣੀ ਅਜਾਦੀ ਵੀ ਗੁਆਉਂਦਾ ਹੈਂ, ਬੰਦਸ਼ 'ਚ ਪੈਂਦਾ ਹੈਂ। ਤਰੱਕੀ ਤੂੰ ਕੋਈ ਕਰਨੀ ਨਹੀਂ ਹੈ।

***ਬੰਦੇ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰ॥***
***ਪੰਨਾ – 465***

ਆਤਮ ਸ਼ਾਖਸ਼ਾਤ ਕਰਨ ਵਾਸਤੇ, ਪ੍ਰਮਜੋਤ ਦੇ ਦੀਦਾਰ ਕਰਨ ਵਾਸਤੇ ਜਿਸ ਨੇ ਜੀਵਨ ਬੰਦਸ਼ 'ਚ ਪਾਇਐ ਤੇ ਸ੍ਵੈ–ਸੰਜਮ ਵਿਚ ਆਇਐ, ਉਸ ਨੂੰ ਅੱਗੇ ਵੀ ਤਰੱਕੀ ਕਰਨੀ ਚਾਹੀਦੀ ਹੈ। ਅੰਦਰਲੀਆਂ ਰਹਿਤਾਂ ਧਾਰਨ ਕਰੋ, ਫੇਰ ਨਾਮ ਚਲੇਗਾ, ਨਹੀਂ ਤਾਂ ਨਾਮ ਨਹੀਂ ਚਲ ਸਕੇਗਾ, ਅਧੂਰਾ ਹੀ ਰਹਿ ਜਾਇਆ ਕਰਦੈ। ਇਸੇ ਕਰਕੇ ਮਾਯੂਸੀ ਹੋ ਜਾਂਦੀ ਹੈ ਕਿ ਬਾਣੀ ਬਥੇਰੀ ਪੜ੍ਹਦਾਂ ਹਾਂ, ਤੜਕੇ ਵੀ ਉਠਦੇ ਹਾਂ, ਪਰ ਸਾਨੂੰ ਤਾਂ ਕੁਛ ਲੱਭਦਾ ਨਹੀਂ ਹੈ। ਜੇ ਕੋਈ ਕਹਿੰਦਾ ਹੈ ਕਿ ਜੇ ਇਥੇ ਨਹੀਂ ਲੱਭਦਾ ਤਾਂ ਤੂੰ ਬਿਆਸਾ ਚਲ, ਉਥੇ ਲਭ ਜਾਊ। ਉਥੇ ਨੂੰ ਤੁਰ ਪੈਂਦੈ। ਉਥੇ ਜਾ ਕੇ ਵੀ ਮਹਾਂਪੁਰਸ਼ਾਂ ਦੇ ਬਚਨ ਨਹੀਂ ਕਮਾਉਂਦਾ। ਸਾਂਈ ਬਾਬਾ ਕੋਲ ਚਲਿਆ ਜਾਊ ਪਰ ਉਪਦੇਸ਼ ਫੇਰ ਵੀ ਨਹੀਂ ਕਮਾਉਂਦਾ। ਇਹ ਤਾਂ ਜਿੰਨੀ ਦੇਰ ਤੱਕ ਅੰਦਰੋਂ ਤਾਰਾਂ ਨੂੰ ਸੈਟ ਨਹੀਂ ਕਰਦਾ, ਜਿਵੇਂ ਜੇ ਇਕ ਤਾਰ ਨਿਕਲ ਜਾਵੇ ਤਾਂ ਇਹ ਲਾਊਡਸਪੀਕਰ ਬੋਲਦਾ ਨਹੀਂ, ਜਦੋਂ ਸਾਰੀਆਂ ਤਾਰਾਂ ਠੀਕ ਜਗ੍ਹਾਂ ਤੇ ਲੱਗਣਗੀਆਂ, ਫੇਰ ਬੋਲ ਸਕੇਗਾ। ਇਸੇ ਤਰ੍ਹਾਂ ਜੀਵਨ ਦੀਆਂ ਤਾਰਾਂ ਨੂੰ ਸੈਟ ਕਰਨਾ ਪਵੇਗਾ, ਫੇਰ ਕਿਤੇ ਜਾ ਕੇ ਨਾਮ ਦੀ ਗੱਲ ਸਮਝ ਪਵੇਗੀ ਤੇ ਫੇਰ ਹੀ ਨਾਮ ਦੀ ਕਮਾਈ ਹੋ ਸਕੇਗੀ ਅਤੇ ਤਾਂ ਹੀ ਪਰਮ ਪਦਵੀ ਪ੍ਰਾਪਤ ਹੋਵੇਗੀ।

ਸੋ ਇਹ ਇਕ ਸਾਖੀ ਚਲ ਰਹੀ ਹੈ – ਇਕ ਮਹੀਨੇ ਤੋਂ, ਉਹ ਇਹ ਹੈ ਕਿ ਇਕ ਚੰਦਾ ਸਿੰਘ ਨਾਮ ਦਾ ਪ੍ਰੇਮੀ ਬਾਬਾ ਸਾਹਿਬ ਸਿੰਘ ਜੀ ਪਾਸ ਆਇਆ। ਉਸ ਨੇ ਬਾਬਾ ਜੀ ਨੂੰ ਸਵਾਲ ਕਰ ਦਿਤਾ ਕਿ ਮੈਂ ਰੱਬ ਨੂੰ ਮਿਲਣੈ। ਬਾਬਾ ਜੀ ਕਹਿੰਦੇ ਜੇ ਰੱਬ ਨੂੰ ਮਿਲਣੈ ਤਾਂ ਧਿਆਨ ਨਾਲ ਸਾਡੇ ਬਚਨ ਸੁਣ। ਸੋ ਇਹ ਬਚਨ ਚਲ ਰਹੇ ਨੇ, ਇਨ੍ਹਾਂ ਨੂੰ ਤੁਸੀਂ ਵੀ ਸਾਰੇ ਧਿਆਨ ਨਾਲ ਮਨ ਵਿਚ ਵਸਾਓ, ਘਰ ਜਾ ਕੇ ਅਨਤਰੰਗ ਸਤਸੰਗ ਕਰੋ, ਨਿਧਿਆਸਣ ਕਰੋ ਅਤੇ ਇਹਨਾਂ ਰਹਿਤਾਂ ਤੇ ਪਹਿਰਾ ਦਿਓ ਤਾਂ ਕਿ ਸਾਡਾ ਵੀ ਸੰਸਾਰ ਤੇ ਆਉਣਾ ਸਫਲ ਹੋ ਜਾਵੇ।

–ਅਨੰਦ ਸਾਹਿਬ–

–ਗੁਰੂ ਸਤੋਤਰ–

**LLLLLL**

---

(ਪੰਨਾ 4 ਦੀ ਬਾਕੀ)

ਬ੍ਰਹਿਮੰਡ ਦੀਆਂ ਸਾਰੀਆਂ ਘਾੜਤਾਂ ਨਾਮ ਅਤੇ ਰੂਪ ਤੋਂ ਜਾਣੀਆਂ ਜਾਂਦੀਆਂ ਹਨ ਪਰ ਨਾਮ ਰੂਪ ਦੇ ਪਿਛੇ ਵੀ ਕੋਈ ਸ਼ਕਤੀ ਹੈ? ਇਸ ਗੰਭੀਰ ਵਿਸ਼ੇ ਨੂੰ ਸਪਸ਼ਟ ਕਰਦੇ ਹੋਏ ਮਹਾਂਪੁਰਸ਼ ਲੜੀਵਾਰ ਛਪਦੇ ਲੇਖ 'ਮਹਿਮਾ ਸਾਧੂ ਸੰਗ ਕੀ,.......' ਵਿਚ ਦਸਦੇ ਹਨ ਕਿ ਇਥੇ ਤਿੰਨ ਚੀਜ਼ਾਂ ਹਨ – ਇਕ ਰਾਮ, ਅੱਲਾ ਵਾਹਿਗੁਰੂ ਕੋਈ ਕਹਿ ਲਵੋ, ਇਹ ਇਕ ਸ਼ਕਤੀ ਪਰੀਪੂਰਨ ਹੈ ਜਿਹੜੀ ਸਤਿ, ਚਿਤ ਤੇ ਅਨੰਦ ਹੈ। ਇਕ ਚੇਤਨ ਹੈ। ਇਹਦੇ ਵਿਚ ਦੋ ਚੀਜ਼ਾਂ ਫੋਕਟ ਹਨ ਜਿਵੇਂ ਰੂਪ ਤੇ ਨਾਮ। ਜਿੰਨਾਂ ਕੁਝ ਨਜ਼ਰ ਆ ਰਿਹਾ ਹੈ, ਇਹ ਰੂਪ ਹੈ ਤੇ ਜਿੰਨਾਂ ਕੁਝ ਸੁਣਦਾ ਹੈ ਇਹ ਨਾਮ ਹੈ। ਇਨ੍ਹਾਂ ਦੋਹਾਂ ਨੂੰ ਪਾਸੇ ਕਰਕੇ ਪਿਛੇ ਦੇਖ, ਕੀ ਨਜ਼ਰ ਆਉਂਦਾ ਹੈ? ਇਸਨੂੰ ਆਤਮਾ ਕਹਿੰਦੇ ਹਨ ਜਿਹੜੀ ਸਾਰੇ ਬ੍ਰਹਿਮੰਡ ਨੂੰ ਚਲਾ ਰਹੀ ਹੈ। ਤੂੰ ਆਤਮਾ ਹੈਂ, ਉਹ ਸਾਖੀ ਚੇਤਨ ਹੈ.....' ਇਸੇ ਸੁਰ ਵਿਚ 'ਅਬਿਨਾਸ਼ੀ ਜੋਤਿ ਪ੍ਰਗਟੀ' ਦੇ ਲੜੀਵਾਰ ਛਪਦੇ ਲੇਖ ਹਨ।

'ਰੰਗਲੇ ਸੱਜਣ' ਉਨ੍ਹਾਂ ਮਹਾਂਪੁਰਸ਼ਾਂ ਦੀ ਗਾਥਾ ਹੈ ਜਿਨ੍ਹਾਂ ਨੇ ਨਾਮ ਜਪਿਆ, ਵੰਡ ਛਕਿਆ ਅਤੇ ਮਹਾਨ ਕੁਰਬਾਨੀਆਂ ਕੀਤੀਆਂ ਅਤੇ ਸਾਡੇ ਲਈ ਪ੍ਰੇਰਨਾ ਦਾ ਸਰੋਤ ਬਣ ਗਏ। ਲੇਖ 'ਬਾਰਹਮਾਹਾ' ਵਿਚ ਮਾਝ ਅਤੇ ਤੁਖਾਰੀ ਰਾਗਾਂ ਵਿਚ ਉਚਾਰਨ ਕੀਤੇ ਮਹੀਨੇ ਦੇ ਦਰਸ਼ਨ ਦੀਦਾਰ ਸਰਲ ਅਰਥਾਂ ਰਾਹੀਂ ਪ੍ਰਾਪਤ ਹੋ ਰਹੇ ਹਨ। ਡਾ. ਸਵਾਮੀ ਰਾਮ 'ਵਿਵੇਕ ਬੋਧ' ਰਾਹੀਂ ਉਪਨਿਸ਼ਦਾਂ ਦੀ ਮਹਾਨ ਫਿਲਾਸਫੀ ਦਰਸਾਉਂਦੇ ਹਨ। 'ਗੁਰੂ ਗੋਬਿੰਦ ਗੀਤ' ਉਨ੍ਹਾਂ ਦੀ ਮਹਾਨ ਰਚਨਾ ਹੈ ਜੋ ਗੁਰੂ ਦਸਮ ਪਾਤਸ਼ਾਹ ਅਤੇ ਬੰਦਾ ਸਿੰਘ ਬਹਾਦਰ ਦੀ ਮੁਲਾਕਾਤ ਦੀ ਮਹਾਨ ਗਾਥਾ ਹੈ। ਡਾਕਟਰ ਸਵਾਮੀ ਵੇਦ ਭਾਰਤੀ ਦੇ ਲੇਖ ਸਾਡੇ ਗਿਆਨ ਵਿਚ ਮਹਾਨ ਵਾਧਾ ਕਰਦੇ ਹਨ। ਇਸ ਤਰ੍ਹਾਂ ਭਿੰਨ–ਭਿੰਨ ਫੁੱਲਾਂ ਦਾ ਸੁਗੰਧੀ ਭਰਿਆ ਗੁਲਦਸਤਾ ਆਪ ਜੀ ਦੇ ਜੀਵਨ ਨੂੰ ਸੋਹਣਾ, ਸੁਥਰਾ ਅਤੇ ਖੁਸ਼ੀਆਂ ਭਰਿਆ ਬਣਾਉਣ ਦਾ ਉਪਰਾਲਾ ਹੈ। ਆਸ ਹੈ, ਆਪ ਨੂੰ ਪਸੰਦ ਆਏਗਾ ਅਤੇ ਇਸ ਮਹਾਨ ਵਿਰਸੇ ਨਾਲ ਹੋਰਨਾਂ ਨੂੰ ਜੋੜਨ ਦਾ ਵੀ ਉਪਰਾਲਾ ਕਰਕੇ ਆਪ ਖੁਸ਼ੀ ਮਹਿਸੂਸ ਕਰੋਗੇ। ਗੁਰੂ ਅੰਗ ਸੰਗ।

***ਡਾ. ਜਗਜੀਤ ਸਿੰਘ***

**LLLLLL**

# ਰੰਗਲੇ ਸੱਜਣ

***ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ***

## ਭਾਈ ਲਾਲ ਸਿੰਘ ਸਰਬਲੋਹੀ (ਧਾਂਦਰਾ)

ਜਥੇ ਦੇ ਕੀਰਤਨੀ ਵਿਅਕਤੀਆਂ ਵਿਚੋਂ, ਅਖੰਡ ਕੀਰਤਨ ਦੀ ਅਉਧ ਵਾਲੀ ਇਕ ਹਸਤੀ ਸਿਰੀ ਭਾਈ ਲਾਲ ਸਿੰਘ ਜੀ ਦੀ ਹਸਤੀ ਸੀ। ਕੀਰਤਨ ਕਰਦੇ ਹੋਏ ਮਹੀਨ ਸੁਰ ਦੀਆਂ ਅਖੰਡ ਧੁਨੀਆਂ ਇਸ ਵੀਰ ਦੇ ਮੁਖਾਰਬਿੰਦ ਤੋਂ ਨਿਕਲਦੀਆਂ, ਦਿਲ-ਚੀਰਵੀਆਂ ਹੁੰਦੀਆਂ ਸਨ। ਮਹੀਨ ਤੋਂ ਮਹੀਨ ਸੁਰ ਸਪਸ਼ਟ ਅਵਾਜ਼ਿਆਂ ਵਿਚ ਸਾਰੀ ਸੰਗਤ ਨੂੰ ਨਿਖਰਵੀਂ ਤੇ ਨਿਰਾਲੀ ਸੁਣਾਈ ਦੇਂਦੀ ਸੀ। ਐਸੇ ਵਜਦ ਵਿਚ ਕੀਰਤਨ ਕਰਨਾ ਕਿ ਸਰੋਤਿਆਂ ਦੇ ਦਿਲ ਹਿਲਾ ਦੇਣੇ, ਅਥੱਕ ਕੀਰਤਨ ਦੇ ਧਨੀ ਸਨ। ਕੀਰਤਨ ਕਰਦੇ ਕਰਦੇ ਰੱਜਣਾ ਨਾ, ਨਾ ਸਰੋਤਿਆਂ ਨੇ ਰੱਜਣਾ, ਸਾਰੀ ਸਾਰੀ ਰਾਤ ਲਗਾਤਾਰ ਕੀਰਤਨ ਕਰਨ ਵਾਲਿਆਂ ਵਿਰਲੇ ਜਨਾਂ ਵਿਚੋਂ ਇਹ ਪ੍ਰੇਮ-ਮੂਰਤੀ ਇਕ ਵਿਰਲੀ ਸੀ, ਜਿਸ ਨੇ ਸਦਾ ਪੂਰਨ ਸਾਵਧਾਨਤਾ ਵਿਚ ਕੀਰਤਨ ਕਰਨਾ। ਤਾਊਸ (ਮੋਰ) ਦਾ ਸਾਜ਼ ਵਜਾਉਣ ਵਿਚ ਵੀ ਪ੍ਰਬੀਨ ਸਨ। ਇਸ ਕਰਕੇ ਇਨ੍ਹਾਂ ਦਾ ਨਾਮ ਮੋਰ ਵਾਲਾ ਭਾਈ ਲਾਲ ਸਿੰਘ ਕੀਰਤਨੀਆ ਪਿਆ ਹੋਇਆ ਸੀ। ਹਾਰਮੋਨੀਅਮ ਵਾਜਾ ਇਨ੍ਹਾਂ ਦੇ ਹੱਥਾਂ ਵਿਚ ਆਇਆ ਆਪ-ਮੁਹਾਰੀਆਂ ਸੁਰ-ਤਰੰਗਾਂ ਕੱਢ ਕੱਢ ਕੇ ਵਜਾਉਣਹਾਰੇ ਵੀਰ ਲਾਲ ਸਿੰਘ ਨੂੰ ਹਾਰਮੋਨੀਅਮ ਰੂਪ ਹੀ ਕਰ ਲੈਂਦਾ ਸੀ। ਮਸਤੁਲ-ਮਸਤ ਹੋ ਕੇ ਕੀਰਤਨ ਕਰਦਿਆਂ ਹੋਇਆਂ ਭਾਈ ਲਾਲ ਸਿੰਘ ਜੀ ਨੇ ਲਿਫ ਲਿਫ ਕੇ ਵਾਜੇ ਉਤੇ ਮੇਹਲਣਾ। ਕੁਦਰਤੀ ਇਨ੍ਹਾਂ ਦੀ ਅਵਾਜ਼ ਵੀ ਮਹੀਨ ਹੀ ਸੀ, ਪਰ ਰੰਗਾਂ ਵਿਚ ਆ ਕੇ ਇਨ੍ਹਾਂ ਦੀ ਇਸ ਅਵਾਜ਼-ਮਹੀਨਤਾ ਦੀ ਪ੍ਰਬੀਨਤਾ ਹੋਰ ਵੀ ਵਧੇਰੀ ਹੋ ਜਾਣੀ। ਕੀਰਤਨ ਕਰਦਿਆਂ ਹੋਇਆਂ ਬਾਣੀ ਦੇ ਭਾਵ ਨੂੰ ਖੂਬ ਸਮਝਣਾ ਤੇ ਸਮਝ ਸਮਝ ਕੇ ਉਪਰ ਨੂੰ ਚੜ੍ਹਨਾ, ਤੇ ਚੜ੍ਹਦੇ ਹੀ ਜਾਣਾ। ਆਪ ਜਦੋਂ ਵੀ ਸ਼ਬਦ ਲੈਂਦੇ ਸਨ, ਨਿਰੇ ਵੈਰਾਗ-ਮਈ ਹੀ ਸ਼ਬਦ ਲੈਂਦੇ ਸਨ ਤੇ ਪ੍ਰੇਮ-ਵੈਰਾਗ ਵਿਚ ਭਿਜ ਭਿਜ ਕੇ ਐਸਾ ਵੈਰਾਗ ਭਰਿਆ ਕੀਰਤਨ ਕਰਨਾ ਕਿ ਇਨ੍ਹਾਂ ਦੀਆਂ ਆਪਣੀਆਂ ਅੱਖੜੀਆਂ ਭੀ ਨੀਰੋ ਨੀਰ ਹੋ ਕੇ ਵੈਰਾਗ ਨਾਲ ਵਹਿ ਤੁਰਨੀਆਂ।

ਇਹ ਵੀਰ ਲਾਲ ਸਿੰਘ ਪਿੰਡ ਧਾਂਦਰਾ, ਜ਼ਿਲਾ ਲੁਧਿਆਣਾ ਦੇ ਨਿਵਾਸੀ ਸਨ। ਇਨ੍ਹਾਂ ਦਾ ਪਿਛਾ ਰਹਿਤੀਆਂ ਸਿੰਘਾਂ ਦੀ ਪੁਰਾਤਨ ਸ਼੍ਰੇਣੀ ਵਿਚੋਂ ਸੀ। ਅੰਮ੍ਰਿਤ ਛਕਣ ਸਾਰ ਹੀ ਆਪਣੀ ਸਿੰਘਣੀ ਸਮੇਤ ਪੱਕੇ ਬਿਬੇਕੀ ਸਰਬਲੋਹੀਏ ਸਿੰਘ ਸਜ ਗਏ। ਸਮੂਹ ਜਥੇ ਨੇ ਇਨ੍ਹਾਂ ਦੀ ਨਗਰੀ ਵਿਚ ਜਾ ਕੇ ਹੀ ਅੰਮ੍ਰਿਤ ਛਕਾਇਆ ਤੇ ਅਭੇਦ ਕਰ ਲੀਤਾ। ਸਾਰੀ ਪੁਰਾਣੀ ਬਰਾਦਰੀ ਵਿਚੋਂ ਨਿਖੜ ਕੇ ਇਹ ਜੋੜੀ ਨਿਰੋਲ ਅਟੰਕ ਹੋ ਗਈ। ਬਰਾਦਰੀ ਵਿਚ ਹੀ ਰਹਿ ਕੇ ਸਭ ਸੰਸਾਰੀ ਸੰਸਕਾਰਾਂ ਤੋਂ ਸਦਾ ਹੀ ਨਿਰਲੇਪ ਰਹੇ। ਇਨ੍ਹਾਂ ਦੇ ਨਾਲ ਉਨ੍ਹਾਂ ਨੂੰ ਅੰਮ੍ਰਿਤ ਛਕਾਇਆ ਗਿਆ, ਜਿਨ੍ਹਾਂ ਨੇ ਸਿਰ ਤਲੀ ਤੇ ਰਖ ਕੇ ਗੁਰਮਤਿ ਰਹਿਣੀ ਬਹਿਣੀ ਦੀ ਤਿਖੀ ਖੰਡੇਧਾਰ ਉਪਰ ਚਲਣਾ ਕਬੂਲ ਕੀਤਾ। ਸਾਰਾ ਧਾਂਦਰਾ ਪਿੰਡ ਇਨ੍ਹਾਂ ਦੇ ਅੰਮ੍ਰਿਤ-ਸਮਾਗਮ ਤੇ ਢਕੋ ਢਕ ਇਕੱਠਾ ਹੋ ਗਿਆ। ਪਰ ਇਨ੍ਹਾਂ ਦੇ ਨਾਲ ਇਕੋ ਅੰਮ੍ਰਿਤ ਦੇ ਬਾਟੇ ਵਿਚ ਅੰਮ੍ਰਿਤ ਛਕਣ ਲਈ ਇਨ੍ਹਾਂ ਦਾ ਸੁਨਹਿਰੀਆ ਸਿੰਘ ਵੀਰ ਸਜਣ ਲਈ ਕਿਸੇ ਦੀ ਹਿੰਮਤ ਨ ਪਈ, ਨ ਹੀ ਕੋਈ ਇਨ੍ਹਾਂ ਵਾਲੀ ਕਸੌਟੀ ਤੇ ਚੜ੍ਹਿਆ। ਲਾਂਭੇ ਚਾਂਭੇ ਦੇ ਨੇੜੇ ਤੇੜੇ ਪਿੰਡਾਂ ਤੋਂ ਹੋਰ ਭੀ ਬਹੁਤ ਸਾਰੀਆਂ ਸੰਗਤਾਂ ਉਮਡ ਉਮਡ ਕੇ ਕੀਰਤਨ ਕਰਦੀਆਂ ਆਈਆਂ। ਜਥੇ ਦੀ ਦਰਿਆ-ਦਿਲੀ ਦੀਆਂ ਧਾਂਕਾਂ ਤਾਂ ਅਗੇ ਹੀ ਪਈਆਂ ਹੋਈਆਂ ਸਨ, ਇਸ ਸਮੇਂ ਤਾਂ ਖਾਸ ਅਤੁਟ ਦੇਗਾਂ ਚਲੀਆਂ, ਮਹਾਂ ਪ੍ਰਸ਼ਾਦ (ਕੜਾਹ ਪ੍ਰਸ਼ਾਦ) ਦੀ ਦੇਗ ਵੀ ਬੜੀ ਅਤੁਟ ਸੀ। ਸਿਰੀ ਭਾਈ ਲਾਲ ਸਿੰਘ ਜੀ ਨੂੰ ਅੰਮ੍ਰਿਤ ਛਕਾ ਕੇ ਅਤੇ ਅਭੇਦ ਕਰ ਕੇ ਏਨ੍ਹਾਂ ਦੇ ਹੱਥੋਂ ਹੀ ਕੜਾਹ ਪ੍ਰਸ਼ਾਦ ਦੀ ਦੇਗ ਦੇ ਛਾਂਦੇ ਵਰਤਾਏ ਗਏ। ਇਸ ਬਿਧ ਅਭੇਦ ਵਰਤਾਰਾ ਵਰਤਾਇਆ ਗਿਆ, ਆਈਆਂ ਸੰਗਤਾਂ ਦੇ ਸਮੂਹ ਇਸ ਵਰਤਾਰੇ ਨਾਲ ਵਰੋਸਾਇ ਗਏ। ਹਿੰਦਵੈਣ ਦੀ ਹਰੇਕ ਊਚ ਨੀਚ ਸ਼੍ਰੇਣੀ ਨੇ ਇਹ ਛਾਂਦੇ ਪ੍ਰਸੰਨ ਹੋ ਕੇ ਛਕੇ। ਅਣ-ਗਿਣਤ ਆਈ ਲੁਕਾਈ ਉਦਾਲੇ-ਪੁਦਾਲੇ ਦੇ ਸਾਰੇ ਪਿੰਡਾਂ ਦੀ ਖੂਬ ਰਜ ਰਜ ਕੇ ਗਈ। ਪਰੰਤੂ ਲੰਗਰ ਦੀਆਂ ਦੇਗਾਂ ਛਕਣ ਲਈ ਵਿਰਲੇ ਵਿਰਲੇ ਹੀ ਮਾਈ ਦੇ ਲਾਲ ਨਿਤਰੇ।

ਪਿੰਡ ਫੁੱਲਾਂਵਾਲ ਦਾ ਇਕ ਸਿੰਘ ਬਜ਼ੁਰਗ ਭਾਈ ਨੰਦ ਸਿੰਘ ਨਾਮੇ ਸੀ, ਉਸ ਦੀ ਅਸੀਂ ਵਖਰੀ ਪੰਗਤ ਨਾਲ ਹੀ ਲਾ ਦਿਤੀ, ਜਿਸ ਦਾ ਕਾਰਨ ਇਹ ਸੀ ਕਿ ਇਹ ਸਿੰਘ ਸੂਰਬੀਰ ਰੱਜਣ ਵਿਚ ਕਦੇ ਨਹੀਂ ਆਇਆ ਸੀ। ਜਦ ਸਾਰੀ ਸੰਗਤ ਪੰਗਤ ਵਿਚ ਬਿਠਾ ਦਿੰਦੇ ਤਾਂ ਵਿਚਾਰਾ ਭੁੱਖਾ ਹੀ ਉਠਦਾ। ਵਖਰੇ ਬੈਠਣ ਸਾਰ ਹੀ ਹੱਸ ਕੇ ਕਹਿਣ ਲਗਾ, "ਇਹ ਤੁਸੀਂ ਖੂਬ ਬੁੱਝੀ, ਪਰ ਅੱਜ ਮੈਂ ਨਿਰੋਲ ਕੜਾਹ ਪ੍ਰਸ਼ਾਦ ਦੇ ਗੱਫਿਆਂ ਨਾਲ ਹੀ ਰੱਜਣਾ ਹੈ। ਵੇਖਾਂਗਾ ਮੈਨੂੰ ਰਜਾਉਂਦੇ ਹੋ ਕਿ ਨਹੀਂ।" ਕੜਾਹ ਪ੍ਰਸ਼ਾਦ ਦੀ ਦੇਗ ਵੀ ਅਤੁੱਟ ਸੀ, ਖੂਬ ਉਛਲਮੇ ਉਂਜਲ ਭਰ ਭਰ ਕੇ ਸਿਰੀ ਭਾਈ ਨੰਦ ਸਿੰਘ ਜੀ ਨੂੰ ਕੜਾਹ ਪ੍ਰਸ਼ਾਦ ਛਕਾਇਆ। ਉਹ ਵੀ ਗੋਲੇ ਵੱਟ ਵੱਟ ਅੰਦਰ ਸੁਟੀ ਜਾਣ ਤੇ ਵਰਤਾਉਣਹਾਰਾ ਸਿੰਘ ਵੀ ਪਿੰਨੇ ਵੱਟ ਵੱਟ ਕੇ ਉਨ੍ਹਾਂ ਦੇ ਅਗੇ ਧਰੇ ਬਾਟੇ ਵਿਚ ਸੁਟੀ ਜਾਵੇ। ਭਾਈ ਨੰਦ ਸਿੰਘ ਜੀ ਖੂਬ ਪ੍ਰਸੰਨ-ਚਿਤ ਹੋ ਕੇ ਛਕੀ ਜਾਣ, ਮਸਤੀ ਦੀ ਖੁਮਾਰੀ ਵਿਚ ਅਖੀਆਂ ਨੁਟੀਆਂ ਹੋਈਆਂ ਪਤਾ ਨਹੀਂ ਕਿੰਨੇ ਬਾਟੇ ਪੰਚਾ-ਅੰਮ੍ਰਿਤ (ਕੜਾਹ ਪ੍ਰਸ਼ਾਦ) ਨਾਲ ਭਰੇ ਹੋਏ ਸਮੇਟ ਗਏ। ਛਕਾਉਣ ਵਾਲਿਆਂ ਦਾ ਅਨੁਮਾਨ ਹੈ ਕਿ ਘਟੋ ਘਟ ਧੜੀ ਪੱਕਾ (ਦਸ ਸੇਰ) ਕੜਾਹ ਪ੍ਰਸ਼ਾਦ ਭਾਈ ਨੰਦ ਸਿੰਘ ਜੀ ਛਕ ਗਏ ਹੋਣਗੇ। ਜਦੋਂ ਉਨ੍ਹਾਂ ਨੇ ਹੱਥ ਜੋੜ ਕੇ ਨਾਂਹ ਕੀਤੀ, ਤਦੋਂ ਹੀ ਛਕਾਉਣਹਾਰੇ ਹੋਰ ਛਾਂਦਾ ਪਾਉਣੋਂ ਹਟੇ। ਦਾਸ ਨੂੰ ਯਾਦ ਹੈ ਕਿ ਚੋਜ ਬਿਨੋਦੀ ਭਾਈ ਨੰਦ ਸਿੰਘ ਜੀ ਨੇ ਬੜੀਆਂ ਹੀ

ਅਸੀਸਾਂ ਇਸ ਪ੍ਰਸੰਨਤਾਈ ਵਿਚ ਦਿਤੀਆਂ। ਦਾਸ ਨੂੰ ਸਨਮੁਖ ਹੋ ਕੇ ਹਸੂੰ ਹਸੂੰ ਕਰਦੇ ਮੁਖੜੇ ਨਾਲ ਇਉਂ ਉਚਾਰਨ ਕਰਨ ਲਗੇ, "ਭਾਈ ਰਣਧੀਰ ਸਿੰਘਾ, ਅਜ ਮੈਨੂੰ ਕੜਾਹ ਪ੍ਰਸ਼ਾਦ ਛਕ ਕੇ ਪੂਰਾ ਪੂਰਾ ਰੱਜ ਆਇਆ ਹੈ। ਮੈਨੂੰ ਅੱਜ ਤਾਈਂ ਕਿਸੇ ਨੇ ਨਹੀਂ ਰਜਾਇਆ, ਕੇਵਲ ਇਸ ਭਾਗੀ ਭਰੇ ਜਥੇ ਨੇ ਹੀ ਰਜਾਇਆ ਹੈ। ਸਤਿਗੁਰੂ ਦੇਗ ਤੇਗ ਫਤਹ ਸਦਾ ਹੀ ਰਖੇ।" ਫੇਰ ਖੜ੍ਹੇ ਹੋ ਕੇ ਖਬੇ ਹੱਥ ਨਾਲ ਭਰਪੂਰ ਹੋਏ ਢਿੱਡ ਨੂੰ ਪਲੋਸਦੇ ਹੋਏ ਅਤੇ ਸੱਜੇ ਹੱਥ ਵਿਚ ਤੀਰ ਉਲਾਰ ਕੇ ਸਾਰੀਆਂ ਦੂਰ ਬੈਠੀਆਂ ਸੰਗਤਾਂ ਸਾਹਵੇਂ ਵੰਗਾਰ ਵੰਗਾਰ ਕੇ ਪੁਕਾਰਨ ਲਗੇ, "ਖੁਆਰ ਹੋਏ ਸਭ ਮਿਲੇਗੀ ਸਭ ਲੱਲੀ ਛੱਲੀ।" ਇਹ ਉਹ ਸਮਾਂ ਸੀ ਜਦੋਂ ਅਜੇ ਆਮ ਅਭੇਦਤਾਈ ਨਹੀਂ ਹੋਣ ਲੱਗੀ ਸੀ।

ਸਿਰੀ ਭਾਈ ਲਾਲ ਸਿੰਘ ਜੀ ਨੂੰ ਸਮੇਤ ਉਨ੍ਹਾਂ ਦੀ ਦਸਤਾਰ ਸਜੀ ਸੁਚੱਜੀ ਸੁਪਤਨੀ ਦੇ ਅਭੇਦ ਕਰਕੇ ਅਤੇ ਅਭੇਦ ਵਰਤਾ ਕੇ ਜਥੇ ਨੇ ਉਥੋਂ ਵਹੀਰਾਂ ਵਾਪਸ ਘਤੀਆਂ। ਇਹ ਲਾਲਾਂ ਦੀ ਜੋੜੀ ਸਿੱਖੀ ਸਿਦਕ ਭਰੋਸੇ ਵਿਚ ਐਸੀ ਦ੍ਰਿੜ੍ਹ ਰਹੀ ਕਿ ਸਾਰੀ ਉਮਰ ਕਾਇਮ ਦਾਇਮ ਹੋ ਕੇ ਸਿੱਖੀ ਕੇਸਾਂ ਸਵਾਸਾਂ ਤਕ ਨਿਬਾਹੀ। ਭਾਈ ਲਾਲ ਸਿੰਘ ਜੀ ਦੀ ਦੇਹੀ ਸਰੀਰ ਕਰਕੇ ਬੜੀ ਹਲਕੀ ਫੁਲਕੀ ਦੁਬਲੀ ਪਤਲੀ ਸੀ, ਪਰ ਸੂਰਬੀਰਤਾ ਦਾ ਜੁੱਸਾ ਉਨ੍ਹਾਂ ਦੀ ਰਗੋ ਰੇਸ਼ੇ ਵਿਚ ਐਸਾ ਭਰਿਆ ਹੋਇਆ ਸੀ ਕਿ ਜਿਥੇ ਵੀ ਪਰ-ਉਪਕਾਰ-ਮਈ ਬੀਰਤਾ ਦਾ ਦੰਗਲ ਬੱਝਣਾ, ਤਿਥੇ ਤਿਥੇ ਇਸ ਵੀਰ ਨੇ ਸ਼ੇਰ ਬੱਬਰ ਵਾਂਗੂ ਮੂਹਰਲੇ ਮੋਰਚੇ ਤੇ ਗੱਜਣਾ। ਇਕ ਮਿਸਾਲ ਕਾਫੀ ਹੈ: ਜਦੋਂ ਭਾਣੇ ਅੰਦਰ ਅਸੀਂ ਜਥੇ ਸਮੇਤ ਨਜ਼ਰਬੰਦ ਹੋ ਕੇ ਲੁਧਿਆਣੇ ਜੇਲ੍ਹ ਵਿਚ ਜਾ ਬਿਰਾਜੇ, ਓਦੋਂ ਇਹ ਵੀਰ ਕਿਸੇ ਗੁਪਤ-ਮੰਡਲ ਵਿਚ ਹੀ ਵਿਚਰ ਰਹੇ ਸਨ। ਇਨ੍ਹਾਂ ਨੂੰ ਜਥੇ ਦੇ ਵੀਰਾਂ ਦੀ ਗ੍ਰਿਫਤਾਰੀ ਦਾ ਪਤਾ ਹੀ ਨਹੀਂ ਲਗਣਾ ਪਾਇਆ ਸੀ। ਜਦੋਂ ਪਤਾ ਲਗਾ ਤਾਂ ਲੂਹਰੀਆਂ ਲੈਣ ਕਿ ਜਾਂ ਤਾਂ ਖੁਦ ਜੇਲ੍ਹ ਦੇ ਅੰਦਰ ਜਾ ਵਜੀਏ ਜਾਂ ਪੁਰਾਤਨ ਸਿੰਘਾਂ ਵਾਂਗੂੰ ਜੇਲ੍ਹ ਤੇ ਧਾਵਾ ਕਰ ਕੇ ਜਾ ਗੱਜੀਏ ਤੇ ਸਾਰੇ ਵੀਰਾਂ ਨੂੰ ਜੇਲ੍ਹੋਂ ਬਾਹਰ ਕੱਢ ਲਿਆਈਏ। ਗੋਰਾ-ਸ਼ਾਹੀ ਦੀ ਉਸ ਸਮੇਂ ਦੀ ਪੁਲਿਸ ਅਤੇ ਮਨ-ਖੁਟ ਪੁਲਿਸ ਅਫਸਰ ਸਾਡਾ ਜੇਲ੍ਹ ਅੰਦਰ ਭੀ ਬੜਾ ਹੀ ਪਹਿਰਾ ਰਖਦੇ ਸਨ। ਮੁਕੱਦਮਾ ਚਲਾਉਣ ਲਈ ਸਬੂਤਾਂ ਦੇ ਬਾਨ੍ਹਣੂ ਬੰਨ੍ਹਦੇ ਫਿਰਦੇ ਸਨ। ਨਿਤ ਨਵਾਂ ਰੀਮਾਂਡ ਲੈਂਦੇ ਸਨ, ਇਉਂ ਹੀ ਨਜ਼ਰਬੰਦੀ ਦੀ ਮਿਆਦ ਤੇ ਵਕਤ ਵਧਾਈ ਜਾਂਦੇ ਸਨ। ਇਕ ਨਹੀਂ, ਕਈ ਕਈ ਰੀਮਾਂਡਾਂ ਦੀਆਂ ਕਿਸ਼ਤਾਂ ਹੋਈਆਂ ਤੇ ਮਹੀਨਿਆਂ ਬੱਧੀ ਨਜ਼ਰਬੰਦ ਸਿੱਖਾਂ ਦੀਆਂ ਫੌਜਾਂ ਜੇਲ੍ਹ ਵਿਚ ਹੀ ਬੰਦ ਰਹੀਆਂ। ਅਤੇ ਰੀਮਾਂਡ ਸੁਣਾਉਣ ਲੱਗਿਆਂ ਅਦਾਲਤ ਦਾ ਕਾਨੂੰਨੀ ਫਰਜ਼ ਇਹ ਹੁੰਦਾ ਸੀ ਕਿ ਕਸੂਰਵਾਰਾਂ ਨੂੰ ਅਦਾਲਤ ਵਿਚ ਬੁਲਾ ਕੇ ਰੀਮਾਂਡ ਸੁਣਾਇਆ ਜਾਂਦਾ ਸੀ। ਸਾਡੇ ਬਾਰੇ ਗੋਰਾ-ਸ਼ਾਹੀ ਅਦਾਲਤਾਂ ਨੇ ਇਸ ਕਾਨੂੰਨ ਦੀ ਰੰਚਕ ਪਰਵਾਹ ਨਹੀਂ ਕੀਤੀ ਤੇ ਬੇ-ਕਾਨੂੰਨੀਆਂ ਹੀ ਵਰਤੀਆਂ। ਅਦਾਲਤ ਵਿਚੋਂ ਹੀ ਲਿਖਿਆ ਲਿਖਾਇਆ ਹੁਕਮ ਪਠਾ ਕੇ ਸਾਨੂੰ ਜੇਲ੍ਹਾਂ ਵਿਚ ਬੈਠਿਆਂ ਨੂੰ ਹੀ ਰੀਮਾਂਡ ਸੁਣਾਇਆ ਜਾਂਦਾ ਸੀ ਤੇ ਅਗਲੀ ਪੇਸ਼ੀ ਦੀ ਤਾਰੀਖ ਦਿਤੀ ਜਾਂਦੀ ਸੀ।

ਇਕ ਵਾਰ ਦਾ ਜ਼ਿਕਰ ਹੈ ਕਿ ਜੇਲ੍ਹ ਵਾਲਿਆਂ ਕਲਰਕਾਂ ਦੀ ਗਲਤੀ ਨਾਲ, ਜਾਂ ਨਵੇਂ ਅਦਾਲਤੀ ਅਫਸਰਾਂ ਦੀ ਨਾਵਾਕਾਫੀ ਨਾਲ, ਸਾਨੂੰ ਅਦਾਲਤ ਵਿਚ ਹੀ ਬੁਲਾ ਲੀਤਾ ਗਿਆ। 20 ਸਿੰਘਾਂ ਦਾ ਜਥਾ ਹੱਥਕੜੀਆਂ ਨਾਲ ਸਜਿਆ ਧਜਿਆ ਜੇਲ੍ਹ ਅੰਦਰੋਂ ਪੁਲਿਸ ਦੀ ਗਾਰਦ ਥੱਲੇ ਨਿਕਾਲਿਆ ਤੇ ਕਚਹਿਰੀ ਵਲ ਨੂੰ ਤੋਰਿਆ। ਇਕ ਇਕ ਸਿੰਘ ਉਤੇ ਦੋ ਦੋ ਪੁਲਿਸ ਸਿਪਾਹੀ ਤਾਇਨਾਤ ਕੀਤੇ ਹੋਏ ਸਨ। ਇਸ ਪ੍ਰਕਾਰ ਪੁਲਿਸ ਸਿਪਾਹੀ ਨਾਲ ਲੱਗੇ ਜਾਂਦੇ ਸਨ, ਜੋ ਤਲਵਾਰਾਂ ਬੰਦੂਕਾਂ ਨਾਲ ਵੀ ਮੁਸੱਲਾ ਸਨ। ਜਿਸ ਪ੍ਰਕਾਰ ਗੁਫਾਵਾਂ ਅੰਦਰੋਂ ਖੁਲ੍ਹੀ ਹਵਾ ਵਿਚ ਨਿਕਲ ਕੇ ਸ਼ੇਰ ਭੂਸਰ ਉਠਦੇ ਹਨ, ਇਸੇ ਪ੍ਰਕਾਰ ਜਦ ਮਹੀਨਿਆਂ ਬੱਧੀ ਜੇਲ੍ਹ-ਕੋਠੜੀਆਂ ਵਿਚ ਤਾੜੇ ਹੋਏ ਸਿੰਘ ਸੂਰਬੀਰਾਂ ਨੂੰ ਬਾਹਰਲੀ ਹਵਾ ਲਗੀ ਤਾਂ ਉਹ ਲਗ ਪਗ ਸਾਰੇ ਦੇ ਸਾਰੇ ਹੀ ਹਰਨ ਹੋਣ ਲਈ ਸੰਧੂਰਤ ਹੋ ਗਏ। ਸ਼ੋਰਮ-ਸ਼ੋਰੀ ਹੋ ਕੇ ਰਾਹ ਜਾਂਦਿਆਂ ਨੇ ਮਤਾ ਪਕਾਅ ਲਿਆ ਕਿ ਇਨ੍ਹਾਂ ਪਹਿਰੇਦਾਰ ਪੁਲਸੀਆਂ ਨੂੰ ਸੋਧ ਸਾਧ ਕੇ ਹਰਨ ਹੋ ਜਾਵੋ। ਪਰੰਤੂ ਸਾਡੇ ਵਿਚਕਾਰ ਗਿਆਨੀ ਨਾਹਰ ਸਿੰਘ ਸਾਰਖੇ ਕਈ ਦੂਰ-ਅੰਦੇਸ਼ ਸਿੰਘਾਂ ਨੇ ਵਰਜੀ ਰਖਿਆ। ਜੇਲ੍ਹ ਤੋਂ ਅਦਾਲਤ ਦਾ ਬੜਾ ਦੁਰਾਡਾ ਫਾਸਲਾ ਹੈ। ਸ਼ੇਰਾਂ ਦੀ ਕਤਾਰ ਨੂੰ ਲਈ ਜਾਂਦੇ ਦੁੱਗਣੇ ਚੌਗਣੇ ਪੁਲੀਸਮੈਨ ਸ਼ਸਤਰਾਂ ਨਾਲ ਸਨੱਦ-ਬਧ ਹੁੰਦੇ ਹੋਏ ਵੀ ਡਰਦੇ ਥਰ-ਥਰ ਕੰਬਣ। ਦਰ-ਅਸਲ ਉਨ੍ਹਾਂ ਦੀਆਂ ਪਹਿਨੀਆਂ ਹੋਈਆਂ ਤਲਵਾਰਾਂ ਬੰਦੂਕਾਂ ਉਨ੍ਹਾਂ ਦੀਆਂ ਨਹੀਂ ਸਨ, ਇਕੋ ਹੀ ਭਬਕੀ ਧਮਕੀ ਨਾਲ ਉਨ੍ਹਾਂ ਨੇ ਸਾਰੀਆਂ ਹੀ ਸਿੰਘਾਂ ਦੇ ਸਪੁਰਦ ਕਰ ਦੇਣੀਆਂ ਸਨ ਜਾਂ ਸਿੰਘਾਂ ਨੇ ਹਥੋ ਹਥੀ ਉਨ੍ਹਾਂ ਤੋਂ ਖੋਹ ਲੈਣੀਆਂ ਸਨ। ਚੇਹਰੇ ਉਨ੍ਹਾਂ ਦੇ ਪੀਲੇ ਭੂਕ ਪਏ ਹੋਏ ਸਨ। ਕਦਮ ਕਦਮ ਤੇ ਸਹਿਮ ਸਹਿਮ ਕੇ ਠਠੰਬਰ ਉਠਦੇ ਸਨ। ਅਦਾਲਤ ਤੋਂ ਕੋਈ ਸੌ ਪੰਜਾਹ ਕਦਮਾਂ ਉਰੇਡੇ ਨੂੰ ਇਕ ਸੰਘਣਾ ਰੱਖ (ਬਣ) ਸੀ, ਜੋ ਉਨ੍ਹੀਂ ਦਿਨੀਂ ਸੁੰਨਸਾਨ ਬੀਆਬਾਨ ਹੀ ਪਿਆ ਸੀ। ਉਸ ਦੇ ਵਿਚੋਂ ਹੀ ਰਸਤਾ ਅਦਾਲਤ ਨੂੰ ਲੰਘਣਾ ਸੀ। ਉਸ ਰੱਖ ਵਿਚ ਵੜ ਕੇ ਅਜੇ ਅੱਧ ਵਿਚਾਲੇ ਹੀ ਗਏ ਸਾਂ ਕਿ ਅਸੀਂ ਕੀ ਵੇਖਦੇ ਹਾਂ ਕਿ ਭਾਈ ਲਾਲ ਸਿੰਘ ਜੀ ਸਵਾ ਲੱਖ ਨਾਲ ਹੀ ਮੋਢੇ ਉਤੇ ਸਫਾ-ਜੰਗ (ਟਕੂਆ) ਧਰੀ, ਬੀਰ ਰਸੀ ਨਾਲ ਸੰਧੂਰਤ ਹੋਏ ਸਾਹਮਣੇ ਤੋਂ ਚਲੇ ਆ ਰਹੇ ਹਨ। ਕਈ ਦਿਨਾਂ ਤੋਂ ਉਹ ਬਿਰਹੇ ਬਾਵਰੇ ਹੋ ਕੇ ਸਾਡੀ ਸੂਹ ਕਢਣ ਲਈ ਏਵੇਂ ਹੀ ਫਿਰਦੇ ਰਹਿੰਦੇ ਸਨ। ਉਸ ਦਿਨ ਅਚਾਨਕ ਹੀ ਜਦ ਭਾਈ ਲਾਲ ਸਿੰਘ ਜੀ ਨੇ ਸਾਨੂੰ ਪਰਾਈ ਈਨ ਵਿਚ ਵੇੜ੍ਹੇ ਹੋਏ ਵੇਖਿਆ, ਤਾਂ ਉਨ੍ਹਾਂ ਦੀ ਖੁਸ਼ੀਆਂ ਭਰੀ ਸੂਰਬੀਰਤਾ ਵਾਲੀ ਸੰਧੂਰਤਾ ਹੋਰ ਵੀ ਸੰਧੂਰਤ ਹੋ ਗਈ। ਉਹ ਸਾਡੇ ਨਾਲ ਜਾਂਦੇ ਸਿਪਾਹੀਆਂ ਤੋਂ ਨਿਡਰ ਤੇ ਬੇ-ਖੌਫ ਹੋ ਕੇ ਸਾਡੇ ਕੋਲ ਹੀ ਆ ਢੁੱਕੇ ਅਤੇ ਸਾਡੇ ਨਾਲ ਬਰੋਬਰੀ ਲਗੇ ਤੁਰੇ ਜਾਣ, ਨਾਲੇ ਇਸ਼ਾਰੇ ਕਰਨ ਕਿ ਹੁਣ ਹੁਕਮ ਦਿਓ, ਹੁਣੇ ਹੀ ਛੁਡਾ ਕੇ ਸਾਰਿਆਂ ਨੂੰ ਲੈ ਚਲਦਾ ਹਾਂ। ਸਾਡੀ ਕਤਾਰ ਵਿਚ ਜਾਂਦਿਆਂ ਦੇ ਵਿਚੋਂ ਕਿਸੇ

ਕਮਜ਼ੋਰ ਦਿਲ ਸਿੰਘ ਨੇ ਇਉਂ ਆਖਿਆ ਕਿ ਇਕੱਲੇ ਕੀ ਕਰੋਗੇ ? ਤਾਂ ਸ਼ੇਰ-ਦਿਲ ਭਾਈ ਲਾਲ ਸਿੰਘ ਜੀ ਨੇ ਭਬਕ ਕੇ ਉਤਰ ਦਿਤਾ ਕਿ ਖਾਲਸਾ ਸਵਾ ਲੱਖ ਨਾਲ ਹੈ, ਇਕੱਲਾ ਕਦੇ ਨਹੀਂ ਹੁੰਦਾ। ਇਹ ਭਬਕ ਸੁਣ ਕੇ ਪੁਲਿਸ ਵਾਲੇ ਪਰੇਸ਼ਾਨ ਹੋ ਗਏ ਤੇ ਭਾਈ ਲਾਲ ਸਿੰਘ ਜੀ ਨੂੰ ਬੇਨਤੀ ਕਰਨ ਲਗੇ ਕਿ ਸਾਨੂੰ ਡਿਊਟੀ ਭੁਗਤਣ ਦਿਓ, ਕਿਰਪਾ ਕਰ ਕੇ। ਅਸੀਂ ਫਾਰਗ ਹੋ ਜਾਵਾਂਗੇ। ਮੁੜਦੇ ਹੋਏ ਹੋਰ ਸਿਪਾਹੀਆਂ ਦੀ ਗਾਰਦ ਇਨ੍ਹਾਂ ਨੂੰ ਵਾਪਸ ਜੇਲ੍ਹ ਨੂੰ ਲੈ ਕੇ ਜਾਏਗੀ। ਏਸੇ ਰੱਖ (ਜੰਗਲ) ਚੀਂ ਹੀ ਇਨ੍ਹਾਂ ਨੇ ਮੁੜਨਾ ਹੈ। ਤੁਸੀਂ ਹੋਰ ਫੌਜਾਂ ਭੀ ਇਤਨੇ ਨੂੰ ਆਪਣੇ ਨਾਲ ਲੈ ਆਵੋ। ਭਾਈ ਲਾਲ ਸਿੰਘ ਜੀ ਨੇ ਉਨ੍ਹਾਂ ਦੀ ਇਕ ਨਾ ਮੰਨੀ, ਓਦੋਂ ਵੀ ਸਵਾ ਲੱਖ ਨਾਲ ਧਾਵਾ ਬੋਲਣ ਨੂੰ ਤਿਆਰ ਸਨ। ਸਾਡੇ ਵਿਚੋਂ ਦੂਰ-ਅੰਦੇਸ਼ੀ ਲੰਮੀ ਸੋਚ ਵਾਲੇ ਸਿੰਘਾਂ ਨੇ ਮਸਾਂ ਹੱਥ ਜੋੜ ਜੋੜ ਕੇ ਉਨ੍ਹਾਂ ਨੂੰ ਵਰਜੀ ਰਖਿਆ।

ਇਤਨੇ ਚਿਰ ਨੂੰ ਅਦਾਲਤ ਦਾ ਹਾਤਾ ਵੀ ਆ ਗਿਆ। ਉਧਰੋਂ ਅਦਾਲਤ ਵੀ ਬੜੀ ਘਬਰਾਈ ਬੈਠੀ ਸੀ, ਸਾਨੂੰ ਦੇਖ ਕੇ ਹੋਰ ਵੀ ਘਬਰਾ ਗਈ ਤੇ ਤਲ-ਮਲਾਉਣ ਲਗੀ ਕਿ ਇਨ੍ਹਾਂ ਨੂੰ ਤਾਂ ਜੇਲ੍ਹ ਵਿਚ ਹੀ ਰੀਮਾਂਡ ਸੁਣਨ ਦਾ ਹੁਕਮ ਹੈ, ਏਥੇ ਅਦਾਲਤ ਵਿਚ ਲੈ ਕੇ ਕਿਉਂ ਆਏ ? ਗੱਲ ਕੀ, ਸਾਨੂੰ ਪਿਛਲੇ ਪੈਰੀਂ ਹੀ ਤਾਬੜ-ਤੋੜ ਵਾਪਸ ਜੇਲ੍ਹ ਨੂੰ ਹੀ ਤੋਰ ਦਿਤਾ ਗਿਆ। ਫੇਰ ਸਾਨੂੰ ਰੱਖ ਵਾਲੇ ਰਸਤੇ ਨਹੀਂ ਲੈ ਗਏ। ਬੜੀ ਹਿਫਾਜ਼ਤ ਤੇ ਤਕੜਾਈ ਕਰ ਕੇ ਹੋਰ ਰਸਤੇ ਥਾਣੀਂ ਵਿੰਗ ਪਾ ਕੇ ਸਾਨੂੰ ਜੇਲ੍ਹ ਵਿਚ ਵਾਪਸ ਲੈ ਵੜੇ। ਵਿਚਾਰੇ ਲਾਲ ਸਿੰਘ ਜੀ ਤਿਆਰੀਆਂ ਕਰਦੇ ਹੀ ਰਹਿ ਗਏ। ਨ ਅਸੀਂ ਮੁੜ ਕੇ ਰੱਖ ਵਿਚ ਦੀ ਲੰਘੇ, ਨ ਭਾਈ ਲਾਲ ਸਿੰਘ ਜੀ ਦੀਆਂ ਲੂਹਰਵੀਆਂ ਆਸਾਂ ਪੂਰਨ ਹੋਈਆਂ। ਇਸ ਵਿਚ ਰੰਚਕ ਸੰਦੇਹ ਨਹੀਂ ਸੀ ਕਿ ਜੇ ਅਸੀਂ ਮੁੜ ਕੇ ਉਸੇ ਰਸਤੇ ਵਾਪਸ ਜਾਂਦੇ, ਜਾਂ ਸਾਡੇ ਵਲੋਂ ਜ਼ਰਾ ਵੀ ਇਸ਼ਾਰਾ ਹੋ ਜਾਂਦਾ ਤਾਂ ਭਾਈ ਲਾਲ ਸਿੰਘ ਜੀ ਨੇ ਜਰੂਰ ਕੁੱਦ ਪੈਣਾ ਸੀ, ਸਾਨੂੰ ਛੁਡਾ ਕੇ ਸਾਰਿਆਂ ਨੂੰ ਹਰਨ ਕਰਾ ਕੇ ਲੈ ਜਾਣਾ ਸੀ। ਇਹ ਉਹ ਸਮਾਂ ਸੀ ਜਦੋਂ ਦੂਰੋਂ ਹੀ ਸਾਨੂੰ ਦੇਖ ਕੇ ਬੰਦਾ ਬਸ਼ਰ ਛਡ ਕੇ ਨਸ ਜਾਂਦਾ ਸੀ। ਕਿਸੇ ਸਿਖ ਦੀ ਪਰੋਖੋਂ ਨਹੀਂ ਸੀ ਕਿ ਸਾਨੂੰ ਫਤਹ ਵੀ ਬੁਲਾ ਸਕੇ। ਸਾਡੇ ਜੇਲ੍ਹ-ਯਾਤਰਾ ਦੇ ਸਮੇਂ ਵਿਚ ਹੀ ਸਾਡੇ ਆਉਣ ਤੋਂ ਪਹਿਲਾਂ ਭਾਈ ਲਾਲ ਸਿੰਘ ਜੀ ਚਲਾਣਾ ਕਰ ਗਏ।

ਨੋਟਃ ਇਸੇ ਤਰ੍ਹਾਂ ਇਕ ਨੌਜਵਾਨ ਸਿੱਖ ਦੁੱਲਾ ਸਿੰਘ ਡਾਕੇ ਦੇ ਮੁਕੱਦਮੇ ਵਿਚ ਸੀ, ਉਸ ਦੀ ਪੇਸ਼ੀ ਸਾਡੇ ਨਾਲ ਹੀ ਸੀ। ਜਦੋਂ ਅਦਾਲਤ ਤੋਂ ਮੁੜ ਕੇ ਜੇਲ੍ਹ ਵਲ ਆ ਰਹੇ ਸੀ, ਤਾਂ ਉਸ ਨੌਜਵਾਨ ਦੇ ਨਾਲ ਹੀ ਪੁਲਿਸ ਦਾ ਹੌਲਦਾਰ ਤਲਵਾਰ ਕਮਰ ਵਿਚ ਲਟਕਾਈ ਜਾ ਰਿਹਾ ਸੀ। ਉਸ ਨੇ ਕਈ ਵਾਰ ਤਕਾਇਆ ਕਿ ਇਹ ਤਲਵਾਰ ਖੋਹ ਕੇ ਧਾਵਾ ਬੋਲ ਦੇਵਾਂ, ਪਰ ਭਾਈ ਸਾਹਿਬ ਨੇ ਉਸ ਨੂੰ ਇਸ਼ਾਰੇ ਨਾਲ ਹੀ ਸਮਝਾ ਬੁਝਾ ਕੇ ਵਰਜਿਆ।

***(ਨਾਹਰ ਸਿੰਘ ਗਯਾਨੀ)***

## ਜਥੇਦਾਰ ਭਾਈ ਰਾਮ ਸਿੰਘ ਜੀ (ਗੁੱਜਰਵਾਲ)

ਜਥੇਦਾਰ ਰਾਮ ਸਿੰਘ ਜੀ ਇਸ ਜਥੇ ਦੀ ਰੂਹੇ ਰਵਾਨ ਸਨ। ਮੁਢ ਤੋਂ ਹੀ ਪਿੰਡ ਗੁੱਜਰਵਾਲ ਵਿਖੇ (ਜੋ ਨਾਰੰਗਵਾਲ ਤੋਂ ਇਕ ਕੋਸ ਦੇ ਫਾਸਲੇ ਤੇ ਹੈ) ਭਾਈ ਰਾਮ ਸਿੰਘ ਦੇ ਗ੍ਰਿਹਿ ਅੰਦਰ ਹਮੇਸ਼ਾ ਹੀ ਗੁਰਮਤਿ ਸਮਾਗਮਾਂ ਦੀ ਚਹਿਲ ਪਹਿਲ ਰਹੀ ਹੈ। ਜਥੇ ਦੇ ਅਸੂਲਾਂ ਦਾ ਨਿੱਗਰ ਪ੍ਰਚਾਰ ਜਥੇਦਾਰ ਰਾਮ ਸਿੰਘ ਜੀ ਦੀ ਜਥੇਦਾਰੀ ਥੱਲੇ ਹੀ ਹੁੰਦਾ ਰਿਹਾ ਹੈ। ਜਥੇਦਾਰ ਜੀ ਪੜ੍ਹੇ ਲਿਖੇ ਪੁਰਸ਼ ਨਹੀਂ ਸਨ, ਪਰ ਹਰ ਪਰਕਾਰ ਦੀ ਕੁਰਬਾਨੀ ਦੇ ਪੁੰਜ ਸਨ। ਜਾਤ ਪਾਤ ਤੋੜ ਕੇ ਪ੍ਰਾਣੀਆਂ ਨੂੰ ਅੰਮ੍ਰਿਤ ਛਕਾਉਣਾ ਤੇ ਬਗੈਰ ਜਾਤ ਪਾਤ ਦੀ ਤਮੀਜ਼ ਦੇ ਆਨੰਦ ਵਿਵਾਹ ਕਰਵਾਉਣੇ, ਜਥੇਦਾਰ ਸਾਹਿਬ ਦਾ ਉਪਕਾਰੇ-ਆਜ਼ਿਮ ਗੁਣ ਸੀ। ਅਵਾਇਲ ਉਮਰ ਵਿਖੇ ਹੀ ਜਥੇਦਾਰ ਰਾਮ ਸਿੰਘ ਜੀ ਨੇ ਇਸ ਗੁਣ ਦਾ ਨਮੂਨਾ ਬਜ਼ਾਤੇ ਖੁਦ ਪੇਸ਼ ਕਰਕੇ ਇਸ ਦਾ ਫੌਰੀ ਰਿਵਾਜ ਸੰਗਤਾਂ ਵਿਖੇ ਜਾਰੀ ਕੀਤਾ।

ਜਿਸ ਜ਼ਮਾਨੇ ਦਾ ਅਸੀਂ ਜ਼ਿਕਰ ਕਰਦੇ ਹਾਂ, ਓਦੋਂ ਪੰਥ ਵਿਖੇ ਬਹੁਤ ਥੋੜ੍ਹੀ ਜਾਗਰਤੀ ਆਈ ਸੀ। ਜੋ ਆਈ ਸੀ, ਸੋ ਵੀ ਕਾਗਜ਼ੀ ਪ੍ਰਚਾਰ ਦੀ। ਚਾਹੇ ਪਿੰਡ ਗੁੱਜਰਵਾਲ ਵਿਖੇ ਸਿੰਘ ਸਭਾ ਲਹਿਰ ਦੇ ਮੁਢ ਤੋਂ ਹੀ ਬੜੀ ਪੁਰਾਣੀ ਸਿੰਘ ਸਭਾ ਕਾਇਮ ਹੋਈ ਹੋਈ ਸੀ, ਪਰੰਤੂ ਆਮ ਲੋਕਾ-ਚਾਰੀ ਖਿਆਲਾਤ ਦਾ ਅਜੇ ਬੜਾ ਜ਼ੋਰ ਸੀ ਤੇ ਲੋਕ ਸਿੰਘ ਸਭਾ ਵਾਲਿਆਂ ਨੂੰ ਸਿੰਘ ਸਫੀਏ ਕਹਿ ਕੇ ਸਖਤ ਵਿਰੋਧਤਾ ਕਰਦੇ ਸਨ। ਜਥੇਦਾਰ ਰਾਮ ਸਿੰਘ ਜੀ ਨੇ ਲੋਕਾਚਾਰੀ ਪਿਤਾ-ਪੁਰਖੀ ਦੇ ਪ੍ਰਚਾਰ ਨੂੰ ਡੱਕ ਪਾਉਣ ਲਈ ਅਤੇ ਤਕੜੀ ਸੱਟ ਮਾਰਨ ਲਈ ਖੁਦ ਆਪਣਾ ਅਨੰਦ ਵਿਆਹ ਜਾਤ ਪਾਤ ਤੋੜ ਕੇ ਕੀਤਾ। ਸਾਰੇ ਪਿੰਡ ਗੁਜਰਾਵਾਲ ਦੀ ਹਿੰਦੂ ਖਿਆਲਾਂ ਵਾਲੀ ਅਕਸਰੀਅਤ ਜਥੇਦਾਰ ਜੀ ਦੇ ਇਸ ਕਦਮ ਚੁਕਣ ਤੇ ਬੜੀ ਵਿਰੁਧ ਸੀ ਤੇ ਭਾਈ ਰਾਮ ਸਿੰਘ ਜੀ ਨੂੰ ਛੇਕ ਦੇਣ ਦਾ ਡਰ ਦੇ ਰਹੀ ਸੀ। ਭਾਈ ਰਾਮ ਸਿੰਘ ਜੀ ਇਕੱਲੇ ਚਲ ਕੇ ਸਾਡੇ ਪਾਸ ਨਾਰੰਗਵਾਲ ਆਏ ਤੇ ਸਾਰੀ ਹੱਡਬੀਤੀ ਆਪਣੀ ਜ਼ਬਾਨੀ ਬਿਆਨ ਕੀਤੀ।

ਇਹ ਭਾਈ ਰਾਮ ਸਿੰਘ ਜੀ ਦੀ ਸਾਡੇ ਨਾਲ ਪਹਿਲੀ ਮੁਲਾਕਾਤ ਸੀ। ਅਸੀਂ ਭਾਈ ਰਾਮ ਸਿੰਘ ਜੀ ਦੇ ਨਿੱਗਰ ਗੁਰਮਤਿ ਖਿਆਲਾਂ ਨੂੰ ਪੇਖ ਪਰਖ ਕੇ, ਸਿੰਘਾਂ ਦਾ ਜਥਾ ਲੈ ਕੇ ਉਨ੍ਹਾਂ ਦੇ ਨਾਲ ਗੁਜਰਵਾਲ ਨੂੰ ਪਧਾਰ ਉਠੇ। ਅਗੇ ਉਨ੍ਹਾਂ ਦੇ ਘਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਧਾਰਨ ਪਾਠ ਦਾ ਭੋਗ ਪੈਣਾ ਸੀ। ਖੂਬ ਗੱਜ ਵੱਜ ਕੇ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਹੋਇਆ। ਸਿਰੀ ਭਾਈ ਰਾਮ ਸਿੰਘ ਜੀ ਨੂੰ, ਸਮੇਤ ਉਨ੍ਹਾਂ ਦੀ ਸੁਪਤਨੀ ਦੇ ਅੰਮ੍ਰਿਤ ਛਕਾ ਕੇ ਤਿਆਰ ਬਰ ਤਿਆਰ ਕੀਤਾ ਗਿਆ ਅਤੇ ਫੇਰੇ ਘੇਰੇ ਤੋੜ ਕੇ ਉਨ੍ਹਾਂ ਦਾ ਗੁਰਮਤਿ ਤੱਤ ਮਰਯਾਦਾ ਅਨੁਸਾਰ ਆਨੰਦ ਵਿਆਹ ਕੀਤਾ ਗਿਆ ਅਤੇ ਉਨ੍ਹਾਂ ਨੂੰ ਅਭੇਦ ਵਰਤਾਇਆ ਗਿਆ। ਤਿਆਰ ਬਰ ਤਿਆਰ ਹੋਣ ਸਾਰ ਸਿਰੀ ਭਾਈ ਰਾਮ ਸਿੰਘ ਜੀ ਨੇ ਡੰਕੇ ਦੀ ਚੋਟ ਨਾਲ ਪਿੰਡ ਦੀ ਸਾਰੀ ਹਿੰਦਵੈਣ ਸੁਸਾਇਟੀ ਦੇ ਖਿਆਲਾਂ ਦੀ ਬਰਾਦਰੀ ਨੂੰ ਬਾਈਕਾਟ ਕਰਨ ਦਾ ਐਲਾਨ ਦੇ ਦਿਤਾ। ਵਾਕਿਆ ਹੀ

ਸਾਰੀ ਪੁਰਾਣੀ ਬਰਾਦਰੀ ਨੂੰ ਛੇਕ ਕੇ ਰਖ ਦਿਤਾ। ਸਿੰਘਾਂ ਨਾਲ ਹੀ ਲੇਵਾ ਦੇਵੀ, ਸਿੰਘਾਂ ਨਾਲ ਹੀ ਵਿਹਾਰ, ਵਰਤੋਂ ਵਿਉਹਾਰ ਰਖਣ ਦੀ ਪਹਿਲੀ ਅਮਲੀ ਬੁਨਿਆਦ ਸਿਰੀ ਭਾਈ ਰਾਮ ਸਿੰਘ ਜੀ ਨੇ ਕਾਇਮ ਕੀਤੀ। ਫੇਰ ਤਾਂ ਗੁਜਰਵਾਲ ਦੀ ਸਿੰਘ ਸਭਾ ਦੇ ਸਾਰੇ ਚੀਦਾ ਚੀਦਾ ਮੈਂਬਰ ਸਿਰੀ ਭਾਈ ਰਾਮ ਸਿੰਘ ਜੀ ਦੇ ਹਾਮੀ ਹੋ ਗਏ। ਸਿਰੀ ਭਾਈ ਰਾਮ ਸਿੰਘ ਜੀ ਦੀ ਇਸ ਦਲੇਰਾਨਾ ਕਾਰਜ-ਸੋਧਣੀ ਦੇ ਕਾਰਨ ਹੀ ਉਹ ਜਥੇਦਾਰ ਦੇ ਨਾਮ ਨਾਲ ਪ੍ਰਸਿਧ ਹੋ ਗਏ। ਸਚਮੁਚ ਭਾਈ ਰਾਮ ਸਿੰਘ ਜੀ ਨੂੰ ਕਿਸੇ ਅਨਮਤ ਖਿਆਲੀਏ ਦੀ ਰੰਚਕ ਮਾਤਰ ਵੀ ਪ੍ਰਵਾਹ ਨਹੀਂ ਸੀ, ਜਿਥੇ ਗਜਦੇ ਸਨ, ਸ਼ੇਰ ਵਾਗੂੰ ਗਜਦੇ ਸਨ। ਉਨ੍ਹਾਂ ਦੇ ਜਾਹੋ-ਜਲਾਲ ਅਗੇ ਕੋਈ ਨਹੀਂ ਖਲੋਂਦਾ ਸੀ। ਬੜੇ ਬੜੇ ਪੁਰਾਣੇ ਪਾਪੀਆਂ ਦੇ ਦਮ-ਗਜੇ ਉਨ੍ਹਾਂ ਦੇ ਅਗੇ ਦਮਨ ਹੋ ਜਾਂਦੇ ਸਨ। ਸਰੀਰ ਦੀ ਰਿਸ਼ਟ-ਪੁਸ਼ਟਤਾ ਪਹਿਲਾਂ ਹੀ ਕੁਦਰਤੀ ਜਨਮ ਤੋਂ ਗੋਂਦਵੀਂ ਡੀਲ-ਡੋਲ ਵਾਲੀ ਅਤੇ ਕਵੀ-ਹੈਕਲੀ ਸੀ। ਪਿਛੇ ਦਸੇ ਕੁਲ-ਕੁਲਾਂ ਭੇਦਤ ਸਮਾਗਮ ਤੇ ਸਾਵਧਾਨ ਹੋਣ ਪਰ ਇਨ੍ਹਾਂ ਦੇ ਚੇਹਰੇ ਦਾ ਜਲਾਲ ਐਸਾ ਦਮਕਾਂ ਮਾਰਨ ਲਗ ਪਿਆ, ਜਿਸ ਦੀ ਝਾਲ ਝਲਣੀ ਬੜੀ ਹੀ ਮੁਹਾਲ ਸੀ। ਉਨ੍ਹਾਂ ਨੇ ਆਪਣੇ ਪਹਿਲੇ ਅਨਮਤੀ ਗੁਆਂਢ ਦੀ ਖਲਜਗਣ ਨੂੰ ਤਿਲਾਂਜਲੀ ਦੇ ਕੇ ਇਕ ਨਿਵੇਕਲੇ ਅਸਥਾਨ ਤੇ ਆਪਣਾ ਰਿਹਾਇਸ਼ੀ ਮਕਾਨ ਸਾਜ ਲਿਆ। ਇਸ ਮਕਾਨ ਵਿਖੇ ਸੰਗਤਾਂ ਅਤੇ ਸੰਤ-ਸਮਾਗਮਾਂ ਦੀ ਇਤਨੀ ਬਹੁਲਤਾ ਹੋਈ ਕਿ ਸਾਰੀ ਲੁਕਾਈ ਉਲਟ ਕੇ ਇਨ੍ਹਾਂ ਦੀ ਹਮਦਰਦ ਬਣ ਗਈ। ਪਰ ਇਨ੍ਹਾਂ ਨੂੰ ਕਿਸੇ ਦੀ ਕੀ ਪ੍ਰਵਾਹ ਸੀ ਕਿ ਜਦ ਤਾਈਂ ਤਿਆਰ ਬਰ ਤਿਆਰ ਸਜ ਕੇ ਸਾਰਾ ਪ੍ਰਵਾਰ ਗੁਰ ਕੀ ਸ਼ਰਨੀ ਨਾ ਆਵੇ, ਉਸ ਵਕਤ ਤਾਈਂ ਇਨ੍ਹਾਂ ਦਾ ਕਿਸੇ ਨਾਲ ਕੋਈ ਵਾਸਤਾ ਨਹੀਂ ਸੀ। ਪਰ ਤੱਤ ਗੁਰਮਤਿ ਅਸੂਲਾਂ ਅਨੁਸਾਰ ਤਿਆਰ ਬਰ ਤਿਆਰ ਸਜਣਾ ਕਿਹੜਾ ਖਾਲਾ ਜੀ ਦਾ ਘਰ ਸੀ, ਵਿਰਲੇ ਹੀ ਇਸ ਕਸੌਟੀ ਤੇ ਚੜ੍ਹਨ ਲਈ ਅਗੇ ਵਧੇ, ਜੋ ਚੜ੍ਹੇ ਸੋ ਜਥੇਦਾਰ ਦੀ ਪੇਸ਼-ਕਦਮੀ ਦੇ ਤੁਫੈਲ ਹਮੇਸ਼ਾ ਅਗੇ ਹੀ ਅਗੇ ਵਧਦੇ ਗਏ।

ਗੁੱਜਰਵਾਲ ਇਕ ਤਕੜਾ ਖਾਸਾ ਕਸਬਾ ਹੈ, ਜਿਸ ਵਿਚ ਕੋਈ ਅਨਮਤੀ ਅਨਸਰ ਭੀ ਗੁਰਮਤਿ ਵਿਰੁੱਧ ਦਮ ਖਮ ਨਹੀਂ ਮਾਰਦਾ ਸੀ। ਕੋਈ ਵੀ ਕਿਸੇ ਪ੍ਰਕਾਰ ਅੜਿੱਕਾ ਨਹੀਂ ਡਾਹ ਸਕਦਾ ਸੀ। ਇਨ੍ਹਾਂ ਦੇ ਹੁੰਦਿਆਂ ਸਾਰੇ ਪਿੰਡ ਵਿਚ ਸਿੱਖੀ ਦੀ ਪਰਪੰਚ ਸ਼ਕਲ ਦਾ ਧਾਰਨੀ ਬਣ ਕੇ ਪੰਥ ਨੂੰ ਕਿਸੇ ਪ੍ਰਕਾਰ ਦਾ ਧੋਖਾ ਦੇਣ ਦਾ ਹੀਆ ਨਹੀਂ ਕਰ ਸਕਦਾ ਸੀ। ਨਾਸਤਕਾਂ ਦਹਿਰੀਆਂ ਦੀ ਉਕੀ ਹੀ ਦਾਲ ਨਹੀਂ ਗਲਦੀ ਸੀ।

ਤੱਤ ਪਰਉਪਕਾਰ ਗੁਰਮਤਿ ਕਾਰਜ-ਬਿਉਹਾਰਾਂ ਲਈ ਤਾਂ ਆਪਣੀ ਜਾਨ ਵੀ ਵਾਰ ਦਿੰਦੇ ਸਨ। ਇਨ੍ਹਾਂ ਦਾ ਨਵਲ ਨਿਵੇਕਲਾ ਘਰ ਅਸਥਾਨ ਤੱਤ ਕੀਰਤਨ ਅਖੰਡ ਸਮਾਗਮਾਂ ਦਾ ਕੇਂਦਰ ਬਣਿਆ ਹੋਇਆ ਸੀ। ਦੂਰੋਂ-ਦੂਰੋਂ ਗੁਰਮੁਖ ਜਨਾਂ ਦੀਆਂ ਸੰਗਤਾਂ ਦੀ ਆਵਾਜਾਈ ਅਤੇ ਰੌਣਕ ਇਨ੍ਹਾਂ ਦੇ ਗ੍ਰਿਹਿ ਵਿਖੇ ਬਣੀ ਰਹਿੰਦੀ ਸੀ। ਸਾਰੇ ਪਿੰਡ ਵਿਚੋਂ ਪ੍ਰਗਟ ਪਾਹਾਰੇ (ਇਲਾਨੀਆ ਤੌਰ ਤੇ) ਇਨ੍ਹਾਂ ਦੇ ਗੁਰਮਤਿ ਖਿਆਲਾਂ ਦੇ ਬਹੁਤ ਵਿਰਲੇ ਹੀ ਸਿੰਘ ਸਨ। ਫੱਲੇਵਾਲ ਅਤੇ ਨਾਰੰਗਵਾਲ ਵਿਚਾਲੇ ਇਨ੍ਹਾਂ ਦਾ ਗੁਜਰਵਾਲ ਵਿਖੇ ਨਵਾਂ ਵਸਾਇਆ ਗ੍ਰਿਹਿ ਮਾਨੋ ਤੱਤ ਗੁਰਮਤਿ ਦਾ ਗੜ੍ਹ ਬਣਿਆ ਹੋਇਆ ਸੀ। ਉਹ ਜ਼ਮਾਨਾ ਸਾਨੂੰ ਯਾਦ ਆਉਂਦਾ ਹੈ, ਜਦੋਂ ਕਿ ਇਨ੍ਹਾਂ ਦੇ ਇਸ ਗ੍ਰਿਹਿ ਵਿਖੇ ਸਜੇ ਸਮਾਗਮਾਂ ਤੇ ਬੜੀਆਂ ਬੜੀਆਂ ਗੁਰਮਤਿ ਗੌਰਵੀ ਰੂਹਾਂ ਸੁਰਜੀਤ ਹੋ ਕੇ ਗੁਰਮਤਿ ਮੰਡਲਾਂ ਵਿਖੇ ਪੁੰਗਰਦੀਆਂ ਰਹੀਆਂ। ਜ਼ਮੀਨ ਦੀ ਵਾਹੀ (ਖੇਤੀ ਬਾੜੀ) ਆਪਣੇ ਬਾਹੂ-ਬਲ ਨਾਲ ਕਰਿਆ ਕਰਦੇ ਸਨ। ਦਾਣਾ ਫੱਕਾ ਗੁਜ਼ਾਰੇ ਜੋਗਾ ਆ ਹੀ ਜਾਇਆ ਕਰਦਾ ਸੀ। ਸਤਿਸੰਗ ਸਮਾਗਮਾਂ ਤੇ ਲੱਛਮੀ ਵੀ ਹੁਮ-ਹੁਮਾ ਕੇ ਵਰ੍ਹਿਆ ਕਰਦੀ ਸੀ। ਇਥੇ ਇਸ ਗ੍ਰਿਹਿ ਵਿਖੇ ਬੜੇ ਬੜੇ ਯਾਦਗਾਰੀ ਅੰਮ੍ਰਿਤ ਸੰਚਾਰ ਸਮਾਗਮ ਹੋਏ, ਇਨ੍ਹਾਂ ਦਾ ਵਿਸਥਾਰ ਸਹਿਤ ਵਰਨਣ ਕਰਨਾ ਅਤੀ ਅਸੰਭਵ ਹੈ।

ਆਖਰੀ ਅਖੰਡਪਾਠ ਸਮਾਗਮ, ਜੋ ਜਥੇਦਾਰ ਭਾਈ ਰਾਮ ਸਿੰਘ ਜੀ ਦੀ ਗੈਰ-ਹਾਜ਼ਰੀ ਵਿਚ ਉਨ੍ਹਾਂ ਦੇ ਗ੍ਰਿਹਿ ਵਿਖੇ ਹੀ ਹੋਇਆ, ਬੜਾ ਮਾਅਰਕੇ ਦਾ ਸਮਾਗਮ ਸੀ। ਭਾਈ ਰਾਮ ਸਿੰਘ ਜਥੇਦਾਰ ਸਰਕਾਰੀ ਪਲਟਨ ਦੇ ਰੀਜ਼ਰਵ ਸਿਪਾਹੀ ਸਨ। ਸਾਰੇ ਰੀਜ਼ਰਵ ਸਿਪਾਹੀਆਂ ਨੂੰ ਸਰਕਾਰ ਨੇ ਹੁਕਮਨ ਲੜਾਈ ਵਿਚ ਮੋਰਚੇ ਤੇ ਬੁਲਾ ਲਿਆ ਸੀ। ਇਨ੍ਹਾਂ ਦੇ ਗ੍ਰਿਹਿ ਵਿਖੇ ਹੋਏ ਇਸ ਸਾਰੇ ਧਾਰਮਕ ਸਤਿਸੰਗ-ਸਮਾਗਮ ਨੂੰ ਕਈਆਂ ਅਣ-ਹੋਏ ਸੀ.ਆਈ.ਡੀ. ਵਾਲੇ ਪੁਰਸ਼ਾਂ ਦੀ ਰਿਪੋਰਟ ਤੇ ਇਕ ਰਾਜਸੀ ਸਮਾਗਮ ਗਰਦਾਨ ਦਿਤਾ ਸੀ। ਭਾਈ ਰਾਮ ਸਿੰਘ ਜੀ ਚੂੰਕਿ ਫੀਲਡ ਸਰਵਿਸ ਤੇ ਗਏ ਹੋਏ ਸਨ, ਇਸ ਕਰਕੇ ਉਨ੍ਹਾਂ ਉਤੇ ਤਾਂ ਗੌਰਮਿੰਟ ਦਾ ਕੋਈ ਜ਼ੋਰ ਨਾ ਚਲਿਆ, ਨਾ ਮੁਕੱਦਮਾ ਚਲਾ ਸਕੇ। ਇਸ ਸਮਾਗਮ ਤੇ ਹਾਜ਼ਰ ਹੋਏ ਬਹੁਤ ਸਾਰੇ ਸਜਣ ਗ੍ਰਿਫਤਾਰ ਹੋ ਕੇ ਜੇਲ੍ਹ ਅੰਦਰ ਚਲੇ ਗਏ। ਜਦ ਜੇਲ੍ਹ ਅੰਦਰ ਇਨ੍ਹਾਂ ਦੇ ਮੁਕੱਦਮੇ ਚਲ ਰਹੇ ਸਨ, ਉਸ ਸਮੇਂ ਭਾਈ ਰਾਮ ਸਿੰਘ ਜੀ ਜਥੇਦਾਰ ਫੀਲਡ ਸਰਵਿਸ ਤੋਂ ਘਰ ਆ ਗਏ ਸਨ। ਭਾਈ ਰਾਮ ਸਿੰਘ ਜੀ ਨੇ ਇਸ ਸਮੇਂ ਤਨ ਮਨ ਧਨ ਕਰਕੇ ਜੋ ਸੇਵਾ ਅਸਾਡੀ ਜੇਲ੍ਹ ਅੰਦਰਲਿਆਂ ਦੀ ਕੀਤੀ, ਸੁਨਹਿਰੀ ਅੱਖਰਾਂ ਨਾਲ ਲਿਖਣ ਵਾਲੀ ਹੈ। ਸਫਾਈ ਦੇ ਗਵਾਹ ਭੁਗਤਾਉਣ ਵਿਚ ਅਤੇ ਸਾਰੀਆਂ ਸਹੂਲਤਾਂ ਪਹੁੰਚਾਉਣ ਵਿਚ ਇਨ੍ਹਾਂ ਨੇ ਦਿਨ ਰਾਤ ਇਕ ਕਰ ਦਿਤਾ ਹੋਇਆ ਸੀ, ਬੜੇ ਨਿਰਭੈ ਹੋ ਕੇ ਸੇਵਾ ਨਿਬਾਹੀ। ਇਨ੍ਹਾਂ ਦਾ ਇਕ ਬੜਾ ਭਾਈ ਜਗਤ ਸਿੰਘ, ਜੋ ਅਮਰੀਕਾ ਤੋਂ ਆਇਆ ਸੀ, ਉਸ ਨੂੰ ਵੀ ਇਸ ਮੁਕੱਦਮੇ ਵਿਚ ਲਪੇਟ ਲਿਆ ਗਿਆ ਸੀ। ਚਾਹੇ ਉਹ ਸ਼ਖਸ ਜਗਤ ਸਿੰਘ, ਭਾਈ ਰਾਮ ਸਿੰਘ ਜੀ ਦੇ ਨਾਲ ਅੰਦਰੋਂ ਨਾਰਾਜ਼ਗੀ ਰਖਿਆ ਕਰਦਾ ਸੀ, ਇਸ ਲਾਇਕ ਨਹੀਂ ਸੀ ਜੋ ਇਸ ਦੀ ਮਦਦ ਕੀਤੀ ਜਾਵੇ, ਤਾਂ ਵੀ ਸਿਰੀ ਮਾਨ ਡਾ: ਰਾਮ ਸਿੰਘ ਜੀ ਦੇ ਪਰਉਪਕਾਰੀ ਸੁਭਾਅ ਨੇ ਇਸ ਬੁਰੇ ਦਾ ਵੀ ਭਲਾ ਕੀਤਾ। ਆਪਣਾ ਸਾਰਾ ਤਾਣ ਲਾ ਕੇ ਓੜਕ ਭਾਈ ਜਗਤ ਸਿੰਘ ਜੀ ਨੂੰ ਉਮਰ-ਕੈਦ ਤੋਂ ਬਚਾ ਹੀ ਲਿਆ। ਇਹ ਥੋੜੇ ਹੀ ਸਾਲਾਂ ਦੀ ਕੈਦ ਕੱਟ ਕੇ ਬਾਹਰ ਆ ਗਿਆ। ਭਾਈ

ਸੁਰਜਨ ਸਿੰਘ ਇਨ੍ਹਾਂ ਦੇ ਨਗਰ ਨਿਵਾਸੀ ਗੁੱਜਰਵਾਲੀਏ ਸਿੰਘ ਦੀ ਵੀ ਪੂਰੀ ਪੂਰੀ ਮਦਦ ਕੀਤੀ। ਭਾਈ ਸੁਰਜਨ ਸਿੰਘ ਦੇ ਘਰੋਂ ਗੁਰਮੁਖ ਬੀਬੀ ਜੁਗਿੰਦਰ ਕੌਰ ਦੀ ਵੀ ਬੜੀ ਮਦਦ ਕੀਤੀ। ਭਾਈ ਸੁਰਜਨ ਸਿੰਘ ਤਾਂ ਜੇਲ੍ਹ ਅੰਦਰ ਸਨ, ਉਸ ਦੇ ਪਿਛੋਂ ਇਸ ਦੇ ਸਿਰ ਤੇ ਜੋ ਕਸ਼ਟ ਆਏ, ਭਾਈ ਰਾਮ ਸਿੰਘ ਨੇ ਪੂਰੀ ਤੌਰ ਤੇ ਨਵਿਰਤ ਕੀਤੇ।

ਭਾਈ ਰਾਮ ਸਿੰਘ ਜੀ ਦੇ ਉਪਕਾਰਾਂ ਦੀ ਦੇਣ ਅਸੀਂ ਕਿਤੇ ਵੀ ਨਹੀਂ ਦੇ ਸਕਦੇ। ਸਾਨੂੰ ਤਾਂ ਉਮਰ-ਕੈਦ ਦੀ ਸਜ਼ਾ ਹੋ ਗਈ ਤੇ ਜਾਇਦਾਦ ਸਾਰੀ ਇਸ ਦਾਸਰੇ ਦੀ ਜ਼ਬਤ ਹੋ ਗਈ। ਸਾਡੀ ਸੁਪਤਨੀ ਸਿਰੀ ਮਤੀ ਕਰਤਾਰ ਕੌਰ ਜੀ ਦੀ ਨਿਕੜੀ ਜਿੰਦੜੀ ਤੇ ਦੁਖਾਂ ਦੇ ਭਾਰ ਟੁੱਟ ਪਏ, ਘਰ ਘਾਟ ਧਨ ਧਾਮ ਤੇ ਸਾਰੀ ਜਾਇਦਾਦ ਤੋਂ ਵਾਂਝੀ ਹੋ ਗਈ। ਸਿਰੀ ਮਤੀ ਕਰਤਾਰ ਕੌਰ ਦੇ ਪੇਕਿਆਂ ਤੋਂ ਆਏ ਹੋਏ ਸਾਰੇ ਬਸਤਰ ਆਦਿਕ ਨਿਲਾਮ ਹੋ ਜਾਣੇ ਸਨ, ਭਾਈ ਰਾਮ ਸਿੰਘ ਜੀ ਨੇ ਬੜੀ ਮਰਦਾਂ ਵਾਲੀ ਹਿੰਮਤ ਕਰਕੇ ਸਾਰਾ ਸਾਮਾਨ ਤੇ ਲੋੜੀਂਦਾ ਲਕਾ ਤੁਕਾ ਨਾਰੰਗਵਾਲ ਸਾਡੇ ਗ੍ਰਹਿ ਵਿਚੋਂ ਰਾਤੋ ਰਾਤ ਢੋਹ ਕੇ ਗੁੱਜਰਵਾਲ ਫਲੇਵਾਲ ਆਦਿਕ ਮਹਿਫੂਜ਼ ਥਾਵਾਂ ਤੇ ਜਾ ਰਖਿਆ। ਹੋਰ ਬੇਅੰਤ ਪ੍ਰਕਾਰ ਦੀ ਸਹਾਇਤਾ ਜੋ ਇਸ ਬਿਪਤ-ਕਾਲ ਸਮੇਂ ਭਾਈ ਰਾਮ ਸਿੰਘ ਨੇ ਸਾਡੀ ਸੁਪਤਨੀ ਦੀ ਕੀਤੀ ਹੈ, ਉਹ ਬੜੀ ਅਮੁਲ ਗੁਣੀ ਹੈ, ਜੋ ਸਿਰਫ ਭਾਈ ਰਾਮ ਸਿੰਘ ਜੀ ਹੀ ਕਰ ਸਕਦੇ ਸਨ, ਹੋਰ ਕੋਈ ਨਹੀਂ ਕਰ ਸਕਦਾ ਸੀ। ਸਿਰੀ ਮਤੀ ਕਰਤਾਰ ਕੌਰ ਜੀ ਨੇ ਜ਼ੁਬਾਨੀ ਜੋ ਇਸ ਸੂਰਬੀਰ ਮਰਦ-ਬਾਂਕੜੇ ਸਿੰਘ ਸਾਹਿਬ ਭਾਈ ਰਾਮ ਸਿੰਘ ਜੀ ਦੀ ਅਥੱਕ ਤੇ ਨਿਰਬਾਣ ਸੇਵਾ ਦੀਆਂ ਹੱਡ-ਬੀਤੀਆਂ ਕਹਾਣੀਆਂ ਸੁਣਾਈਆਂ, ਕਦੇ ਭੁਲਣ ਵਾਲੀਆਂ ਨਹੀਂ ਹਨ। ਸਿਰੀ ਮਾਨ ਜਥੇਦਾਰ ਭਾਈ ਰਾਮ ਸਿੰਘ ਜੀ ਸਾਡੇ ਜੇਲ੍ਹ-ਯਾਤਰਾ ਤੋਂ 16 ਸਾਲਾਂ ਤਕ ਸਰੀਰ ਕਰਕੇ ਸੁਰਜੀਤ ਅਤੇ ਕਾਇਮ ਰਹੇ। ਜੋ ਖੁਸ਼ੀ ਭਾਈ ਰਾਮ ਸਿੰਘ ਜੀ ਨੂੰ ਸਾਡੇ ਰਿਹਾ ਹੋਣ ਦੀ ਹੋਈ, ਉਹ ਸਾਡੇ ਹੋਰ ਕਿਸੇ ਵਿਰਲੇ ਮਿੱਤਰ ਨੂੰ ਹੀ ਹੋਈ ਹੋਵੇਗੀ।

ਸਾਡੇ ਵਾਪਸ ਘਰ ਆਉਣ ਪਰ ਅਣਗਿਣਤ ਸੰਗਤਾਂ ਦੀ ਆਵਾਜਾਈ ਨਾਰੰਗਵਾਲ ਸਾਡੇ ਗ੍ਰਹਿ ਵਿਖੇ ਰੋਜ਼ ਰੋਜ਼ ਹੋਇਆ ਕਰਦੀ ਸੀ ਤੇ ਬਰਸਾਂ ਬੱਧੀ ਹੁੰਦੀ ਰਹੀ। ਆਈਆਂ ਸੰਗਤਾਂ ਦੇ ਸਾਂਭਣ ਦਾ ਭਾਰੀ ਪ੍ਰੀਸ਼ਰਮ ਭਾਈ ਰਾਮ ਸਿੰਘ ਜੀ ਦੇ ਹੀ ਜ਼ਿੰਮੇ ਸੀ, ਸੋ ਉਨ੍ਹਾਂ ਨੇ ਖੂਬ ਪ੍ਰੇਮ ਤੇ ਤਨੋਂ ਮਨੋਂ ਤੋੜ ਨਿਬਾਹਿਆ ਤੇ ਸਾਡੇ ਚੌਹਾਂ-ਪੰਜਾਂ ਪਿੰਡਾਂ ਵਿਚ ਭਾਈ ਰਾਮ ਸਿੰਘ ਜੀ ਜਥੇਦਾਰ ਇਕ ਮੰਨੇ ਦੰਨੇ ਜਲਾਲੀ ਸਿੰਘ ਸਨ। ਇਨ੍ਹਾਂ ਦੀ ਕੀਤੀ ਹੋਈ ਕੋਈ ਨਹੀਂ ਮੋੜਦਾ ਸੀ। ਨਿਰਬਾਣ ਤੇ ਨਿਰਤਾਨ ਸੇਵਾ ਦੇ ਪੁਤਲੇ ਜਥੇਦਾਰ ਰਾਮ ਸਿੰਘ ਜੀ ਦਿਨੇ ਰਾਤ ਸੇਵਾ ਵਿਚ ਜੁਟੇ ਰਹਿੰਦੇ ਸਨ। ਗਰੀਬਾਂ ਨਿਰਧਨਾਂ ਦੀ ਸੇਵਾ ਦਾ ਬੀੜਾ ਇਨ੍ਹਾਂ ਨੇ ਹੀ ਚੁਕ ਕੇ ਉਨ੍ਹਾਂ ਦੇ ਸਭ ਦੁਖ ਦਲਿੱਦਰ ਦੂਰ ਕੀਤੇ। ਗੁਰਮਤਿ ਸਤਿਸੰਗ ਸਮਾਗਮਾਂ ਤੇ ਤਾਂ ਇਨ੍ਹਾਂ ਦਾ ਨਿਤ ਦਾ ਵਿਹਾਰ ਹੀ ਸੀ ਤੇ ਸਮੁੰਦਰ (ਦੁੱਧ) ਦੀਆਂ ਭਰੀਆਂ ਬਾਲਟੀਆਂ, ਵਲਟੋਹੀਆਂ ਖੁਦ ਸਿਰ ਤੇ ਚੁਕ ਲਿਆਵਣੀਆਂ ਤੇ ਸੰਗਤਾਂ ਵਿਚ ਆਪਣੀ ਹੱਥੀਂ ਵਰਤਾਉਣੀਆਂ। ਸਰੀਰ ਦੇ ਬੜੇ ਰਿਸ਼ਟ-ਪੁਸ਼ਟ ਸਨ ਤੇ ਨਿਰਭੈ ਜੋਧੇ ਸਨ। ਸਾਡੇ ਅੱਖਾਂ ਦੇ ਅੱਗੇ ਉਨ੍ਹਾਂ ਦੇ ਜਭੇ ਵਾਲੇ ਚਿਹਰੇ ਦੀ ਤਸਵੀਰ ਹੁਣ ਤਾਈਂ ਫਿਰਦੀ ਹੈ। ਜਿਹੜੀਆਂ ਸੰਗਤਾਂ ਦੂਰੋਂ ਦੂਰੋਂ ਪੈਦਲ ਚਲ ਕੇ ਸਮਾਗਮਾਂ ਤੇ ਆਉਂਦੀਆਂ ਸਨ, ਉਨ੍ਹਾਂ ਦੀ ਆਪਣੇ ਹੱਥਾਂ ਨਾਲ ਸਾਰੀ ਸਾਰੀ ਰਾਤ ਮੁਠੀ ਚਾਪੀ ਕਰਨੀ ਤੇ ਕਿਸੇ ਨੂੰ ਪਤਾ ਨਹੀਂ ਲਗਣ ਦੇਣਾ, ਇਹੋ ਹੀ ਨਿਰਮਾਣ ਸੇਵਾ ਦਾ ਬਿਰਦ ਸੀ। ਇਸੇ ਤਰ੍ਹਾਂ ਹੀ ਸਾਰੀ ਉਮਰ ਸੂਰਬੀਰ ਸਿੰਘਾਂ ਵਾਲੀਆਂ ਘਾਲਾਂ ਘਾਲਦੇ ਹੋਏ ਲੇਖੇ ਲਾਈ, ਅਤੇ ਕਿਸੇ ਪਾਸੋਂ ਆਪਣੀ ਸੇਵਾ ਨਹੀਂ ਕਰਾਈ। ਅਸਾਥੋਂ ਕਿਸੇ ਦਿਨ ਵੀ ਇਕ ਖਿਨ ਮਾਤਰ ਦੂਰ ਨਹੀਂ ਰਹਿੰਦੇ ਸਨ, ਨਿਤਾਪ੍ਰਤਿ ਗੁੱਜਰਵਾਲ ਤੋਂ ਨਾਰੰਗਵਾਲ ਆ ਕੇ ਸਾਨੂੰ ਮਿਲਣਾ ਤੇ ਮਿਲਦੇ ਹੀ ਰਹਿਣਾ, ਵਾਪਸੀ ਜਾਣ ਦਾ ਨਾਂ ਨਹੀਂ ਲੈਣਾ। ਜਦੋਂ ਅੰਤੀ ਚਾਲੇ ਪਾਉਣ ਲਗੇ ਤਾਂ ਸਾਡੀ ਬਾਤ ਵੀ ਨਹੀਂ ਪੁਛੀ, ਨਾ ਹੀ ਸਾਡੇ ਨਾਲ ਕੋਈ ਮਤਾ ਪਕਾਇਆ। ਕਿਸੇ ਨੂੰ ਆਸ ਨਹੀਂ ਸੀ ਕਿ ਸਿਹਤ ਦੀ ਐਸੀ ਰਿਸ਼ਟ-ਪੁਸ਼ਟ ਹਾਲਤ ਵਿਚ ਐਡੀ ਛੇਤੀਂ ਚਲਾਣੇ ਕਰ ਜਾਣਗੇ। ਆਪ ਤਾਂ ਜਾਇ ਗੁਰਪੁਰੀ ਵਿਚ ਆਸਣ ਜਮਾ ਦਿਤੇ ਤੇ ਸਾਨੂੰ ਬ੍ਰਿਹੀਆਂ ਵਿਜੋਗੀਆਂ ਨੂੰ ਪਿਛੇ ਛੱਡ ਗਏ। ਇਹ ਸੰਖੇਪ ਮਾਤਰ ਬਿਰਤਾਂਤ ਉਨ੍ਹਾਂ ਦੀ ਯਾਦ ਵਜੋਂ ਅੰਕਤ ਕੀਤਾ ਹੈ।

**ਨੋਟ:–** ਇਸ ਤਰ੍ਹਾਂ ਦੇ ਗੁਰਸਿੱਖੀ ਦੇ ਪ੍ਰੇਮੀ ਜਥੇਦਾਰ ਰਾਮ ਸਿੰਘ ਜੀ ਪਿੰਡ ਗੁੱਜਰਵਾਲ, ਜ਼ਿਲਾ ਲੁਧਿਆਣਾ ਦੇ ਸਨ, ਜੋ ਭਾਈ ਸਾਹਿਬ ਰਣਧੀਰ ਸਿੰਘ ਜੀ ਤੇ ਬਾਬਾ ਰਾਮ ਸਿੰਘ ਜੀ ਦੇ ਸੰਗੀ ਸਨ। ਆਪ ਦੇ ਪਿਤਾ ਬਾਬਾ ਦੇਵਾ ਸਿੰਘ ਸੀ। ਆਪ ਜਵਾਨੀ ਦੀ ਉਮਰ ਵਿਚ ਪਲਟਨ ਨੰਬਰ 105 ਮਰੱਹਟਾ ਇਨਫੈਂਟਰੀ ਵਿਚ ਨੌਕਰ ਰਹੇ। ਫੇਰ ਪੈਨਸ਼ਨ ਆਉਣ ਪਿਛੋਂ ਪਿੰਡ ਆਪਣੀ ਕ੍ਰਿਤ ਬ੍ਰਿਤ ਕਰਨ ਤੋਂ ਬਿਨਾਂ ਸਤਿਸੰਗ ਮੰਡਲਾਂ ਦੀਵਾਨਾਂ ਵਿਚ ਸ਼ਾਮਲ ਹੋ ਕੇ ਪੰਥ-ਸੇਵਾ ਵਿਚ ਹਿੱਸਾ ਲੈਂਦੇ ਰਹੇ। ਜੈਤੋ ਦੇ ਮੋਰਚੇ ਵੇਲੇ ਆਪ ਦੂਜੇ ਸ਼ਹੀਦੀ ਜਥੇ ਵਿਚ ਸ਼ਾਮਲ ਹੋਏ। ਜੈਤੋ ਵਿਚ 101 ਅਖੰਡ ਪਾਠਾਂ ਦੇ ਭੋਗ ਪੈਣ ਤੇ ਜਦੋਂ ਸਾਰੇ ਸ਼ਹੀਦੀ ਜਥੇ ਅਗਸਤ 1925 ਵਿਚ ਰਿਹਾਅ ਹੋਏ, ਤਾਂ ਆਪ ਭੀ ਜਥਿਆਂ ਦੇ ਨਾਲ ਰਿਹਾਅ ਹੋ ਕੇ ਘਰ ਪਹੁੰਚੇ। ਆਪ ਸੰਗਤ ਦੀ ਸੇਵਾ, ਲੰਗਰ ਆਦਿ ਦੀ, ਬੜੀ ਹਿੰਮਤ ਨਾਲ ਕਰਿਆ ਕਰਦੇ ਸਨ। ਅਰਦਾਸਾ ਬੜੇ ਪ੍ਰੇਮ ਤੇ ਉਚੀ ਆਵਾਜ਼ ਨਾਲ ਕਰਦੇ ਤੇ ਜੈਕਾਰਾ ਗੱਜ ਕੇ ਗਜਾਉਂਦੇ ਹੁੰਦੇ ਸਨ। ਸਰੀਰ ਬੜਾ ਨਰੋਆ, ਚੇਹਰਾ ਭਾਰਾ, ਸਜੀਲਾ ਦਾੜ੍ਹਾ ਸੀ, ਤਕੜੇ ਜਬਰਜੰਗ ਸਿੰਘ ਸਨ। ਬੁਢੇਪੇ ਵਿਚ ਭੀ ਬੜੇ ਹਿੰਮਤ ਤੇ ਸਾਹਸ ਵਾਲੇ ਸੱਜਣ ਸਨ। 1915-16 ਵਿਚ ਆਪ ਦੇ ਵਡੇ ਭਰਾ, ਭਾਈ ਜਗਤ ਸਿੰਘ (ਜੂਨ 1940 ਵਿਚ 72 ਸਾਲ ਦੀ ਉਮਰ ਵਿਚ ਚਲਾਣਾ ਕਰ ਗਏ) ਅਮਰੀਕਾ ਤੋਂ ਵਾਪਸ ਆ ਕੇ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਨਾਲ ਹੀ ਮੁਕੱਦਮਾ ਸਾਜ਼ਸ਼ ਲਾਹੌਰ ਵਿਚ ਕੈਦ ਹੋਏ ਸਨ। ਉਸ ਸਮੇਂ ਜਥੇਦਾਰ ਜੀ ਮੁਕਦਮੇ ਦੀ ਪੈਰਵੀ ਵਿਚ ਕਾਫੀ ਉਦਮ ਕਰਦੇ ਤੇ ਹਿਸਾ ਲੈਂਦੇ ਰਹੇ। ਉਹਨੀਂ ਦਿਨੀਂ ਲਾਹੌਰ ਸੈਂਟਰਲ ਜੇਲ੍ਹ ਤੇ ਆਪ ਦੀ ਪਲਟਨ ਦੇ ਸਿਪਾਹੀਆਂ ਦਾ ਹੀ ਪਹਿਰਾ ਸੀ। ਆਪ

ਦਾ ਜ਼ਿਕਰ ਭਾਈ ਸਾਹਿਬ ਰਣਧੀਰ ਸਿੰਘ ਰਚਿਤ ਜੇਲ੍ਹ ਚਿੱਠੀਆਂ ਦੇ ਦੂਜੇ ਹਿਸੇ ਵਿਚ ਆਉਂਦਾ ਹੈ। ਆਪ ਪੰਥਕ ਸੇਵਕਾਂ ਦੀ ਸ਼ਰੇਣੀ ਵਿਚ ਇਕ ਲੋੜੀਂਦੇ ਸੱਜਣ ਸਨ, ਪਰ ਸੰਸਾਰ ਵਿਚ ਸਦਾ ਲਈ ਕੋਈ ਥਿਰ ਨਹੀਂ ਰਿਹਾ। ਓੜਕ ਆਪ 16 ਦਸੰਬਰ 1936 ਈ: ਨੂੰ ਤਿੰਨ-ਚਾਰ ਮਹੀਨੇ ਬੁਖਾਰ ਦੀ ਬੀਮਾਰੀ ਦੇ ਕਾਰਨ 68 ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਏ। ਆਪ ਦੇ ਨਮਿਤ ਅਖੰਡ ਪਾਠ ਦੇ ਭੋਗ ਸਮਾਗਮ ਤੇ ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਸੰਗਤ ਸਮੇਤ ਕੀਰਤਨ ਕੀਤਾ। ਬਾਬਾ ਰਾਮ ਸਿੰਘ ਜੀ ਤੇ ਜਥੇਦਾਰ ਰਾਮ ਸਿੰਘ ਜੀ ਉਸ ਇਲਾਕੇ ਦੇ ਸਿੰਘਾਂ ਦੀ ਸ਼ਰੇਣੀ ਦੇ ਖਾਸ ਸੱਜਣ ਸਨ, ਜਿਨ੍ਹਾਂ ਦੇ ਚਲਾਣੇ ਦਾ ਘਾਟਾ ਸਦਾ ਹੀ ਮਹਿਸੂਸ ਹੁੰਦਾ ਰਹੇਗਾ। ਜਿਸ ਤਰ੍ਹਾਂ ਜਥੇਦਾਰ ਰਾਮ ਸਿੰਘ ਜੀ ਸੇਵਾ ਕਰਿਆ ਕਰਦੇ ਸਨ, ਉਸ ਪਰਥਾਇ ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਜੋ ਕਵਿਤਾ ਜੇਲ੍ਹ ਵਿਚ ਜਥੇ ਦੇ ਸਿੰਘਾਂ ਸੰਬੰਧੀ ਲਿਖੀ ਹੈ, ਉਸ ਵਿਚ ਇਉਂ ਅੰਕਿਤ ਹੈ -

'ਰਾਮ ਸਿੰਘ ਜਥੇਦਾਰ ਗੁਜਰਵਾਲੀ,
ਸਾਂਭੂ ਸਭ ਸਤਿਸੰਗ ਮੰਡੋਲਿਆਂ ਦਾ।'

LLLLLLL

---

(ਪੰਨਾ 3 ਦੀ ਬਾਕੀ)

ਭੌਰਾ ਖਿੜੇ ਹੋਏ ਫੁੱਲਾਂ ਉਤੇ ਮੰਡਲਾ ਰਿਹਾ ਹੈ ਪਰ ਮੈਨੂੰ ਇਹ ਖੁਸ਼ੀ ਨਸੀਬ ਨਹੀਂ, ਹੇ ਮੇਰੀ ਮਾਂ! ਮੈਂ ਵਿਛੋੜੇ ਵਿਚ ਕਿਵੇਂ ਜੀਅ ਸਕਦੀ ਹਾਂ? ਮੇਰੇ ਲਈ ਇਹ ਵਿਛੋੜਾ ਆਤਮਿਕ-ਮੌਤ ਹੈ।

## ਵੈਸਾਖੁ

***1. ਵੈਸਾਖੁ ਭਲਾ ਸਾਖਾ ਵੇਸ ਕਰੇ॥***
***ਧਨ ਦੇਖੈ ਹਰਿ ਦੁਆਰਿ ਆਵਹੁ ਦਇਆ ਕਰੇ॥***

ਵੈਸਾਖ ਦਾ ਮਹੀਨਾ ਕਿੰਨਾ ਸੁਹਾਵਣਾ ਹੈ, ਰੁੱਖਾਂ ਦੀਆਂ ਲਗਰਾਂ ਨੇ ਸੱਜ-ਵਿਆਹੀਆਂ ਮੁਟਿਆਰਾਂ ਵਾਂਗ ਕੂਲੇ ਕੂਲੇ ਪਤਰਾਂ ਦਾ ਹਾਰ-ਸ਼ਿੰਗਾਰ ਕੀਤਾ ਹੋਇਆ ਹੈ। ਬਨਸਪਤੀ ਦੇ ਹਾਰ-ਸ਼ਿੰਗਾਰ ਨੂੰ ਵੇਖ ਕੇ ਪ੍ਰੀਤਮ ਤੋਂ ਵਿਛੜੀ ਨਾਰ ਦੇ ਹਿਰਦੇ ਵਿਚ ਪਤੀ ਮੇਲ ਲਈ ਧੂਹ ਪੈਂਦੀ ਹੈ ਅਤੇ ਉਹ ਆਪਣੇ ਹਿਰਦੇ ਘਰ ਦੇ ਬੂਹੇ ਵਿਚ ਖਲੋਤੀ ਪ੍ਰਭੂ ਪਤੀ ਦਾ ਰਾਹ ਤਕਦੀ ਹੈ ਅਤੇ ਆਖਦੀ ਹੈ, ਹੇ ਪ੍ਰਭੂ ਪਤੀ! ਮਿਹਰ ਕਰਕੇ ਮੇਰੇ ਹਿਰਦੇ-ਘਰ ਵਿਚ ਆ ਵਸੋ।

***2. ਘਰਿ ਆਉ ਪਿਆਰੇ ਦੁਤਰ ਤਾਰੇ ਤੁਧੁ ਬਿਨੁ ਅਢੁ ਨ ਮੋਲੋ॥***
***ਕੀਮਤਿ ਕਉਣ ਕਰੇ ਤੁਧੁ ਭਾਵਾਂ ਦੇਖਿ ਦਿਖਾਵੈ ਢੋਲੋ॥***

ਹੇ ਪਿਆਰੇ! ਮੇਰੇ ਹਿਰਦੇ-ਘਰ ਵਿਚ ਆ ਵਸ, ਮੈਨੂੰ ਇਸ ਬਿਖਮ ਸੰਸਾਰ ਸਮੁੰਦਰ ਤੋਂ ਪਾਰ ਲੰਘਾ ਦੇ, ਤੇਰੇ ਤੋਂ ਬਿਨਾਂ ਮੇਰਾ ਮੁੱਲ ਕੌਡੀ ਜਿਤਨਾ ਭੀ ਨਹੀਂ ਹੈ। ਪਰ ਜੇ ਤੈਨੂੰ ਪ੍ਰੀਤਮ ਨੂੰ ਚੰਗੀ ਲਗ ਜਾਵਾਂ, ਤਾਂ ਮੇਰਾ ਮੁੱਲ ਕੌਣ ਪਾ ਸਕਦਾ ਹੈ? ਇਹ ਸੱਚ ਮੇਰਾ ਪਤੀ, ਮੇਰਾ ਢੋਲ ਪਰਤਾ ਕੇ ਵੇਖ ਸਕਦਾ ਹੈ।

***3. ਦੂਰਿ ਨ ਜਾਨਾ ਅੰਤਰਿ ਮਾਨਾ ਹਰਿ ਕਾ ਮਹਲੁ ਪਛਾਨਾ॥***
***ਨਾਨਕ ਵੈਸਾਖੀਂ ਪ੍ਰਭੁ ਪਾਵੈ ਸੁਰਤਿ ਸਬਦਿ ਮਨੁ ਮਾਨਾ॥***

ਪ੍ਰਭੂ ਦੀ ਬਖਸ਼ਿਸ਼ ਸਦਕਾ ਜੀਵ-ਇਸਤ੍ਰੀ ਨੂੰ ਸੋਝੀ ਹੋ ਜਾਂਦੀ ਹੈ ਕਿ ਪਤੀ ਕਿਤੇ ਦੂਰ ਨਹੀਂ, ਅੰਦਰ ਹੀ ਵਸਦਾ ਹੈ, ਉਸ ਹਰੀ ਦਾ ਟਿਕਾਣਾ ਅੰਦਰ ਹੀ ਹੈ। ਜਿਸ ਜੀਵ-ਇਸਤ੍ਰੀ ਦੀ ਸੁਰਤਿ ਸ਼ਬਦ ਵਿਚ ਜੁੜ ਜਾਂਦੀ ਹੈ, ਜਿਸ ਦਾ ਮਨ ਸਿਫਤਿ ਸਾਲਾਹ ਵਿਚ ਗਿੱਝ ਜਾਂਦਾ ਹੈ, ਉਹ ਜੀਵ ਇਸਤ੍ਰੀ ਵਿਸਾਖ ਦੀ ਸੁਹਾਵਣੀ ਰੁੱਤ ਵਿਚ ਪ੍ਰਭੂ-ਪਤੀ ਦਾ ਮਿਲਾਪ ਹਾਸਲ ਕਰ ਲੈਂਦੀ ਹੈ।

## ਜੇਠੁ

***1. ਮਾਹੁ ਜੇਠੁ ਭਲਾ ਪ੍ਰੀਤਮੁ ਕਿਉ ਬਿਸਰੈ॥***
***ਥਲ ਤਾਪਹਿ ਸਰ ਭਾਰ ਸਾਧਨ ਬਿਨਉ ਕਰੈ॥***

ਜੇਠੁ ਦਾ ਮਹੀਨਾ ਉਨ੍ਹਾਂ ਜੀਵਾਂ ਨੂੰ ਹੀ ਚੰਗਾ ਲਗਦਾ ਹੈ ਜਿਨ੍ਹਾਂ ਨੂੰ ਪ੍ਰੀਤਮ ਪ੍ਰਭੂ ਕਦੇ ਨਹੀਂ ਵਿਸਰਦਾ। ਜੇਠ ਦੀ ਗਰਮੀ ਕਾਰਨ ਧਰਤੀ ਭੱਠ ਵਾਂਗ ਤਪਣ ਲਗ ਪੈਂਦੀ ਹੈ, ਵਿਛੋੜੇ ਕਾਰਨ ਜੀਵ-ਰੂਪੀ ਇਸਤ੍ਰੀ ਦਾ ਹਿਰਦਾ ਦੁਖੀ ਹੁੰਦਾ ਹੈ ਅਤੇ ਉਹ ਪ੍ਰਭੂ-ਪਤੀ ਦੇ ਚਰਨਾਂ ਵਿਚ ਬੇਨਤੀ ਕਰਦੀ ਹੈ।

***2. ਧਨ ਬਿਨਉ ਕਰੇਦੀ ਗੁਣ ਸਾਰੇਦੀ ਗੁਣ ਸਾਰੀ ਪ੍ਰਭ ਭਾਵਾ॥***
***ਸਾਚੈ ਮਹਲਿ ਰਹੈ ਬੈਰਾਗੀ ਆਵਣ ਦੇਹਿ ਤ ਆਵਾ॥***

ਪਿਆਰ-ਭਿੱਜੀ ਜੀਵ-ਇਸਤ੍ਰੀ ਅਰਦਾਸ ਬੇਨਤੀ ਵੀ ਕਰਦੀ ਹੈ ਅਤੇ ਪ੍ਰਭੂ ਦੇ ਗੁਣਾਂ ਦੀ ਹਿਰਦੇ ਵਿਚ ਸੰਭਾਲ ਵੀ ਕਰਦੀ ਹੈ, ਕਿਉਂਕਿ ਉਹ ਜਾਣਦੀ ਹੈ ਕਿ ਪ੍ਰਭੂ-ਗੁਣਾਂ ਦੀ ਸੰਭਾਲ ਹੀ ਪ੍ਰਭੂ ਨੂੰ ਚੰਗੇ ਲਗਣ ਦਾ ਵਸੀਲਾ ਹੈ। ਪ੍ਰਭੂ ਵਿਕਾਰਾਂ ਦੀ ਤਪਸ਼ ਤੋਂ ਨਿਰਾਲਾ ਆਪਣੇ ਥਿਰ-ਮਹਲ ਵਿਚ ਟਿਕਿਆ ਰਹਿੰਦਾ ਹੈ ਅਤੇ ਉਸ ਦੀ ਆਗਿਆ, ਉਸ ਦੀ ਮਿਹਰ ਨਾਲ ਹੀ ਉਸ ਦੇ ਮਹੱਲ ਵਿਚ ਪੁਜਿਆ ਜਾ ਸਕੀਦਾ ਹੈ।

***3. ਨਿਮਾਣੀ ਨਿਤਾਣੀ ਹਰਿ ਬਿਨੁ ਕਿਉ ਪਾਵੈ ਸੁਖ ਮਹਲੀ॥***
***ਨਾਨਕ ਜੇਠਿ ਜਾਣੈ ਤਿਸੁ ਜੈਸੀ ਕਰਮਿ ਮਿਲੈ ਗੁਣ ਗਹਿਲੀ॥***

ਪ੍ਰਭੂ ਤੋਂ ਵਿਛੜੀ ਜੀਵ-ਇਸਤ੍ਰੀ, ਵਿਕਾਰਾਂ ਦੀ ਤਪਸ਼ ਵਿਚ ਨਿਢਾਲ, ਪ੍ਰਭੂ ਪ੍ਰਮਾਤਮਾ ਦੇ ਮਹੱਲਾਂ ਦਾ ਅਨੰਦ ਕਿਵੇਂ ਮਾਣ ਸਕਦੀ ਹੈ? ਜਿਹੜੀ ਇਸਤ੍ਰੀ ਪ੍ਰਭੂ ਦੇ ਗੁਣਾਂ ਨੂੰ ਹਿਰਦੇ ਵਿਚ ਵਸਾ ਕੇ ਉਸ ਨਾਲ ਸਾਂਝ ਪਾ ਲਵੇ, ਤਾਂ ਉਹ ਉਸ ਸ਼ਾਂਤ-ਚਿੱਤ ਪ੍ਰਭੂ ਜੈਸੀ ਹੋ ਜਾਂਦੀ ਹੈ ਅਤੇ ਉਸ ਦੀ ਮਿਹਰ ਸਦਕਾ ਉਸ ਵਿਚ ਇਕ-ਰੂਪ ਹੋ ਕੇ ਵਿਕਾਰਾਂ ਦੀ ਤਪਸ਼ ਤੋਂ ਬਚ ਜਾਂਦੀ ਹੈ।

LLLLLLL

**For more information**
**please visit us on internet at :-**

**http://www.atammarg.org**
**&**
**http://www.atammarg.com**

### ਆਤਮ ਮਾਰਗ ਸਪਿਰਚੂਅਲ, ਸਾਇੰਟਿਫਿਕ, ਐਜੂਕੇਸ਼ਨਲ ਚੈਰੀਟੇਬਲ ਟਰੱਸਟ ਦੇ ਬਾਨੀ ਤੇ ਮੁਖੀ ਸੰਤ ਵਰਿਆਮ ਸਿੰਘ ਜੀ ਵਲੋਂ

# ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ

ਇਹ ਪੁਸਤਕਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੂੜ੍ਹ ਸਿਧਾਂਤਾਂ ਨੂੰ ਭਲੀਭਾਂਤ ਨਿਖਾਰ ਕੇ ਪੇਸ਼ ਕਰਦੀਆਂ ਹਨ। ਇਨ੍ਹਾਂ ਵਿਚ ਨਾਮ, ਸੇਵਾ ਤੇ ਸਿਮਰਨ ਦੀਆਂ ਜੁਗਤੀਆਂ ਨੂੰ ਜਨ ਸਾਧਾਰਣ ਦੀ ਬੋਲੀ ਵਿਚ ਅੰਕਿਤ ਕੀਤਾ ਗਿਆ ਹੈ ਜੋ ਹਰ ਗੁਰਸਿੱਖ ਜਗਿਆਸੂ ਲਈ ਅਮੋਲਕ ਖਜ਼ਾਨਾ ਹੈ। ਆਤਮਕ ਸੁੱਖ-ਸ਼ਾਂਤੀ ਲਈ ਇਨ੍ਹਾਂ ਨੂੰ ਪ੍ਰਾਪਤ ਕਰਕੇ ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ।

## ਪੰਜਾਬੀ

| | |
|---|---|
| 1. ਸੁਰਤਿ ਸਬਦਿ ਮਾਰਗ | ਭੇਟਾ 50/- |
| 2. ਕਿਵ ਕੂੜੈ ਤੁਟੈ ਪਾਲਿ | ਭੇਟਾ 50/- |
| 3. ਬਾਤ ਅਗੰਮ ਕੀ - ਸੱਤ ਭਾਗਾਂ ਵਿਚ | ਭੇਟਾ 155/- |
| 4. ਕਿਵ ਸਚਿਆਰਾ ਹੋਈਐ - ਭਾਗ ਪਹਿਲਾ | ਭੇਟਾ 30/- |
| 5. ਕਿਵ ਸਚਿਆਰਾ ਹੋਈਐ - ਭਾਗ ਦੂਜਾ | ਭੇਟਾ 60/- |
| 6. ਕਿਵ ਸਚਿਆਰਾ ਹੋਈਐ - ਭਾਗ ਤੀਜਾ | ਭੇਟਾ 80/- |
| 7. ਹੋਵੈ ਅਨੰਦੁ ਘਣਾ | ਭੇਟਾ 25/- |
| 8. ਚਉਥੈ ਪਹਰਿ ਸਬਾਹ ਕੈ | ਭੇਟਾ 55/- |
| 9. ਸੁਰਤਿਆਂ ਉਪਜੈ ਚਾਉ | ਭੇਟਾ 40/- |
| 10. ਬਾਬਾਣੀਆਂ ਕਹਾਣੀਆਂ | ਭੇਟਾ 50/- |
| 11. ਅਗੰਮ ਅਗੋਚਰ ਦਾ ਮਾਰਗ | ਭੇਟਾ 60/- |
| 12. ਪੁਰਾਤਨ ਟੀਕਾ - ਜਪੁਜੀ ਸਾਹਿਬ | ਭੇਟਾ 10/- |
| 13. ਅਮਰ ਜੋਤਾਂ | ਭੇਟਾ 15/- |
| 14. ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | ਭੇਟਾ 10/- |
| 15. ਅੰਮ੍ਰਿਤ ਫੁਹਾਰ | ਭੇਟਾ 10/- |
| 16. ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ | ਭੇਟਾ 70/- |

ਉਪਰੋਕਤ ਪੁਸਤਕਾਂ ਦੀਵਾਨ ਸਮੇਂ ਸਟਾਲ ਤੋਂ, ਜਾਂ ਹਰ ਰੋਜ਼ ਦਫਤਰ 'ਆਤਮ ਮਾਰਗ' ਅਤੇ 'ਰਤਵਾੜਾ ਸਾਹਿਬ' ਤੋਂ ਨਕਦ ਭੇਟਾ ਦੇ ਕੇ ਲੈ ਸਕਦੇ ਹੋ ਜਾਂ M.O./ Bank Draft ਭੇਜ ਕੇ ਡਾਕ ਰਾਹੀਂ ਮੰਗਵਾ ਸਕਦੇ ਹੋ। ਥੋੜ੍ਹੀਆਂ ਪੁਸਤਕਾਂ ਲੈਣ ਲਈ 25/- ਅਤੇ ਸਾਰਾ ਸੈਟ ਲੈਣ ਲਈ 50/- ਰੁ: ਡਾਕ ਖਰਚ ਵੀ ਭੇਜਣ ਦੀ ਕ੍ਰਿਪਾਲਤਾ ਕਰੋ ਜੀ।

**-: ਮਿਲਣ ਦਾ ਪਤਾ : -**


**ਆਤਮ ਮਾਰਗ ਸਪਿਰਚੂਅਲ, ਸਾਇੰਟਿਫਿਕ, ਐਜੂਕੇਸ਼ਨਲ ਚੈਰੀਟੇਬਲ ਟਰੱਸਟ**

(ਪਬਲੀਕੇਸ਼ਨ ਬਰਾਂਚ)

ਗੁਰਦੁਆਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ

ਡਾਕ : ਮੁਲਾਂਪੁਰ ਗਰੀਬਦਾਸ

ਜ਼ਿਲਾ - ਰੋਪੜ 140901

ਫੋਨ ਨੰ: Code | Local - 918 / STD - 01888 | 39218, 39517


## ਹਿੰਦੀ

| | |
|---|---|
| 1. ਕਿਵ ਕੂੜੈ ਤੁਟੈ ਪਾਲਿ | ਭੇਟਾ 35/- |
| 2. ਬਾਤ ਅਗੰਮ ਕੀ - ਸੱਤ ਭਾਗਾਂ ਵਿਚ | ਭੇਟਾ 235/- |
| 3. ਕਿਵ ਸਚਿਆਰਾ ਹੋਈਐ - ਭਾਗ ਪਹਿਲਾ | ਭੇਟਾ 35/- |
| 4. ਕਿਵ ਸਚਿਆਰਾ ਹੋਈਐ - ਭਾਗ ਦੂਜਾ | ਭੇਟਾ 65/- |
| 5. ਸੁਰਤਿਆ ਉਪਜੈ ਚਾਉ ॥ | ਭੇਟਾ 45/- |
| 6. ਹੋਵੈ ਅਨੰਦੁ ਘਣਾ | ਭੇਟਾ 30/- |
| 7. ਸੁਰਤਿ ਸਬਦਿ ਮਾਰਗ | ਭੇਟਾ 70/- |
| 8. ਅਮਰ ਜੋਤਾਂ | ਭੇਟਾ 15/- |
| 9. ਬਾਬਾਣੀਆਂ ਕਹਾਣੀਆਂ | ਭੇਟਾ 50/- |
| 10. ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | ਭੇਟਾ 10/- |
| 11. ਅੰਮ੍ਰਿਤ ਫੁਹਾਰ | ਭੇਟਾ 10/- |
| 12. ਅਗੰਮ ਅਗੋਚਰ ਦਾ ਮਾਰਗ | ਭੇਟਾ 70/- |
| 13. ਪੁਰਾਤਨ ਟੀਕਾ - ਜਪੁਜੀ ਸਾਹਿਬ | ਭੇਟਾ 10/- |
| 14. ਚਉਥੈ ਪਹਰਿ ਸਬਾਹ ਕੈ | ਭੇਟਾ 60/- |

## English

| | |
|---|---|
| 1. BAISAKHI | Rs. 5/- |
| 2. HOW REND THE VEIL OF UNTRUTH | Rs. 70/-<br>US$ 10 |
| 3. DISCOURSES ON THE BEYOND (Part I) | Rs 50/-<br>US$ 5 |
| 4. DISCOURSES ON THE BEYOND (Part II) | Rs. 50/-<br>US$ 5<br>£ 3 |
| 5. DISCOURSES ON THE BEYOND (Part III) | Rs. 50/-<br>US$ 5<br>£ 3 |
| 6. THE WAY TO THE IMPERCEPTIBLE | RS. 80/-<br>US$ 10 |
| 7. The Lights Immortal | Rs. 20/-<br>US$ 2<br>£ 1 |
| 8. Transcendental Bliss | Rs. 70/-<br>US$ 10<br>£ 5 |
| 9. The Dawn of Khalsa Ideals | RS. 10/-<br>US$ 2<br>£ 1 |
| 10. How to know Thy Real Self (Part I) | RS. 70/-<br>US$ 10 |

# The Celestial Song
# ਗੁਰੂ ਗੋਬਿੰਦ ਗੀਤ

*ਮੂਲ ਲੇਖਕ – ਡਾ ਸਵਾਮੀ ਰਾਮ ਜੀ*
*ਅਨੁਵਾਦਕ – ਡਾ. ਬੀਬੀ ਤੇਜਿੰਦਰ ਮਲਹੋਤਰਾ*

*(ਲੜੀ ਜੋੜਨ ਲਈ ਦੇਖੋ, ਅਪ੍ਰੈਲ ਅੰਕ, ਪੰਨਾ – 43)*

**ਮੇਲ**

*ਘੁੰਮਣ ਘੇਰੀਆਂ ਖਾਂਦੀ ਹੈ ਪਵਿੱਤਰ ਗੋਦਾਵਰੀ ਜਿਥੇ*
*ਸੀਤਾ ਤੇ ਰਾਮ ਨੇ ਕੀਤਾ ਹੈ ਵਿਸ਼ਰਾਮ ਜਿਥੇ*
*ਹਰੇ ਮੈਦਾਨ ਸੋਹਣੀ ਝਿੜੀ ਦਰਿਆ ਦੇ ਕੰਡੇ*
*ਯੋਗੀ ਬ੍ਰਹਮਗਿਆਨੀ ਤੁਰੇ ਫਿਰਦੇ ਨੇ ਜਿਥੇ*
*ਵਿਚਰਦੇ ਆਪਣੀ ਸਰਲਤਾ ਦੇ ਵਿਚ*
*ਰਖਦੇ ਵੰਸ਼ਾਵਲੀ ਨੂੰ ਸਾਂਭ ਦੇ ਵਿਚ*
*ਪੰਡਤ ਗਿਆਨੀਆਂ ਦੇ ਪ੍ਰਵਚਨ ਸੋਹਣੇ*
*ਸਮੇਂ ਸਮੇਂ ਸਿਰ ਲਗਦੇ ਸੋਹਣੇ*
*ਇਸ ਪਾਕ ਨਦੀ ਦੇ ਕੰਡੇ*
*ਇਕ ਸਾਧੂ ਸੀ ਰਹਿੰਦਾ ਚੇਲਿਆਂ ਨਾਲ*
*ਯੋਧੇ ਤੋਂ ਬਣਿਆ ਸੰਨਿਆਸੀ ਸੀ ਜਿਹੜਾ*
*ਸੰਧੀ ਕੀਤੀ ਸੀ ਸਿਪਾਹੀ ਨੇ ਏਸ*
*ਰੱਖਿਆ ਕਰਨੀ ਉਨ੍ਹਾਂ ਦੀ*
*ਸਦਾ ਰਹਿਣਾ ਸੁਤੰਤਰ ਸਦਾ ਜੋ ਚਾਹੁੰਦੇ ਸੀ*
*ਤਿਆਗਿਆ ਉਸ ਨੇ ਸਭ ਕੁਝ ਜੋ ਸੀ ਉਸ ਕੋਲ*
*ਛੱਡਿਆ ਸਭ ਕੁਝ ਸਦਾ ਲਈ ਓਸ ਨੇ*
*ਦੇਖ ਲਿਆ ਜੀਵਨ ਆਪਣਾ ਉਸ ਨੇ*
*ਜਦੋ-ਜਹਿਦ ਨੂੰ ਜਾਣ ਲਿਆ ਸੀ ਓਸ ਨੇ*
*ਹਿਰਨੀ ਮਾਰੀ ਸੀ ਉਸ ਨੇ*
*ਬੱਚੇ ਸਨ ਦੋ, ਪੇਟ ਵਿਚ ਓਸ ਦੇ*
*ਲਿਆ ਨਹੀਂ ਸੀ ਇਕ ਵੀ ਸੁਾਸ ਜਿਨ੍ਹਾਂ ਨੇ*
*ਜੀਵਨ ਦੇ ਦਰਸ਼ਨ ਕੀਤੇ ਜਿਨ੍ਹਾਂ ਨੇ*
*ਮਰ ਗਏ, ਇਸ ਸੰਸਾਰ 'ਚੋਂ ਆਉਣ ਤੋਂ ਪਹਿਲਾਂ*
*ਸਹਿ ਨਾ ਸਕਿਆ ਬੰਦਾ, ਗਮ ਏਸ ਦਾ*
*ਯੋਧੇ ਦਾ ਦਿਲ ਪੰਘਰ ਗਿਆ ਏਸ ਤੋਂ*
*ਦਰਦਨਾਕ ਨਜ਼ਾਰਾ ਦੇਖ ਨਾ ਸਕਿਆ ਓਹ*
*ਮਾਂ ਤੇ ਮਾਸੂਮ ਬੱਚਿਆਂ ਦੀ ਮੌਤ ਦਾ*
*ਭੈ ਨਾਲ ਕੰਬ ਕੇ ਛੁਟ ਗਈ*
*ਤਲਵਾਰ ਤੇ ਮਿਆਨ ਯੋਧੇ ਦੇ ਹੱਥੋਂ*
*ਖਾਧੀ ਕਸਮ ਉਸ ਨੇ ਸਦਾ ਲਈ*
*ਨਹੀ ਕਰੇਗਾ ਇਹੋ ਜਿਹਾ ਘੋਰ ਅਨਿਆਂ*
*ਕੁਦਰਤ ਨੂੰ ਕਰੇਗਾ ਨਹੀ ਜ਼ਖਮੀ*
*ਹੋਇਆ ਸੀ ਮਾਧੋ ਬੈਰਾਗੀ*
*ਛੱਡਿਆ ਸੀ ਘਰ ਬਾਹਰ ਤੇ ਟੱਬਰ*
*ਸ੍ਰਿਸ਼ਟੀ ਵਿਗਿਆਨ ਜਾਣ ਕੇ*
*ਲੈਣ ਨਿਕਲਿਆ ਸੀ ਅੰਤਰ ਸ਼ਾਂਤੀ*
*ਮਾਧੋ ਦਾਸ ਹੋ ਗਿਆ ਸੀ ਖੜ੍ਹਾ ਚੁਰਸਤੇ ਉਤੇ*
*ਬਣ ਕੇ ਵੈਰਾਗੀ ਕਰਨ ਲਗਾ ਰਸਤੇ ਦੀ ਭਾਲ*
*ਲਗਾ ਕਰਨ ਉਡੀਕ ਉਸ ਦੀ*
*ਪਾਵੇ ਜੋ ਰਾਹ ਉਸ ਨੂੰ*
*ਕਰਮ ਪ੍ਰੇਮ ਦੇ ਗੇੜ ਵਿਚ ਆਇਆ ਓਦੋਂ ਤੋਂ*
*ਪ੍ਰੇਮ ਦੇ ਬੱਧੇ ਨੇ ਆ ਕੇ ਲਈ ਸ਼ਰਨ ਜੰਗਲਾਂ ਵਿਚ*
*ਲਗਾ ਕਰਨ ਮਨ ਪਵਿੱਤ੍ਰ, ਲਗਾ ਸਤਿ ਨੂੰ ਲੱਭਣ।*

*ਦ੍ਰਿੜ੍ਹ ਨਿਸ਼ਚਾ ਸੀ ਕੀਤਾ ਉਸ ਨੇ*
*ਹਿਰਦਾ ਕਦੀ ਨਾ ਹੁੰਦਾ ਸੀ ਵਸ ਉਸ ਦੇ*
*ਅਭਿਆਸ ਉਸ ਦੇ ਵਿਚ ਪੈ ਗਿਆ ਸੀ ਵਿਘਨ*
*ਲੋਚਦਾ ਸੀ ਬੜੀ ਹੀ ਤਨਮੈਤਾ*
*ਕੋਈ ਦੂਰ ਕਰੇ ਅੰਦਰ ਦੀ ਪੀੜਾ ਉਸ ਦੀ*
*ਚੜ੍ਹ ਕੇ ਸਿਖਰ ਤੇ ਹੋਇਆ ਪਿਆ ਸੀ ਨਿਢਾਲ ਯੋਗੀ*
*ਸਹਜ ਤੇ ਸੰਤੋਖ ਭਾਲਦਾ ਸਦਾ ਹੀ ਯੋਗੀ*
*ਲਗਦਾ ਸੀ ਸ਼ਾਂਤ ਨਦੀ ਦੇ ਵਾਂਗ ਮਾਧੋਦਾਸ*
*ਅੰਦਰੋਂ ਕੰਬਦਾ ਸੀ ਦਿਲ ਓਸ ਦਾ।*

*ਦੁਬਿਧਾ ਦੇ ਵਿਚ ਸੀ ਵਸਦਾ ਸਦਾ ਦਿਲ*
*ਇਕ ਯੋਧੇ ਦਾ ਦਿਲ ਸੀ ਧੜਕਦਾ ਵਿਚ*
*ਸਿਪਾਹੀ ਨੂੰ ਰਖਦਾ ਸੀ ਸੰਕੋਚ ਕੇ ਉਹ*
*ਤਿਆਗ ਤੇ ਤਪਸਿਆ ਵਿਚ ਲੱਗਾ ਸੀ ਕਠੋਰਤਾ ਨਾਲ*

ਤਾਣ ਦੇ ਜੀਵਨ ਦਾ ਧਿਆਨ ਸੀ ਛਡਿਆ
ਆਇਆ ਫੇਰ ਉਹ ਸੁਭਾਗ ਦਿਹਾੜਾ
ਕਰਮ ਚੰਗੇ ਪਿਛਲੇ ਕੋਈ ਜਾਗੇ ਉਸ ਦੇ
ਸ਼ੁਭ ਘੜੀ ਸੀ ਆ ਖਲੋਤੀ ਬੂਹੇ ਤੇ
ਤਾਰਿਆਂ ਨੇ ਵੀ ਆਪਣੀ ਸ਼ੁਭ ਘੜੀ ਦਰਸਾਈ
ਕਦੀ ਹਸਦਾ ਕਦੀ ਸੀ ਰੋਂਦਾ ਬੰਦਾ
ਕਦੀ ਅੰਦਰ ਤੇ ਕਦੀ ਸੀ ਬਾਹਰ ਬੰਦਾ
ਮਨ ਸੀ ਖਿੰਡਿਆ ਕਦੀ, ਟਿਕਦਾ ਸੀ ਕਦੇ
ਕਦੀ ਪਾਉਂਦਾ ਸੀ ਤਲਵਾਰ ਨੂੰ ਹੱਥ
ਪਤਾ ਨਹੀਂ ਹੋਇਆ ਸੀ ਕੀ
ਕਰਦਾ ਸੀ ਤੋਬਾ ਕਿਉਂ ਫੇਰ
ਝਿੜੀ ਦੇ ਓਹਲੇ ਲਗਾ ਹੈ ਯੋਧਿਆਂ ਦਾ ਕੈਂਪ
ਹਵਾ ਵਿਚੋਂ ਆਉਂਦੀ ਹੈ ਘੋੜਿਆਂ ਦੇ ਟਾਪ ਦੀ ਆਵਾਜ਼
ਕੋਈ ਕਰਦੇ ਨੇ ਆਪਣੇ ਹਥਿਆਰਾਂ ਦੀ ਸਫਾਈ, ਕੋਈ ਅਰਦਾਸ
ਗੁਰੂ ਉਨ੍ਹਾਂ ਦਾ ਆਉਂਦਾ ਹੈ ਚੜ੍ਹ ਕੇ ਘੋੜੇ
ਐਨੇ ਨੂੰ ਸੂਰਜ ਵੀ ਦਿੰਦਾ ਹੈ ਦਰਸ਼ਨ ਸਵੇਰ ਦੇ ਵੇਲੇ
ਇਲਾਹੀ ਖ਼ੁਦਾ ਮੇਹਰ ਨਾਲ ਪੜਦਾ ਚੁਕਦਾ ਹੈ ਦਰਸ਼ਨ ਦਾ
ਉਸ ਦੀ ਮੇਹਰ, ਕ੍ਰਿਪਾ ਬਖਸ਼ਿਸ਼ ਦਾ ਹੁੰਦਾ ਹੈ ਦੀਦਾਰ
ਅਜ ਪਹੁੰਚਿਆ ਸਤ ਤਕ, ਚੜ੍ਹਿਆ ਘੋੜੇ ਤੇ ਉਹ
ਯੋਧਾ ਤੇ ਯੋਗੀ, ਲੋੜ ਸੀ ਉਸ ਦੀ ਇਕ
ਰਹਿਣ ਸਾਰੇ ਨਿਆਂ ਤੇ ਸੁਤੰਤਰਤਾ ਦੇ ਵਿਚ
ਕਰਨ ਅਰਪਣ ਜੀਵਨ ਆਪਣਾ ਸੱਤ ਨੂੰ ਸਦਾ ਹੀ
ਸੱਤ ਦੀ ਤਲਵਾਰ ਨੂੰ ਟੇਕਦਾ ਸੀ ਮੱਥਾ ਉਹ
ਉਸ ਦੀ ਸ਼ਕਤੀ ਦੇ ਚੁਫੇਰੇ ਉਸ ਦੇ
ਸ਼ਿਵ ਜੋ ਸੀ ਨਾਸ਼ ਦਾ ਦੇਵਤਾ
ਕਰਦੀ ਸੀ ਰਾਖੀ ਓਸ ਦੀ ਸਦਾ।

ਜੰਗ ਦਾ ਨਗਾਰਾ ਸੁਣਦਾ ਹੈ ਸੰਨਿਆਸੀ
ਮਨ ਵਿਚ ਹੁੰਦਾ ਹੈ ਭਰਪੂਰ ਸੰਨਿਆਸੀ
ਧੱਕਾ ਲਗਦਾ ਹੈ ਉਸ ਦੇ ਅਤੀਤ ਨੂੰ
ਯੋਧੇ ਦੀ ਆਣ ਨੂੰ ਵੰਗਾਰਦਾ ਪਛੋਕੜ
ਸੰਨਿਆਸੀ ਬਣ ਗਿਆ ਸੀ ਹੁਣ
ਉਸ ਦਾ ਮਨ ਭਰਦਾ ਸੀ ਬਾਰ-ਬਾਰ
ਕੀ ਉਹ ਆਪਣੇ ਮਨ ਨੂੰ ਦੁਖ ਤੋਂ ਨੇਤਰ ਬੰਦ ਕਰ ਸਕਦਾ
ਜਿਵੇਂ ਹੀ ਉਹ ਅਰਦਾਸ ਕਰਦਾ ਭੇਟਾ ਚੜ੍ਹਾਉਂਦਾ
ਕੀ ਦੂਸਰੇ ਘਾਟ ਮਹਿਸੂਸ ਕਰਦੇ ਥੋੜ੍ਹੇ ਦੇਖਦੇ
ਕੀ ਉਸ ਨੇ ਕੀਤਾ ਹੈ ਫੈਸਲਾ ਠੀਕ
ਆਪਣੀ ਰੁਚੀ ਨੂੰ ਦਿਤਾ ਹੈ ਦਫਨਾ ਉਸ ਨੇ
ਉਹ ਸੋਚਦਾ ਹੈ ਬੈਠ ਕੇ
ਕੀ ਉਹ ਆਪਣਾ ਸੰਨਿਆਸ ਛੱਡ ਦੇਵੇ?
ਉਹ ਜੀਵਨ 'ਆਤਮ ਮਾਰਗ' ਤਿਆਗ ਦੇਵੇ?
ਉਹ ਸੋਹਣਾ, ਸ਼ਾਂਤ ਜੀਵਨ ਜੋ ਹੈ
ਉਸ ਦੀ ਥੱਕੀ, ਜੰਗਾਂ ਦੀ ਮਾਰੀ ਰੂਹ
ਜਿਹੜੀ ਸਦਾ ਉਸ ਨੂੰ ਸਦਦੀ ਸੀ ਨੇੜੇ ਆਪਣੇ
ਜੀਵਨ ਦੀ ਸਖਤਾਈ ਨੂੰ ਜ਼ੁਲਮ ਨੂੰ ਰਖਦੀ ਸੀ ਦੂਰ
ਨਿਰਾਸਤਾ ਨੂੰ ਸਦਾ ਕਰਦੀ ਸੀ ਦੂਰ
ਅਸ਼ਾਂਤੀ ਮੁੜ ਕੇ ਆਉਂਦੀ ਦਿਸਦੀ ਹੈ
ਪਹਿਲਾਂ ਵੀ ਅਸ਼ਾਂਤੀ ਦਾ ਅਹਿਸਾਸ ਸੀ ਹੋਇਆ
ਜਦੋਂ ਉਸ ਨੇ ਛੱਡਿਆ ਸੀ ਸਭ ਕੁਝ ਆਪਣਾ
ਠਹਿਰੋ ਇਹ ਸ਼ੰਕੇ ਉਹ ਸੁਣ ਸਕਦਾ ਨਹੀਂ
ਉਹ ਜਾਣਦਾ ਹੈ ਮਾਰਗ ਓਸ ਦਾ ਹੈ ਪੂਰਨ
ਸਾਰੇ ਸੰਤ ਇਸ ਮਾਰਗ ਨੂੰ ਪੂਜਦੇ ਆਏ
ਇਸ ਸ਼ੰਕੇ ਨੂੰ ਤਿਆਗਣਾ ਹੈ
ਸ਼ੰਕੇ ਨਵਿਰਤ ਕਰਕੇ ਹੀ ਗੁਰੂ ਦੇ ਮਾਰਗ ਤੇ ਚਲਣਾ ਹੈ।

ਸੰਖ ਵਜਿਆ ਸੀ ਯੁਧ ਦਾ
ਮਨ ਵਿਚ ਉਠੀ ਸੀ ਪੀੜ ਇਕ
ਉਸ ਸਮੇਂ ਝਲਕ ਪਈ ਸੀ ਨੂਰੀ ਚਿਹਰੇ ਦੀ
ਅੰਦਰ ਜਾਂਦੇ ਵਿਚ ਕੁਟੀਆ ਦੇ
ਮਾਧੋ ਦੌੜਦਾ ਹੈ ਉਨ੍ਹਾਂ ਨੂੰ ਰੋਕਣ ਤਾਂਈਂ
ਕਰਦਾ ਜਦੋਂ ਦਿਦਾਰੇ ਉਸ ਨੂਰੀ ਚਿਹਰੇ ਦੇ
ਢਹਿ ਪੈਂਦਾ ਹੈ ਚਰਨਾਂ ਤੇ ਗੁਰਾਂ ਦੇ ਉਹ
ਲੋਚਦਾ ਸੀ ਜਿਨ੍ਹਾਂ ਚਰਨਾਂ ਦੀ ਧੂੜੀ
ਅਜ ਉਨ੍ਹਾਂ ਚਰਨਾਂ ਦੀ ਛੋਹ ਹੈ ਪ੍ਰਾਪਤ
ਉਹ ਨੂਰਾਨੀ ਚਿਹਰਾ ਸੀ ਪ੍ਰੀਤਮ ਪਿਆਰੇ ਗੁਰੂ ਗੋਬਿੰਦ ਜੀ ਦਾ
ਊਚ ਤੋਂ ਊਚੇ, ਗੁਣ ਗਾਂਵਦਾ ਜਿਨ੍ਹਾਂ ਦੇ ਸੰਸਾਰ ਸਾਰਾ
ਜਿਨ੍ਹਾਂ ਮਨੁੱਖ ਨੂੰ ਨਵ ਜੀਵਨ ਸੀ ਦਿਤਾ
ਉਹ ਮਨੁੱਖ ਸੀ ਸਾਜੇ
ਵੈਰਾਗੀ ਸੀ ਜਿਨ੍ਹਾਂ ਦੇ ਗੁਣ ਗਾਂਵਦਾ
ਜਿਹੜੇ ਕਰਮਾਂ ਦੇ ਉਚੇ ਅੰਦਰੋਂ ਸੀ ਪੂਰਨ ਸ਼ਾਂਤ
ਮਨੁੱਖ ਦੇ ਜ਼ਖਮਾਂ ਤੇ ਬੰਨ੍ਹਦੇ ਸੀ ਪਟੀ ਜਿਹੜੇ
ਵਲੀ ਯੋਧੇ ਤੇ ਸੂਰਮੇ ਜਿਹੜੇ ਪੂਰੇ
ਮਨ ਦੇ ਸਾਦੇ ਸੁਹਿਰਦ ਤੇ ਸਦਾ ਸੰਭਾਲ ਵਾਲੇ
ਜੀਵਨ ਰੌਂ ਰੁਮਕਦੀ ਜਿਨ੍ਹਾਂ ਵਿਚ ਸਦਾ ਹੀ
ਗੁਰੂਆਂ ਦੀ ਸਿਖਿਆ ਸੀ ਚਮਕਦੀ ਜਿੰਨ੍ਹਾ ਅੰਦਰ
ਹਰ ਇਕ ਦਾ ਸੀ ਵਿਹਾਰ ਦੂਸਰੇ ਤੋਂ ਸੋਹਣਾ
ਹਰ ਇਕ ਸੀ ਅਨੁਸ਼ਾਸ਼ਨ ਵਿਚ ਅੱਗੇ
ਸ਼ਾਂਤ ਤੇ ਯੋਧੇ ਸਿਪਾਹੀ ਸੀ ਸਾਰੇ
ਸਭ ਦੇ ਚਿਹਰਿਆਂ ਤੇ ਸੀ ਰੂਹਾਨੀ ਨੂਰ
ਉਹ ਆਪਣੇ ਮਨ ਮੰਦਰ ਵਿਚ ਕਰਦੇ ਆਰਾਮ ਸਦਾ
ਮਾਣਦੇ ਨੂਰੀ ਪ੍ਰੇਮ ਤੇ ਸ਼ਾਂਤੀ ਸਦਾ
ਗੁਰਾਂ ਨੇ ਲੱਭ ਲਿਆ ਬੈਰਾਗੀ ਨੂੰ
ਆਏ ਸੀ ਉਸ ਨੂੰ ਦਰਸ਼ਨ ਦੇਣ ਗੁਰੂ ਜੀ
ਬੈਰਾਗੀ ਜੋ ਹੋ ਗਿਆ ਸਤ ਤੋਂ ਪਰੇ
ਉਸ ਨੂੰ ਮੋੜਿਆ ਗੁਰਾਂ ਨੇ ਆ ਕੇ ਮੋੜਿਆ ਆਪਣੇ ਅੰਦਰ
ਜਦੋਂ ਝੁਕਿਆ ਉਹ ਕਰਨ ਪ੍ਰਣਾਮ
ਉਸ ਨੂੰ ਚੁਕਿਆ ਗਲਵਕੜੀ ਪਾ ਗੁਰਾਂ ਨੇ ਆਪ
ਉਸ ਨੂੰ ਘੁਟ ਕੇ ਰੱਖਿਆ ਕਿੰਨੀ ਹੀ ਦੇਰ
ਹਿਰਦੇ ਮਿਲ ਗਏ ਪਿਛੋਕੜ ਦੇਖਿਆ ਦੋਨਾਂ ਨੇ
ਗੁਰੂ ਤੇ ਵਿਛੜਿਆ ਭਗਤ ਅੱਜ ਹੋਏ ਇਕ
ਦੋਵੇਂ ਹੋ ਗਏ ਮੂਲ ਰੂਪ ਆਪ
ਨਿਕਲੀ ਨਾ ਕਿਸੇ ਦੀ ਵੀ ਆਵਾਜ਼
(ਬਾਕੀ ਪੰਨਾ 39 ਤੇ)

# Book of Wisdom
# ਵਿਵੇਕ ਬੋਧ

*ਮੂਲ ਲੇਖਕ - ਡਾ. ਸਵਾਮੀ ਰਾਮ ਜੀ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

## ਈਸ਼ ਉਪਨਿਸ਼ਦ ਦੀ ਜਾਣ ਪਛਾਣ

ਈਸ਼ ਉਪਨਿਸ਼ਦ ਨੂੰ ਗਿਆਨ ਦਾ ਮੁੱਢ ਅਤੇ ਉਪਨਿਸ਼ਦਾਂ ਦਾ ਨੀਂਹ ਪੱਥਰ ਸਮਝਿਆ ਜਾਂਦਾ ਹੈ। ਇਸ ਵਿਚ ਕੇਵਲ ਅਠਾਰ੍ਹਾਂ ਮੰਤਰ ਹਨ, ਇਹ ਅਤਿ ਸੰਖੇਪ ਉਪਨਿਸ਼ਦ ਹੈ, ਮੰਤਰਾਂ ਨੂੰ ਪੜ੍ਹ ਕੇ, ਸਮਝ ਕੇ ਪਤਾ ਲਗਦਾ ਹੈ ਕਿ ਇਹ ਉਪਨਿਸ਼ਦ ਆਪਣੇ ਆਪ ਵਿਚ ਸੰਪੂਰਨ ਹੈ, ਭਾਵੇਂ ਦੂਸਰੇ ਉਪਨਿਸ਼ਦ ਦੀ ਵੇਦਾਂਤ ਦੀ ਫਿਲੌਸਫੀ ਬਹੁਤ ਵਿਸਥਾਰ ਨਾਲ ਦਿੰਦੇ ਹਨ। ਕਨਵ ਸ਼ਖਾ ਜੋ ਯਜੁਰਵੇਦ ਵਿਚ ਹੈ ਉਸ ਦੇ ਚਾਲੀ ਅਧਿਆਇ ਈਸ਼ ਉਪਨਿਸ਼ਦ ਉਤੇ ਹੀ ਹਨ। ਮੁੱਢਲੀ ਅਰਦਾਸ ਤੋਂ ਬਾਅਦ ਉਪਨਿਸ਼ਦ ਚਾਰ ਭਾਗਾਂ ਵਿਚ ਵੰਡਿਆ ਹੋਇਆ ਹੈ, ਤਾਂ ਜੋ ਸਾਧਕ ਚੰਗੀ ਤਰ੍ਹਾਂ ਸਮਝ ਸਕੇ।

ਈਸ਼ ਉਪਨਿਸ਼ਦ ਦੇ ਪਹਿਲੇ ਪਦੇ ਵਿਚ ਪਹਿਲੇ ਤਿੰਨ ਮੰਤਰ ਦਿਤੇ ਗਏ ਹਨ। ਇਹ ਤਿੰਨ ਮੰਤਰ ਬ੍ਰਹਮ ਵਿਦਿਆ ਬਾਰੇ ਗਿਆਨ ਦਿੰਦੇ ਹਨ, ਬ੍ਰਹਮ ਗਿਆਨ ਤੇ ਕਿਵੇਂ ਇਸ ਗਿਆਨ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ। ਪਹਿਲਾ ਤੇ ਦੂਸਰਾ ਮੰਤਰ ਐਨੇ ਡੂੰਘੇ ਤੇ ਗੰਭੀਰ ਹਨ ਕਿ ਸਾਰੀ ਗੀਤਾ ਕੇਵਲ ਉਨ੍ਹਾਂ ਦੋ ਮੰਤਰਾਂ ਦਾ ਹੀ ਵਿਆਖਿਆਨ ਹੈ। ਪਹਿਲਾ ਪਦ ਜੀਵਨ ਜੀਉਣ ਦੀ ਕਲਾ ਦਸਦਾ ਹੈ, ਸੱਚੇ ਵਿਸ਼ਵਾਸ਼ ਨਾਲ ਉਪਨਿਸ਼ਦ ਦੀ ਸਿਖਿਆ ਗ੍ਰਹਿਣ ਕਰਨ ਨਾਲ ਬ੍ਰਹਮਵਿਦਿਆ ਦੀ ਝਲਕ ਪੈਂਦੀ ਹੈ। ਪ੍ਰਯੋਗਿਕ ਦ੍ਰਿਸ਼ਟੀਕੋਣ ਤੋਂ ਇਸ ਸਿਖਿਆ ਨੂੰ ਤੁਸੀਂ ਹੇਠ ਲਿਖੇ ਸੰਕੇਤਾਂ ਵਿਚ ਦਸ ਸਕਦੇ ਹੋ।

1. ਪ੍ਰਮਾਤਮਾ ਇਕ ਹੈ।

2. ਸੰਸਾਰ ਦੇ ਸਾਰੇ ਪਦਾਰਥ ਪ੍ਰਮਾਤਮਾ ਦੀ ਦੇਣ ਹਨ, ਇਨ੍ਹਾਂ ਸਾਰੇ ਪਦਾਰਥਾਂ ਨੂੰ ਉਸ ਇਕ ਦੀ ਦੇਣ ਸਮਝ ਕੇ ਹੀ ਵਰਤੋ, ਇਹ ਸਮਝੋ ਕਿ ਸਾਨੂੰ ਕੇਵਲ ਵਰਤਣ ਦਾ ਹੀ ਹੱਕ ਹੈ, ਇਹ ਵਸਤਾਂ ਸਾਡੀਆਂ ਨਹੀਂ ਹਨ।

3. ਦੂਸਰਿਆਂ ਦੀ ਪੂੰਜੀ ਲਈ ਲੋਭ ਲਾਲਚ ਨਹੀਂ ਰਖਣਾ ਚਾਹੀਦਾ, ਕਿਸੇ ਦਾ ਹੱਕ ਨਹੀਂ ਰਖਣਾ ਚਾਹੀਦਾ, ਕਿਸੇ ਦਾ ਹੱਕ ਨਹੀਂ ਖੋਹਣਾ ਚਾਹੀਦਾ।

4. ਸਾਨੂੰ ਦ੍ਰਿੜ੍ਹਤਾ ਨਾਲ ਆਪਣੀਆਂ ਡਿਊਟੀਆਂ ਕਰਨੀਆਂ ਚਾਹੀਦੀਆਂ ਹਨ ਤੇ ਮਰਦੇ ਦਮ ਤਕ ਕਰਮ ਕਰਦੇ ਰਹਿਣਾ ਚਾਹੀਦਾ ਹੈ। ਜੋ ਕੋਈ ਵੀ ਨਿਰਲਿਪਤ ਹੋ ਕੇ ਕਰਮ ਕਰਦਾ ਹੈ, ਫਲ ਦੀ ਇੱਛਾ ਨਹੀਂ ਰਖਦਾ, ਉਹ ਕਦੀ ਕਰਮਬਧ ਨਹੀਂ ਹੋ ਸਕਦਾ।

5. ਜੀਵਨ ਦੇ ਸਾਰੇ ਕਰਮ, ਸਾਰੀਆਂ ਡਿਊਟੀਆਂ ਮੋਹ ਤੋਂ ਮੁਕਤ ਹੋ ਕੇ ਹੀ ਕਰਨ ਦੀ ਲੋੜ ਹੈ, ਕਰਮ ਕਰਨੇ ਅਤਿ ਅਵਸ਼ਕ ਹਨ, ਕਰਮ ਕਰਦਿਆਂ ਹੀ ਗਿਆਨ ਪ੍ਰਾਪਤ ਹੁੰਦਾ ਹੈ, ਕਰਮ ਕਰਦੇ ਗਿਆਨ ਦੀ ਪ੍ਰਾਪਤੀ ਆਤਮ ਮਾਰਗ ਦੀ ਪਉੜੀ ਦਾ ਪਹਿਲਾ ਡੰਡਾ ਹੈ, ਇਸ ਤੋਂ ਬਿਨਾਂ ਤੁਸੀਂ ਅਗਲਾ ਕਦਮ ਨਹੀਂ ਪੁੱਟ ਸਕਦੇ।

6. ਸਾਨੂੰ ਆਪਣੇ ਅੰਦਰ ਆਤਮਾ ਦੀ ਆਵਾਜ਼ ਤੋਂ ਉਲਟ ਕਦੇ ਨਹੀਂ ਜਾਣਾ ਚਾਹੀਦਾ।

7. ਜਿਹੜਾ ਆਪਣੀ ਆਤਮਾ ਦੀ ਆਵਾਜ਼ ਨੂੰ ਨਹੀਂ ਸੁਣਦਾ, ਉਸ ਤੋਂ ਉਲਟ ਚਲਦਾ ਹੈ, ਉਹ ਇਸ ਸੰਸਾਰ ਵਿਚ ਦੁੱਖੀ ਰਹਿੰਦਾ ਹੈ ਤੇ ਅਗਲੇ ਸੰਸਾਰ ਵਿਚ ਵੀ ਦੁੱਖੀ ਰਹਿੰਦਾ ਹੈ।

ਇਸ ਉਪਨਿਸ਼ਦ ਦਾ ਦੂਸਰਾ ਪਦ ਚੌਥੇ ਮੰਤਰ ਨਾਲ ਸ਼ੁਰੂ ਹੁੰਦਾ ਹੈ ਤੇ ਅੱਠਵੇਂ ਮੰਤਰ ਨਾਲ ਖਤਮ ਹੁੰਦਾ ਹੈ ਇਨ੍ਹਾਂ ਪੰਜ ਮੰਤਰਾਂ ਵਿਚ ਬ੍ਰਹਮਵਿਦਿਆ ਦਸੀ ਗਈ ਹੈ, ਉਹ ਪਵਿੱਤਰ ਗਿਆਨ ਜਿਹੜਾ ਸਾਧਕ ਨੂੰ ਸਥਿਰ ਕਰਦਾ ਹੈ, ਆਪਣੇ ਆਪੇ ਨੂੰ ਦਿਖਾਉਂਦਾ ਹੈ ਤੇ ਉਸ ਦੀਆਂ ਸਾਰੀਆਂ ਬੁਰਿਆਈਆਂ ਕੱਢ ਦਿੰਦਾ ਹੈ।

ਇਸ ਉਪਨਿਸ਼ਦ ਦੇ ਤੀਸਰੇ ਪਦ ਵਿਚ ਕੇਵਲ ਦੋ ਮੰਤਰ ਹਨ - ਸਤਾਰ੍ਹਵਾਂ ਤੇ ਆਠਾਰਵਾਂ ਮੰਤਰ; ਇਨ੍ਹਾਂ ਦੋ ਮੰਤਰਾਂ ਵਿਚ ਮਰਨ ਦੀ ਕਲਾ ਤੇ ਵਿਗਿਆਨ ਦਿਤਾ ਗਿਆ ਹੈ, ਇਨ੍ਹਾਂ ਵਿਚ ਸਾਧਕ ਦੀਆਂ ਰਹੱਸਮਈ ਅਰਦਾਸਾਂ ਹਨ, ਜੋਦੜੀਆਂ ਹਨ ਜਿਹੜਾ ਇਸ ਸੰਸਾਰ ਤੋਂ ਜਾ ਰਿਹਾ ਹੈ, ਜੋ ਸਾਨੂੰ ਸਭ ਨੂੰ ਕਰਨਾ ਹੀ ਚਾਹੀਦਾ ਹੈ।

ਇਹ ਸੰਖੇਪ ਰੂਪ ਰੇਖਾ ਸਾਨੂੰ ਈਸ਼ ਉਪਨਿਸ਼ਦ ਦੀ ਸਿਖਿਆ ਦੀ ਮਹੱਤਤਾ ਦਸਦੀ ਹੈ। ਜੀਵਨ ਦੇ ਸਾਰੇ ਜ਼ਰੂਰੀ ਸਵਾਲਾਂ ਦੇ ਜਵਾਬ ਇਸ ਈਸ਼ ਉਪਨਿਸ਼ਦ ਵਿਚ ਲਭਦੇ ਹਨ। ਈਸ਼ ਉਪਨਿਸ਼ਦ ਵੇਦਾਂਤ ਫਲਸਫੇ ਤੇ ਸਭ ਤੋਂ ਉਤਮ ਗ੍ਰੰਥ ਹੈ। ਹਰੇਕ ਸਾਧਕ ਆਪਣਾ ਅੰਤਮ ਮੰਤਵ ਪ੍ਰਾਪਤ ਕਰ ਸਕਦਾ ਹੈ ਜੇ ਉਹ ਈਸ਼ ਉਪਨਿਸ਼ਦ ਚੰਗੀ ਤਰ੍ਹਾਂ ਪੜ੍ਹ ਕੇ ਸਮਝ ਲਵੇ ਤੇ ਉਸ ਦੇ ਨਿਯਮਾਂ ਦਾ ਪਾਲਨ ਕਰੇ।

ਮੈਂ ਚੁੱਪ ਚਾਪ ਹੀ ਉਨ੍ਹਾਂ ਮਹਾਂਪੁਰਖਾਂ ਦੀ ਮਹਿਮਾ ਗਾਉਂਦਾ ਰਹਿੰਦਾ ਹਾਂ ਜਿਨ੍ਹਾਂ ਨੇ ਮੈਨੂੰ ਉਪਨਿਸ਼ਦ ਪੜ੍ਹਨ ਲਾਇਆ, ਮੈਂ ਹਰ ਘੜੀ ਉਨ੍ਹਾਂ ਨੂੰ ਮੱਥਾ ਟੇਕਦਾ ਹਾਂ, ਆਪਣੇ ਅੰਦਰ ਹੀ ਅੰਦਰ ਨਮਸਕਾਰ ਕਰਦਾ ਰਹਿੰਦਾ ਹਾਂ। ਜਦੋਂ ਵੀ ਮੈਂ ਆਪਣੀ ਆਤਮਾ ਦੀ ਆਵਾਜ਼ ਸੁਣਦਾ ਹਾਂ, ਮੈਨੂੰ ਨਵੀਂ ਸ਼ਕਤੀ ਮਿਲਦੀ ਹੈ। ਇਹ ਸਭ ਮੇਰੇ ਗੁਰੂ ਦੀ ਕ੍ਰਿਪਾ ਹੀ ਹੈ ਵੇਦਾਂਤ ਨੂੰ ਪੜ੍ਹ ਕੇ, ਜਾਣ ਕੇ ਮੈਨੂੰ ਬਹੁਤ ਸ਼ਾਂਤੀ ਮਿਲੀ ਹੈ। ਆਓ ਅਸੀਂ ਵੀ ਈਸ਼ ਉਪਨਿਸ਼ਦ ਦੇ ਅੰਮ੍ਰਿਤ ਸਰੋਵਰ ਵਿਚ ਚੁੱਭੀਆਂ ਮਾਰੀਏ।

(ਬਾਕੀ ਪੰਨਾ 62 ਤੇ)

# ਅਬਿਨਾਸ਼ੀ ਜੋਤ ਪ੍ਰਗਟੀ

***ਸੰਤ ਵਰਿਆਮ ਸਿੰਘ ਜੀ***
***ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ***

*(ਲੜੀ ਜੋੜਨ ਲਈ ਦੇਖੋ ਅਪ੍ਰੈਲ ਅੰਕ, ਪੰਨਾ - 62)*

ਸੰਤ ਮਹਾਰਾਜ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲੇ - ਆਪ ਹਜ਼ੂਰ ਸਾਹਿਬ ਗਏ ਹੋਏ ਨੇ, ਉਥੇ ਸਵਾ ਲੱਖ ਜਪੁਜੀ ਸਾਹਿਬ ਦਾ ਪਾਠ ਆਪ ਨੇ ਕੀਤਾ। ਬਹੁਤ ਔਖਾ ਹੈ, ਕਿੰਨੇ ਪਾਠ ਰੋਜ਼ ਕਰੋ; ਸੌ ਪਾਠ ਕਰੋ ਤਾਂ ਵੀ ਹਿਸਾਬ ਲਾ ਲਓ ਕਿੰਨਾ ਸਮਾਂ ਲਗਦਾ ਹੈ। ਡੇਢ ਸੌ ਕਰੋ ਫੇਰ ਹਿਸਾਬ ਲਾਓ। ਸੋ ਮਹਾਂਪੁਰਸ਼ ਘਾਲਣਾ ਘਾਲਦੇ ਨੇ ਸਾਡੇ ਵਾਸਤੇ, ਕਿ ਸੰਸਾਰ ਜਿਹੜਾ ਆਉਣ ਵਾਲਾ ਹੈ, ਐਵੇਂ ਨਾ ਸੰਤ ਬਣ ਜਾਏ ਕਪੜੇ ਪਾ ਕੇ, ਚੋਲੇ ਪਾ ਕੇ; ਘਾਲਣਾ ਵੀ ਹੋਵੇ ਅੰਦਰ, ਕਮਾਈ ਵੀ ਹੋਵੇ, ਤਤਿਖਸ਼ਾ ਵੀ ਹੋਵੇ।

ਗੁਰੂ ਨਾਨਕ ਸਾਹਿਬ ਦੀ ਤਤਿਖਸ਼ਾ ਨੂੰ ਜੇ ਯਾਦ ਕਰੀਏ ਤਾਂ ਹੈਰਾਨ ਹੋ ਜਾਈਦਾ ਹੈ। ਜਿੰਨੀ ਤਤਿਖਸ਼ਾ ਆਪ ਨੇ ਕੀਤੀ ਹੈ, ਕੋਈ ਨਹੀਂ ਕਰ ਸਕਦਾ।

ਸੋ ਮਹਾਂਪੁਰਸ਼ਾਂ ਦੇ ਮਨ ਵਿਚ ਮੌਜ ਆਈ ਕਿ ਪਾਣੀ ਵਿਚ ਬੈਠ ਕੇ ਬੰਦਗੀ ਕਰੀਏ। ਹਜ਼ੂਰ ਸਾਹਿਬ ਤੋਂ 4 ਮੀਲ ਦੂਰ ਚਲੇ ਗਏ, ਕਿਸੇ ਨੂੰ ਨਹੀਂ ਕਿਹਾ ਕਿ ਪ੍ਰਸ਼ਾਦਾ ਲੈ ਕੇ ਆਈਂ। ਕਿਸੇ ਨੂੰ ਕੁਝ ਨਹੀਂ ਦੱਸਿਆ, ਜਾ ਕੇ ਚੁਪ ਕਰਕੇ ਬੈਠ ਗਏ। ਇਕ ਦਿਨ ਲੰਘ ਗਿਆ, ਦੋ ਦਿਨ ਲੰਘ ਗਏ, ਤੀਸਰੇ ਦਿਨ ਉਥੇ ਦੇ ਹੈਡ ਗ੍ਰੰਥੀ ਨੂੰ ਸੁਪਨਾ ਆਉਂਦਾ ਹੈ ਕਿ ਭਾਈ! ਮੇਰਾ ਇਕ ਪ੍ਰੇਮੀ ਦਰਿਆ ਦੇ ਵਿਚ ਬੈਠਾ ਹੈ, ਉਸ ਨੂੰ ਜਾ ਕੇ ਪ੍ਰਸ਼ਾਦਾ ਦੇ ਕੇ ਆ। ਪਰ ਉਸਨੇ ਸੁਪਨਾ ਸਮਝ ਕੇ ਕੋਈ ਗੱਲ ਨਹੀਂ ਕੀਤੀ। ਦੂਸਰੇ ਦਿਨ ਫੇਰ ਸੁਪਨਾ ਆਇਆ, ਅਖੀਰ ਚੌਥਾ ਦਿਨ ਹੋ ਗਿਆ। ਘਰਵਾਲੀ ਨਾਲ ਗੱਲ ਕੀਤੀ ਕਿ ਮੈਨੂੰ ਇਸ ਤਰ੍ਹਾਂ ਸੁਪਨਾ ਆਇਆ ਹੈ। ਉਹ ਕਹਿੰਦੀ ਵਾਹ! ਤੁਸੀਂ ਤਾਂ ਚੰਗੇ-ਭਲੇ, ਗਿਆਨਵਾਨ ਪੁਰਸ਼ ਹੋ, ਸੁਪਨੇ ਦਾ ਵੀ ਕੋਈ ਇਤਬਾਰ ਹੁੰਦਾ ਹੈ। ਇਹ ਤਾਂ ਐਵੇਂ ਹੀ ਆ ਜਾਂਦੇ ਨੇ। ਤੁਹਾਡੇ ਕੋਲ ਦਿਨ-ਰਾਤ ਇਥੇ ਬੰਦੇ ਆਉਂਦੇ ਨੇ, ਹੋਰ ਸੁਪਨਾ ਤੁਹਾਨੂੰ ਕਾਹਦਾ ਆਉਣਾ ਸੀ; ਮੱਝਾਂ-ਗਾਈਆਂ ਦਾ ਆਉਣਾ ਸੀ?

ਉਹ ਚੌਥਾ ਦਿਨ ਵੀ ਗਿਆ। ਪੰਜਵੇਂ ਦਿਨ ਸੁਪਨਾ ਫੇਰ ਆਇਆ ਕਿ ਸਿੰਘਾ! ਸਾਨੂੰ ਚਾਰ ਦਿਨ ਹੋ ਗਏ ਤੈਨੂੰ ਕਹਿੰਦਿਆਂ ਨੂੰ ਕਿ ਪ੍ਰਸ਼ਾਦਾ ਲੈ ਕੇ ਜਾਹ - 4 ਮੀਲ ਤੇ। ਪੰਜਵੇਂ ਦਿਨ ਪ੍ਰਸ਼ਾਦਾ ਲੈ ਕੇ ਗਿਆ ਤੇ 3 ਕੁ ਮੀਲ ਜਾ ਕੇ ਮੁੜ ਆਇਆ ਕਿ ਮੈਨੂੰ ਕੀ ਕਹਿਣਗੇ ਲੋਕ ਕਿ ਐਵੇਂ ਬੰਨ੍ਹੀਂ ਜਾਂਦਾ ਹੈ ਰੋਟੀਆਂ। ਛੇਵੇਂ ਦਿਨ ਵੀ ਇਵੇਂ ਹੀ ਟਾਲ ਦਿਤਾ। ਮਹਾਂਪੁਰਸ਼ ਉਠ ਕੇ ਉਥੋਂ ਸੱਤਵੇਂ ਦਿਨ 4 ਮੀਲ ਹੋਰ ਅੱਗੇ ਚਲੇ ਗਏ। ਬਹੁਤ ਸੋਹਣਾ ਥਾਂ ਦੇਖ ਕੇ ਉਥੇ ਬੈਠ ਗਏ - ਪਾਣੀ ਦੇ ਅੰਦਰ, ਤੇ ਏਧਰ ਇਸ ਨੂੰ ਫੇਰ ਤਾੜਨਾ ਹੋਈ ਕਿ ਦੇਖ ਲੈ ਫੇਰ, ਜੇ ਅੱਜ ਨਾ ਗਿਆ ਤਾਂ ਫੇਰ ਬੁਰੀ ਹੋਏਗੀ ਤੇਰੇ ਨਾਲ। ਉਸ ਵੇਲੇ ਫੇਰ ਤਕੜਾ ਇਰਾਦਾ ਕਰਕੇ ਗਿਆ। ਜਦੋਂ ਸੱਤਵੇਂ ਮੀਲ ਤੇ ਗਿਆ ਤਾਂ ਕੀ ਦੇਖਦਾ ਹੈ ਕਿ ਮਹਾਤਮਾ ਬੈਠੇ ਨੇ ਪਾਣੀ ਵਿਚ, ਜਾ ਕੇ ਆਵਾਜ਼ ਮਾਰੀ ਤੇ ਪ੍ਰਸ਼ਾਦੇ ਛਕਾਏ, ਨਾਲ ਸਾਰੀ ਵਿਥਿਆ ਦੱਸੀ ਤੇ ਮਹਾਂਪੁਰਸ਼ਾਂ ਨੇ ਨਮਸ਼ਕਾਰ ਕਰੀ। ਕਹਿੰਦੇ, ਸੱਚੇ ਪਾਤਸ਼ਾਹ! ਐਨਾ ਸਾਡਾ ਫਿਕਰ ਰਖਦੇ ਹੋ ਜੀਵਾਂ ਦਾ? ਸੋ ਉਹ ਦਾਤਾ ਹੈ -

***ਸਭਨਾ ਜੀਆ ਕਾ ਇਕੁ ਦਾਤਾ***
***ਸੋ ਮੈ ਵਿਸਰਿ ਨ ਜਾਈ॥***

***ਪੰਨਾ - 2***

ਬੰਦਗੀ ਕਰਕੇ ਕੋਈ ਦੇਖ ਲਓ ਜਿਸਦਾ ਜੀਅ ਕਰਦਾ ਹੈ, ਇਹ ਤਾਂ ਆਪੇ ਹੀ ਆਉਂਦਾ ਹੈ ਸਭ ਕੁਝ, ਵਾਹਿਗੁਰੂ ਦਾ ਇੰਤਜ਼ਾਮ ਹੈ, ਉਸ ਨੇ ਦੇਣਾ ਹੈ, ਮਹਾਤਮਾ ਨੂੰ ਨਹੀਂ ਇਨ੍ਹਾਂ ਚੱਕਰਾਂ 'ਚ ਪੈਣਾ ਚਾਹੀਦਾ। ਲੰਗਰ ਚਲਣੇ ਨੇ ਤਾਂ ਉਸ ਨੇ ਦੇਣਾ ਹੈ, ਹੋਰ ਕੋਈ ਕੰਮ ਹੋਣਾ ਹੈ ਤਾਂ ਉਸ ਨੇ ਦੇਣਾ ਹੈ। ਉਸ ਦੇ ਕੰਮ ਨੇ, ਸੰਤਾਂ ਨੂੰ ਤਾਂ ਵਿਚਾਲੇ ਖੜ੍ਹਾ ਕੀਤਾ ਹੋਇਆ ਹੈ। ਸੋ ਇਸ ਤਰ੍ਹਾਂ ਦੇ ਨਾਲ ਸਾਰਿਆਂ ਜੀਆਂ ਦਾ ਦਾਤਾ ਹੈ। ਭਾਈ ਲਹਿਣਾ ਜੀ ਬੜੇ ਧਿਆਨ ਦੇ ਨਾਲ ਬਾਣੀ ਨੂੰ ਸਮਝ ਰਹੇ ਨੇ। ਇਕੱਲਾ ਸਮਝ ਹੀ ਨਹੀਂ ਰਹੇ, ਨਾਲ ਨਿਹਚਾ ਵੀ ਹੋਈ ਜਾਂਦਾ ਹੈ ਕਿਉਂਕਿ ਉਤਮ ਜਗਿਆਸੂ ਸੀ। ਸਾਡੇ ਵਰਗੇ ਨਹੀਂ ਸੀ - ਮੱਧਮ, ਕਿ ਸੁਣ ਲਿਆ ਤੇ ਭੁਲ ਗਏ, ਰੋਜ਼ ਸੁਣ ਲਿਆ ਫੇਰ ਭੁਲ ਗਏ। ਅਸੀਂ ਤਾਂ ਉਥੇ ਦੇ ਉਥੇ ਹੀ ਰਹਿੰਦੇ ਹਾਂ, ਕੋਈ ਉਪਦੇਸ਼ ਅਸਰ ਨਹੀਂ ਕਰ ਰਿਹਾ। ਸੁਣਦਿਆਂ ਦੀਆਂ ਉਮਰਾਂ ਹੀ ਲੰਘ ਗਈਆਂ; ਵਧੀਆ ਤੋਂ ਵਧੀਆ ਕੀਰਤਨ, ਵਧੀਆ ਤੋਂ ਵਧੀਆ ਪ੍ਰਚਾਰ ਸੁਣਦੇ ਹਾਂ, ਚੰਗੀ ਤੋਂ ਚੰਗੀ ਕਿਤਾਬ ਪੜ੍ਹਦੇ ਹਾਂ ਲੇਕਿਨ ਰਹਿੰਦੇ ਉਥੇ ਦੇ ਉਥੇ ਹੀ ਹਾਂ, ਭੁਲ ਵਿਚ ਪਏ ਰਹਿੰਦੇ ਹਾਂ, ਜਾਗ ਵਿਚ ਤਾਂ ਥੋੜ੍ਹਾ ਚਿਰ ਹੀ ਆਉਂਦੇ ਹਾਂ।

ਸੋ ਬੰਦਾ ਸੰਸਾਰ ਵਿਚ ਰਹਿੰਦਾ ਰੱਬ ਨੂੰ ਭੁਲਿਆ ਰਹਿੰਦਾ ਹੈ। ਭੁੱਲਣ ਦਾ ਕਾਰਨ ਇਹ ਹੈ ਕਿ ਹਉਮੈ ਦੀ ਸੁਰਤ ਵਿਚ ਰਹਿੰਦਾ ਹੈ। ਮਹਾਰਾਜ ਕਹਿੰਦੇ, ਤੂੰ ਇਸ ਸੁਰਤ ਨੂੰ ਛੱਡ ਦੇ; ਜਿੰਨਾਂ ਚਿਰ ਛਡਦਾ ਨਹੀਂ, ਓਨਾਂ ਚਿਰ ਭੁੱਲ ਦੇ ਵਿਚੋਂ ਨਹੀਂ ਨਿਕਲ ਸਕਦਾ -

***ਭੋਲਿਆ ਹਉਮੈ ਸੁਰਤਿ ਵਿਸਾਰਿ॥ ਪੰਨਾ - 1168***

ਇਸ ਸੁਰਤ ਨੂੰ ਵਿਸਾਰ ਦੇ। ਸੋ ਇਸ ਤਰ੍ਹਾਂ ਆਪ ਅੱਗੇ ਬਾਣੀ ਸੁਣਨ ਲੱਗੇ, ਪੰਜਵੀਂ ਪਉੜੀ ਵਿਚ ਫੇਰ ਇਸੇ ਤਰ੍ਹਾਂ ਨਾਲ ਆਇਆ, ਛੇਵੀਂ ਸੁਣੀ ਧਿਆਨ ਦਿਤਾ ਤੇ ਫੇਰ 4 ਪੌੜੀਆਂ 'ਸੁਣਿਐ' ਦੀਆਂ ਸੁਣੀਆਂ ਲੇਕਿਨ ਹੁਣ ਚੰਗੀ ਤਰ੍ਹਾਂ ਸਮਝ 'ਚ ਨਾ ਆਈ ਗੱਲ। ਚਾਰ ਅੱਗੇ ਮੰਨੇ ਦੀਆਂ ਸੁਣੀਆਂ, ਫੇਰ ਵੀ ਬਹੁਤੀ ਸਮਝ 'ਚ ਨਾ ਆਈ, ਉਸ ਤੋਂ ਬਾਅਦ ਅਸੰਖ ਦੀਆਂ ਸੁਣੀਆਂ -

***ਭਰੀਐ ਹਥੁ ਪੈਰੁ ਤਨੁ ਦੇਹ॥***
***ਪਾਣੀ ਧੋਤੈ ਉਤਰਸੁ ਖੇਹ॥***
***ਮੂਤ ਪਲੀਤੀ ਕਪੜੁ ਹੋਇ॥***
***ਦੇ ਸਾਬੂਣੁ ਲਈਐ ਓਹੁ ਧੋਇ॥***
***ਭਰੀਐ ਮਤਿ ਪਾਪਾ ਕੈ ਸੰਗਿ॥***
***ਓਹੁ ਧੋਪੈ ਨਾਵੈ ਕੈ ਰੰਗਿ॥***
***ਪੁੰਨੀ ਪਾਪੀ ਆਖਣੁ ਨਾਹਿ॥***
***ਕਰਿ ਕਰਿ ਕਰਣਾ ਲਿਖਿ ਲੈ ਜਾਹੁ॥***
***ਆਪੇ ਬੀਜਿ ਆਪੇ ਹੀ ਖਾਹੁ॥ ਪੰਨਾ - 4***

ਜਦੋਂ ਇਹ ਆਪ ਨੇ ਪੜ੍ਹਿਆ ਕਿ ਆਪੇ ਹੀ ਬੀਜਣਾ ਹੈ ਤੇ ਆਪੇ ਹੀ ਖਾਣਾ ਹੈ -

***ਆਪੇ ਬੀਜਿ ਆਪੇ ਹੀ ਖਾਹੁ॥***
***ਨਾਨਕ ਹੁਕਮੀ ਆਵਹੁ ਜਾਹੁ॥ ਪੰਨਾ - 4***

ਚੰਗੀ ਤਰ੍ਹਾਂ ਸਮਝ ਵਿਚ ਆ ਗਿਆ। ਇਸ ਤਰ੍ਹਾਂ ਪੜ੍ਹ ਲਓ-

***ਧਾਰਨਾ - ਆਪੇ ਬੀਜ ਆਪੇ ਹੀ ਖਾਹੁ-2, 2.***

ਹੋਰ ਧਿਆਨ ਦਿਤਾ ਤੇ ਸੁਰਤ ਦਾ ਕੁੰਡਾ ਫਸ ਗਿਆ- ਤੁਕ ਦੇ ਅੰਦਰ। ਕਿਉਂਕਿ ਬਾਣੀ ਤਾਂ ਅਸੀਂ ਬੇਅੰਤ ਪੜ੍ਹਦੇ ਹਾਂ ਪਰ ਕੋਈ-ਕੋਈ ਤੁਕ ਹੁੰਦੀ ਹੈ ਜਿਸ ਦੇ ਵਿਚ ਸਾਡੀ ਸੁਰਤ ਫਸ ਜਾਇਆ ਕਰਦੀ ਹੈ। ਜਦੋਂ ਸੁਰਤ ਫਸ ਗਈ ਫੇਰ ਉਹ ਬਾਣੀ ਅਸਰ ਕਰਿਆ ਕਰਦੀ ਹੈ - ਮਨ ਦੇ ਉਤੇ। ਸੋ ਆਪ ਨੇ ਚੰਗੀ ਤਰ੍ਹਾਂ ਸਮਝ ਲਿਆ ਕਿ -

***ਪੁੰਨੀ ਪਾਪੀ ਆਖਣੁ ਨਾਹਿ॥ ਪੰਨਾ - 4***

ਕਹਿਣ ਨਾਲ ਕੋਈ ਪੁੰਨੀ ਨਹੀਂ ਬਣਦਾ, ਕਹਿਣ ਨਾਲ ਕੋਈ ਪਾਪੀ ਨਹੀਂ ਬਣਦਾ। ਜੇ ਕਹੇ ਮੈਂ ਪਾਪੀ ਹਾਂ, ਮੈਂ ਬੜਾ ਪੁੰਨੀ ਹਾਂ, ਇਹ ਕਹਿਣ ਨਾਲ ਨਹੀਂ ਹੁੰਦਾ -

***ਕਰਿ ਕਰਿ ਕਰਣਾ ਲਿਖਿ ਲੈ ਜਾਹੁ॥ ਪੰਨਾ - 4***

ਜਿਹੜਾ ਕੁਝ ਕਰੇਂਗਾ ਉਹ ਤੂੰ ਆਪਣੇ ਨਾਲ ਲਿਖ ਕੇ ਲੈ ਜਾਏਂਗਾ - ਸੰਸਕਾਰਾਂ ਦੇ ਅੰਦਰ -

***ਆਪੇ ਬੀਜਿ ਆਪੇ ਹੀ ਖਾਹੁ॥ ॥ ਪੰਨਾ - 4***

ਚੰਗਾ ਬੀਜਿਆ ਹੋਇਆ ਵੀ ਤੂੰ ਹੀ ਖਾਏਂਗਾ, ਤੇ ਮਾੜਾ ਬੀਜਿਆ ਹੋਇਆ ਵੀ ਤੂੰ ਹੀ ਖਾਏਂਗਾ।

***ਨਾਨਕ ਹੁਕਮੀ ਆਵਹੁ ਜਾਹੁ॥ ਪੰਨਾ - 4***

ਏਥੇ ਹੁਕਮ ਵਰਤ ਰਿਹਾ ਹੈ - ਕਰਮਾਂ ਦੇ ਉਤੇ, ਉਹ ਨਹੀਂ ਟਲਿਆ ਕਰਦਾ। ਦੁਨੀਆਂ ਇਸ ਕਰਕੇ ਦੁਖੀ ਹੈ ਕਿਉਂਕਿ ਇਸ ਤਰ੍ਹਾਂ ਦੇ ਕਰਮ ਕੀਤੇ ਹੋਏ ਨੇ ਤੇ ਹੁਣ ਉਨ੍ਹਾਂ ਦਾ ਫਲ ਭੋਗ ਰਹੇ ਨੇ। ਜੋ ਬੀਜੇ ਸੀ ਉਹ ਵੱਢ ਰਹੇ ਨੇ। ਹੁਣ ਤਾਂ ਇਸ ਦਾ ਕਿਸੇ ਨੂੰ ਦੋਸ਼ ਨਹੀਂ ਦੇਣਾ ਚਾਹੀਦਾ। ਮਹਾਰਾਜ ਕਹਿੰਦੇ ਦੋਸ਼ ਨਾ ਦੇਹ -

***ਧਾਰਨਾ - ਪਿਆਰੇ ਦੋਸ਼ ਨਾ ਕਿਸੇ ਨੂੰ ਦੇਵੀਂ,***
***ਦੋਸ਼ ਤੇਰੇ ਕਰਮਾਂ ਦਾ -2, 2***
***ਮੇਰੇ ਪਿਆਰੇ ਦੋਸ਼ ਤੇਰੇ ਕਰਮਾਂ ਦਾ -2, 2.***
***ਪਿਆਰੇ ਦੋਸ਼ ਨਾ ਕਿਸੇ ਨੂੰ ਦੇਵੀਂ,...-2, 2.***

***ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥***
***ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥***
***ਪੰਨਾ - 433***

ਕਿਉਂ ਦੋਸ਼ ਦਿੰਦਾ ਹੈਂ ਦੂਸਰਿਆਂ ਨੂੰ, ਤੇਰਾ ਆਪਣਾ ਹੀ ਤਾਂ ਬੀਜਿਆ ਹੋਇਆ ਹੈ, ਆਪਣਾ ਬੀਜਿਆ ਹੋਇਆ ਵੱਢ ਰਿਹਾ ਹੈਂ -

***ਆਪੇ ਬੀਜਿ ਆਪੇ ਹੀ ਖਾਹੁ॥ ਪੰਨਾ - 4***

ਜਦੋਂ ਬੀਜਦਾ ਸੀ ਤਾਂ ਸੰਤ ਹਾਕਾਂ ਮਾਰ-ਮਾਰ ਕਹਿੰਦੇ ਸੀ ਕਿ ਨਾ ਬੀਜ ਨਿੰਦਿਆ; ਜਦੋਂ ਇਸ ਦਾ ਤੈਨੂੰ ਲੇਖਾ ਦੇਣਾ ਪੈ ਗਿਆ, ਫੇਰ ਔਖਾ ਹੋਏਂਗਾ। ਇਸ ਤਰ੍ਹਾਂ ਸਮਝਾਉਂਦੇ ਸੀ-

***ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ॥***
***ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ॥***
***ਪੰਨਾ - 755***

ਸ਼ਰਾਬ ਦੀਆਂ ਬੋਤਲਾਂ ਪੀਂਦਾ ਸੀ, ਮਹਾਤਮਾ ਸਮਝਾਉਂਦੇ ਸੀ ਕਿ 'ਖਸਮ' ਦੀ ਦਰਗਾਹ ਵਿਚ ਜਾ ਕੇ ਤੈਨੂੰ ਪੈਰ ਰੱਖਣ ਨੂੰ ਥਾਂ ਨਹੀਂ ਮਿਲਣਾ, ਧੱਕੇ ਪੈਣਗੇ ਉਥੇ, ਧੱਕੇ ਮਿਲਣਗੇ। ਕਦੇ ਕੁੱਤਾ ਬਣੇਂਗਾ, ਕਦੇ ਬਿੱਲਾ ਬਣੇਂਗਾ, ਕਦੇ ਸੂਰ ਬਣੇਂਗਾ, ਕਦੇ ਸੱਪ ਬਣੇਂਗਾ -

***ਜਿਤੁ ਪੀਤੈ ਖਸਮੁ ਵੀਸਰੈ ਦਰਗਹ ਮਿਲੈ ਸਜਾਇ॥***
***ਪੰਨਾ - 554***

ਤੇ ਉਥੇ ਸਜ਼ਾ ਮਿਲਦੀ ਹੈ ਕਿਉਂਕਿ ਉਸ ਵੇਲੇ ਸੁਣਿਆ ਹੀ ਨਹੀਂ ਜਦੋਂ ਤੈਨੂੰ ਹਾਕਾਂ ਮਾਰ-ਮਾਰ ਕੇ ਜਗਾਉਂਦੇ ਸੀ। ਜਦੋਂ ਫੇਰ ਫਲ ਪੱਕ ਗਿਆ, ਕੰਡਿਆਈ ਚੁਗਣੀ ਪੈ ਗਈ, ਓਸ ਵੇਲੇ ਫੇਰ ਰੋਂਦਾ ਹੈ ਕਿ ਮੇਰੇ ਨਾਲ ਆਹ ਹੋ ਗਿਆ, ਮੇਰੇ ਨਾਲ ਓਹ ਹੋ ਗਿਆ, ਮੇਰਾ ਕੰਮ ਨਹੀਂ ਚਲਦਾ, ਮੈਂ ਦੁਖੀ ਹਾਂ। ਪ੍ਰੇਮੀਆਂ! ਕਰਮ ਕੀਤੇ ਹੋਏ ਭੋਗਣੇ ਪੈਂਦੇ ਨੇ। ਮਹਾਰਾਜ ਸਮਝਾਉਂਦੇ ਹਨ ਕਿ -

***ਕਰਣੀ ਕਾਗਦੁ ਮਨੁ ਮਸਵਾਣੀ...............॥***
***ਪੰਨਾ - 990***

ਜਿਹੜਾ ਕੁਝ ਕਰਦੇ ਹੋ ਇਸ ਨੂੰ ਤਾਂ ਕਾਗਜ਼ ਸਮਝ ਲਓ ਤੇ ਜਿਹੜਾ ਮਨ ਇਸਦੇ ਨਾਲ ਰਲਦਾ ਹੈ ਉਹ ਸਿਆਹੀ ਹੈ।

***................ਬੁਰਾ ਭਲਾ ਦੁਇ ਲੇਖ ਪਏ॥***
***ਪੰਨਾ - 990***

ਜਿਹੜੇ ਬੁਰੇ ਕੰਮ ਕਰਦੇ ਨੇ ਉਹ ਵੀ ਲਿਖੇ ਜਾਂਦੇ ਨੇ,

ਜੋ ਭਲੇ ਨੇ, ਉਹ ਵੀ ਲਿਖੇ ਜਾਂਦੇ ਨੇ।

*ਲੇਖੈ ਬੋਲਣੁ ਲੇਖੈ ਚਲਣੁ ਕਾਇਤੁ ਕੀਚਹਿ ਦਾਵੇ॥*
*ਪੰਨਾ - 1238*

ਜਦੋਂ ਸਾਰਾ ਕੁਝ ਹੀ ਲੇਖੇ ਵਿਚ ਹੈ, ਸਾਰਾ ਬੋਲਣ ਚੱਲਣ ਵੀ ਲੇਖੇ ਵਿਚ ਹੈ, ਸਾਡਾ ਸਾਹ ਲਿਆ ਵੀ ਲੇਖੇ ਵਿਚ ਹੈ ਫੇਰ ਤਾਂ ਹਰ ਕੰਮ, ਹਰ ਗੱਲ ਸੋਚ ਸਮਝ ਕੇ ਕਰੋ ਤਾਂ ਕਿ ਗਲਤ ਕੰਮ ਨਾ ਹੋਵੇ ਕਿਉਂਕਿ ਇਸ ਦਾ ਲੇਖਾ ਹੋਣਾ ਹੈ। ਕੋਈ ਚੀਜ਼ ਨਹੀਂ ਹੈ ਲੇਖੇ ਤੋਂ ਬਗੈਰ -

*ਮੂਲੁ ਮਤਿ ਪਰਵਾਣਾ ਏਹੋ ਨਾਨਕੁ ਆਖਿ ਸੁਣਾਏ॥*
*ਕਰਣੀ ਉਪਰਿ ਹੋਇ ਤਪਾਵਸੁ ਜੇ ਕੋ ਕਹੈ ਕਹਾਵੈ॥*
*ਪੰਨਾ - 1238*

ਆਪਣੇ ਆਪ ਨਹੀਂ ਬਣਦਾ ਜੇ ਕੋਈ ਕਹੇ ਕਿ ਮੈਂ ਚੰਗਾ ਹਾਂ; ਜਿਹੋ-ਜਿਹੀ ਕਰਣੀ ਕੀਤੀ ਹੈ, ਉਹੋ ਜਿਹਾ ਹੀ ਫਲ ਭੋਗਣਾ ਪੈਂਦਾ ਹੈ ਕਿਉਂਕਿ ਇਹ ਕਿਰਤ ਬਣ ਜਾਂਦੀ ਹੈ, ਕਿਰਤ ਨਹੀਂ ਕਦੇ ਵੀ ਮਿਟਿਆ ਕਰਦੀ। ਵੱਡਿਆਂ-ਵੱਡਿਆਂ ਨੇ ਜ਼ੋਰ ਲਾਇਆ - ਕਿਰਤ ਨੂੰ ਮਿਟਾਉਣ ਵਾਸਤੇ, ਪਰ ਫੇਰ ਵੀ ਪਹਿਲਾਂ ਕੀਤੇ ਹੋਏ ਕੰਮ ਭੋਗਣੇ ਪਏ। ਬੇਅੰਤ ਮਿਸਾਲਾਂ ਨੇ, ਰੋਜ਼ ਦੇ ਜੀਵਨ ਵਿਚ ਵੀ ਨੇ। ਰੋਜ਼ ਤੁਸੀਂ ਦੇਖਦੇ ਹੋ ਕਿ ਇਨ੍ਹਾਂ ਨੇ ਇਹ ਕੰਮ ਕਰਿਆ ਸੀ, ਇਹ ਫਲ ਭੋਗ ਰਹੇ ਨੇ- ਓਸ ਚੀਜ਼ ਦਾ; ਕਈਆਂ ਨੂੰ ਐਸੇ ਜਨਮ 'ਚ ਮਿਲ ਜਾਂਦਾ ਹੈ ਤੇ ਕਈਆਂ ਨੂੰ ਦੂਰ ਜਾ ਕੇ ਮਿਲਦਾ ਹੈ।

ਜਦੋਂ ਮਹਾਂਭਾਰਤ ਦਾ ਯੁੱਧ ਖਤਮ ਹੋਇਆ, ਉਸ ਵੇਲੇ ਕ੍ਰਿਸ਼ਨ ਮਹਾਰਾਜ ਤੇ ਸਾਰੇ ਪਾਂਡਵ ਮਿਲ ਕੇ ਧ੍ਰਿਤਰਾਸ਼ਟਰ ਕੋਲ ਆਉਂਦੇ ਨੇ ਤੇ ਪ੍ਰਚਾਉਣੀ ਕਰਦੇ ਨੇ ਕਿ ਬੜਾ ਨੁਕਸਾਨ ਹੋਇਆ, ਔਰਤਾਂ ਵਿਧਵਾ ਹੋ ਗਈਆਂ, ਭਾਰਤ ਕਮਜ਼ੋਰ ਹੋ ਗਿਆ, ਸਾਰੀ ਜਵਾਨੀ ਖਤਮ ਹੋ ਗਈ; 45 ਲੱਖ ਬੰਦਾ ਅਠਾਰਾਂ ਦਿਨਾਂ ਵਿਚ ਮਾਰਿਆ ਗਿਆ, ਕਦੇ ਐਡਾ ਵੱਡਾ ਨੁਕਸਾਨ ਨਹੀਂ ਹੋਇਆ। ਯੁਧ ਤਾਂ ਵੱਡੇ-ਵੱਡੇ ਹੋਏ। ਪਹਿਲੇ ਤੇ ਦੂਜੇ ਸੰਸਾਰ ਯੁੱਧ ਵਿਚ ਪੰਜ ਕਰੋੜ ਬੰਦਾ ਲੜਿਆ, ਯੁੱਧ ਸਾਲਾਂ ਬੱਧੀ ਚਲਦੇ ਰਹੇ। ਲੇਕਿਨ ਮਹਾਂਭਾਰਤ ਵਿਚ ਸਿਰਫ ਅਠਾਰਾਂ ਦਿਨ ਲੱਗੇ, ਅਠਾਰਾਂ ਦਿਨਾਂ ਵਿਚ 45 ਲੱਖ ਬੰਦਾ ਬਿਲਕੁਲ ਖਤਮ ਹੋ ਗਿਆ, ਸਿਰਫ 7 ਬਚੇ।

ਧ੍ਰਿਤਰਾਸ਼ਟਰ ਕ੍ਰਿਸ਼ਨ ਮਹਾਰਾਜ ਨੂੰ ਕਹਿਣ ਲੱਗਿਆ, "ਮਹਾਰਾਜ! ਮੈਨੂੰ 100 ਜਨਮ ਦਾ ਗਿਆਨ ਹੈ ਕਿਉਂਕਿ ਮੈਂ ਜਮਾਂਦਰੂ ਨੇਤਰਹੀਣ ਹੋਣ ਕਰਕੇ, ਮੇਰੀ ਸੁਰਤੀ ਸੁਖਮਨਾ ਨਾੜੀ ਵਿਚ ਪ੍ਰਵੇਸ਼ ਕਰਕੇ ਮੈਨੂੰ 100 ਜਨਮ ਦਾ ਗਿਆਨ ਹੋਇਆ ਤੇ ਮੈਂ ਸਾਰਾ ਦੇਖਿਆ ਕਿ ਮੈਂ ਕੋਈ ਅਜਿਹਾ ਕੰਮ ਨਹੀਂ ਸੀ ਕੀਤਾ ਜਿਸ ਦਾ ਮੈਨੂੰ ਫਲ ਇਹ ਮਿਲਦਾ। ਮੇਰਾ 100 ਬੱਚਾ ਮਾਰਿਆ ਗਿਆ।"

ਉਹ ਕਹਿੰਦੇ, "ਕੀਤੇ ਤੋਂ ਬਗੈਰ ਤਾਂ ਹੁੰਦਾ ਨਹੀਂ ਰਾਜਨ।"

ਜਦੋਂ ਆਦਮੀ ਕਰਦਾ ਹੈ ਓਸ ਵੇਲੇ ਤਾਂ ਫਲ ਦਾ ਖਿਆਲ ਨਹੀਂ ਹੋਇਆ ਕਰਦਾ ਲੇਕਿਨ ਜਦੋਂ ਬੀਜ ਚੁਕਦਾ ਹੈ, ਫੇਰ ਪਤਾ ਲਗਦਾ ਹੈ ਕਿ ਇਹ ਤਾਂ ਮੈਨੂੰ ਹੀ ਵੱਢਣਾ ਪੈ ਗਿਆ। ਮਹਾਰਾਜ ਕਹਿੰਦੇ -

*ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ*
*ਤਉ ਗੁਣ ਨਾਹੀ ਅੰਤੁ ਹਰੇ॥* *ਪੰਨਾ - 990*

ਇਹ ਕਿਰਤ ਨੇ ਚਲਾਉਣਾ ਹੈ, ਓਹੋ ਜਿਹਾ ਸੁਭਾਅ ਬਣਨਾ ਹੈ ਜਿਹੋ ਜਿਹੀ ਕਿਰਤ ਕੀਤੀ ਹੋਈ ਹੈ। ਕਿਰਤ ਕਹਿੰਦੇ ਨੇ - ਕਰਮ ਜਦੋਂ ਪੱਕ ਜਾਂਦੇ ਨੇ ਤੇ ਲੇਖਾ ਦੇਣ ਲਈ ਆ ਜਾਂਦੇ ਨੇ - ਉਸ ਦਾ ਸੁਭਾਅ ਓਹੋ ਜਿਹਾ ਬਣ ਜਾਂਦਾ ਹੈ, ਵਾਤਾਵਰਣ ਓਹੋ ਜਿਹਾ ਬਣੇਗਾ, ਉਸੇ ਪਰਿਵਾਰ ਵਿਚ ਆ ਕੇ ਜਨਮ ਲਏਗਾ ਜਿਥੇ ਬਦਲੇ ਲੈਣੇ ਨੇ ਜਾਂ ਦੇਣੇ ਨੇ -

*ਕਰਮ ਧਰਤੀ ਸਰੀਰੁ ਜੁਗ ਅੰਤਰਿ ਜੋ ਬੋਵੈ ਸੋ ਖਾਤਿ॥*
*ਕਹੁ ਨਾਨਕ ਭਗਤ ਸੋਹਹਿ ਦਰਵਾਰੇ ਮਨਮੁਖ ਸਦਾ ਭਵਾਤਿ॥*
*ਪੰਨਾ - 78*

ਸੋ ਕਹਿਣ ਲੱਗੇ ਕਿ ਉਸ ਦਾ ਨਿਆਂ ਸੱਚਾ ਹੋਇਆ ਕਰਦਾ ਹੈ।

*ਨਿਆਉ ਤਿਸੈ ਕਾ ਹੈ ਸਦ ਸਾਚਾ*
*ਵਿਰਲੇ ਹੁਕਮੁ ਮਨਾਈ॥* *ਪੰਨਾ - 912*

*ਕਿਰਤੁ ਓਨਾ ਕਾ ਮਿਟਸਿ ਨਾਹਿ॥*
*ਓਇ ਅਪਨਾ ਬੀਜਿਆ ਆਪਿ ਖਾਹਿ॥* *ਪੰਨਾ - 1183*

ਕ੍ਰਿਸ਼ਨ ਮਹਾਰਾਜ ਕਹਿਣ ਲਗੇ, "ਤੂੰ ਬੀਜਿਆ ਹੋਇਆ ਖਾਂਦਾ ਹੈਂ ਰਾਜਨ! ਜਦੋਂ ਬੀਜਿਆ ਸੀ ਉਸ ਵੇਲੇ ਖਿਆਲ ਨਹੀਂ ਕੀਤਾ ਕਿ ਮੈਂ ਕੀ ਬੀਜ ਰਿਹਾ ਹਾਂ।"

ਧ੍ਰਿਤਰਾਸ਼ਟਰ ਕਹਿੰਦਾ ਹੈ, "ਮਹਾਰਾਜ! ਮੈਨੂੰ ਤਾਂ 100 ਜਨਮ ਵਿਚ ਕੁਝ ਨਹੀਂ ਲੱਭਿਆ ਜਿਸ ਦਾ ਮੈਂ ਐਨਾ ਵੱਡਾ ਫਲ ਭੋਗਿਆ।"

ਕਹਿੰਦੇ, "ਇਕ ਸੌ ਸੱਤਵਾਂ ਜਨਮ ਦੇਖ।"

ਕਹਿੰਦਾ, "ਓਥੇ ਮੇਰੀ ਪਹੁੰਚ ਨਹੀਂ ਮਹਾਰਾਜ।" ਕ੍ਰਿਸ਼ਨ ਮਹਾਰਾਜ ਨੇ ਕਿਰਪਾ ਕੀਤੀ ਤਾਂ 107ਵਾਂ ਜਨਮ ਦਿਖਾਇਆ। ਇਹ ਬਹੁਤ ਵੱਡਾ ਰਾਜਾ ਹੈ ਤੇ ਇਸਨੂੰ ਮਾਸ ਖਾਣ ਦੀ ਆਦਤ ਹੈ। ਇਕ ਦਿਨ ਬਾਵਰਚੀਆਂ ਨੂੰ ਮਾਸ ਨਾ ਮਿਲਿਆ, ਤੇ ਉਹ ਲੈ ਕੇ ਨਾ ਆਏ। ਇਸ ਰਾਜੇ ਨੇ ਹੰਸ ਪਾਲੇ ਹੋਏ ਸੀ ਤੇ ਇਸ ਨੇ ਹੁਕਮ ਕਰ ਦਿਤਾ ਕਿ ਹੰਸ ਮਾਰ ਕੇ ਮਾਸ ਤਿਆਰ ਕਰਕੇ ਲਿਆਂਦਾ ਜਾਵੇ। ਜਦੋਂ ਇਸ ਨੇ ਖਾਧਾ ਤਾਂ ਬਹੁਤ ਸੁਆਦ ਲੱਗਿਆ ਤੇ ਇਸ ਨੇ ਬਾਵਰਚੀਆਂ ਨੂੰ ਕਿਹਾ ਕਿ ਇਹੋ-ਜਿਹਾ ਮਾਸ ਹਰ ਰੋਜ਼ ਬਣਾਇਆ ਕਰੋ। ਸੌ ਦਿਨ ਲੰਘ ਗਿਆ। ਸੌ ਦਿਨਾਂ ਦੇ ਵਿਚ, ਸੌ ਬੱਚਾ ਖਾ ਲਿਆ ਇਸ ਨੇ। ਜਦੋਂ ਇਨ੍ਹਾਂ ਹੰਸਾਂ ਦੇ ਮਾਤਾ-ਪਿਤਾ ਆਏ - ਮਾਨ ਸਰੋਵਰ ਤੋਂ। ਇਹ ਹੰਸ ਐਸਾ ਪੰਛੀ ਹੈ ਜਿਹੜਾ ਬਹੁਤ ਹੀ ਸੰਵੇਦਨਸ਼ੀਲ ਹੁੰਦਾ ਹੈ, ਇਸ ਨੂੰ 49% ਜਾਗ ਹੈ। ਮਨੁੱਖ ਨੂੰ 50% ਹੈ, 1% ਦਾ ਹੀ ਫਰਕ ਹੈ। ਹੋਰ ਵੀ ਜਾਨਵਰ ਜਾਗਦੇ ਨੇ। ਕਾਂ ਬਹੁਤ ਜਾਗਦਾ ਹੈ। ਕੁੱਤੇ ਨੂੰ ਮਨੁੱਖ ਨਾਲੋਂ ਕਿੰਨੀਆਂ ਹੀ ਗੱਲਾਂ ਦੀ ਜ਼ਿਆਦਾ ਸੋਝੀ ਹੈ। ਮਨੁੱਖ ਨੂੰ ਨਹੀਂ ਪਤਾ ਲਗਦਾ, ਕੁੱਤੇ ਨੂੰ ਇਕ ਵਾਰੀ ਸੁੰਘਾ

ਦਿਓ ਤੇ 100 ਮੀਲ ਤੇ ਛੱਡ ਆਓ, ਉਥੇ ਹੀ ਵਾਪਸ ਆ ਜਾਏਗਾ; ਜਿਹੜੇ ਬੰਦੇ ਨੂੰ ਸੁੰਘਾਇਆ ਸੀ, ਉਸ ਨੂੰ ਆ ਕੇ ਫੜ ਲਏਗਾ, ਚਾਹੇ ਕੱਪੜਾ ਹੀ ਸੁੰਘਾ ਦਿਓ ਉਸਦਾ ਲੇਕਿਨ ਇਹ ਮਨੁੱਖ ਕਹਿੰਦਾ ਹੈ ਕਿ ਮੈਂ ਬਹੁਤ ਜਾਣਦਾ ਹਾਂ। ਮਨੁੱਖ ਕੋਲ ਇਕੋ ਹੀ ਵਿਸ਼ੇਸ਼ਤਾ ਹੈ ਕਿ ਇਸ ਦੇ ਕੋਲ ਛੇਵੀਂ sense (ਬੁਧੀ, ਚੇਤਨਾ), third eye (ਤੀਜੀ ਅੱਖ), ਸ਼ਿਵ ਨੇਤਰ, ਬਿਅੰਨ ਅਖੱੜੀਆਂ, ਦਸਵਾਂ ਦੁਆਰ ਹੈ ਜੋ ਹੋਰ ਕਿਸੇ ਨੂੰ ਪ੍ਰਾਪਤ ਨਹੀਂ ਹੈ। ਇਸ ਦੇ ਨਾਲ ਇਹ ਪ੍ਰਮੇਸ਼ਰ ਨੂੰ ਦੇਖ ਸਕਦਾ ਹੈ। ਬਾਕੀ ਚੌਰਾਸੀ ਦੇ ਵਿਚ ਇਹ ਸ਼ਕਤੀ ਨਹੀਂ ਹੈ ਕਿ ਉਹ ਦੇਖ ਸਕੇ। ਸੋ ਇਹ ਵਿਸ਼ੇਸ਼ਤਾ ਹੈ ਇਸ ਦੇ ਵਿਚ।

ਸੋ ਉਸ ਵੇਲੇ ਉਨ੍ਹਾਂ ਨੇ ਸੁੰਘ ਲਿਆ ਕਿ ਬੱਚੇ ਤਾਂ ਇਸ ਨੇ ਮਾਰੇ ਨੇ। ਉਹ ਦੋਵੇਂ ਇਸ ਦੇ ਮਹਿਲਾਂ ਦੁਆਲੇ ਘੁੰਮ-ਘੁੰਮ ਕੇ, ਤੜਫ-ਤੜਫ ਕੇ ਮਰ ਗਏ, ਸਰਾਪ ਹੋ ਗਿਆ ਕਿ ਰਾਜਨ! ਜਿਵੇਂ ਤੂੰ ਸਾਨੂੰ ਤੜਫਾਇਆ ਹੈ, ਇਵੇਂ ਤੂੰ ਤੜਫੇਂਗਾ।

ਕ੍ਰਿਸ਼ਨ ਮਹਾਰਾਜ ਕਹਿੰਦੇ ਕਿ ਹੁਣ ਇਕ ਸੌ ਚੌਥਾ ਜਨਮ ਦੇਖ। ਟਿੱਡਾ ਫੜਿਆ ਸੀ ਅੱਕ ਤੋਂ। ਹੋਰ ਵੀ ਬੱਚੇ ਸੀ, ਕੋਈ ਕੱਚਾ ਧਾਗਾ ਪਾ ਕੇ ਉਡਾਉਂਦਾ ਹੈ ਗੁੱਡੀ ਵਾਂਗ, ਧਾਗਾ ਟੁੱਟ ਜਾਂਦਾ ਹੈ ਉਹ ਛੁਟ ਜਾਂਦਾ ਹੈ। ਤੈਨੂੰ ਕੀ ਸੁੱਝੀ ਕਿ ਤੂੰ ਸੂਲ (ਕੰਡਾ) ਤੋੜੀ ਕਿੱਕਰ ਦੀ ਤੇ ਉਸ ਦੀਆਂ ਦੋਨੋਂ ਅੱਖਾਂ ਵਿਚੀਂ ਸਾਰ-ਪਾਰ ਲੰਘਾ ਕੇ ਫੇਰ ਵਗਾਹ ਕੇ ਮਾਰਿਆ, ਉਸ ਨੇ ਤੜਫ-ਤੜਫ ਕੇ ਜਾਨ ਦਿਤੀ। ਉਹ ਤੇਰੀ ਕਿਰਤ ਬਣ ਗਈ ਤੇ ਉਹ ਤੇਰਾ ਕਰਮ ਲਿਖਿਆ ਗਿਆ। ਉਹ ਤੂੰ ਬੀਜਿਆ ਸੀ –

ਕਹਿੰਦੇ, "ਬੀਜਿਆ ਸੀ ਨਾਂ! ਫੇਰ ਹੁਣ ਖਾਣਾ ਪਿਆ। ਉਸ ਦੇ ਬੱਚੇ ਤੂੰ ਮਾਰੇ ਸੀ, ਤੇਰੇ ਵੀ ਮਾਰੇ ਗਏ, ਉਸਦੀਆਂ ਅੱਖਾਂ ਤੂੰ ਅੰਨ੍ਹੀਆਂ ਕਰੀਆਂ, ਤੇਰੀਆਂ ਵੀ ਹੋ ਗਈਆਂ।" ਸੋ-

***ਭੋਗੇ ਬਿਨ ਭਾਗੇ ਨਹੀਂ ਕਰਮ ਗਤੀ ਬਲਵਾਨ॥***

ਵੱਡਿਆਂ-ਵੱਡਿਆਂ ਨੇ ਜੋਰ ਲਾਇਆ। ਰਾਜਾ ਜਨਮੇਜਾ ਜੋ ਅਰਜਨ ਦਾ ਪੜੋਤਾ ਸੀ, ਇਸ ਦੇ ਕੋਲ ਇਕ ਵਾਰੀ ਵਿਆਸ ਜੀ ਚਲੇ ਗਏ। ਇਸ ਨੇ ਨਮਸ਼ਕਾਰ ਤਾਂ ਕੀਤੀ ਪਰ ਕੁਝ ਤਰਕ ਨਾਲ ਕੀਤੀ।

ਉਹ ਕਹਿੰਦੇ, "ਕੀ ਗੱਲ ਹੈ ਬੇਟਾ?"

ਮਹਾਤਮਾ ਤਾਂ ਪਿਆਰ ਦੇ ਭੁੱਖੇ ਹੁੰਦੇ ਨੇ, ਲੈਣਾ ਦੇਣਾ ਨਹੀਂ ਹੁੰਦਾ ਸੰਤਾਂ ਨੇ ਕਿਸੇ ਤੋਂ ਵੀ ਕੁਝ, ਸਿਰਫ ਪਿਆਰ ਚਾਹੁੰਦੇ ਨੇ।

ਕਹਿੰਦੇ, "ਤੇਰੇ ਪਿਆਰ ਕਰਕੇ ਅਸੀਂ ਆਏ ਹਾਂ। ਕੀ ਤਰਕ ਹੈ ਤੇਰੇ ਮਨ ਦੇ ਵਿਚ?"

ਕਹਿੰਦਾ, "ਮਹਾਰਾਜ! ਇਹ ਤਰਕ ਆ ਗਈ ਮੇਰੇ ਮਨ ਦੇ ਵਿਚ ਕਿ ਤੁਹਾਨੂੰ ਤ੍ਰਿਕਾਲਦਰਸ਼ੀ ਕਹਿੰਦੇ ਨੇ।" ਤਿੰਨਾਂ ਕਾਲਾਂ ਦੀ ਜਿਸ ਨੂੰ ਸੋਝੀ ਹੋਵੇ – ਪਿਛਲੇ ਸਮੇਂ ਦੀ ਵੀ, ਹੁਣ ਵਾਲੇ ਦੀ ਵੀ ਤੇ ਭਵਿੱਖਤ ਦੀ ਵੀ; ਉਸਨੂੰ ਤ੍ਰਿਕਾਲਦਰਸ਼ੀ ਕਹਿੰਦੇ ਨੇ।

ਕਹਿੰਦਾ, "ਕ੍ਰਿਸ਼ਨ ਮਹਾਰਾਜ ਨੂੰ ਵੀ ਕਹਿੰਦੇ ਨੇ – 16 ਕਲਾਂ ਸੰਪੂਰਨ ਅਵਤਾਰ ਸੀ ਉਹ। ਫੇਰ ਮੈਂ ਦੂਜਿਆਂ ਦਾ ਵੀ ਜ਼ਿਕਰ ਪੜ੍ਹਦਾ ਹਾਂ – ਭੀਸ਼ਮ ਪਿਤਾਮਾ ਦਾ ਕਿ ਉਹ ਬਹੁਤ ਸਿਆਣੇ ਸੀ, ਦ੍ਰੋਣਾਚਾਰੀਆ, ਕ੍ਰਿਪਾਚਾਰੀਆ ਆਦਿ, ਤੁਸੀਂ ਐਨੇ ਸਿਆਣੇ ਬੰਦੇ ਹੁੰਦੇ ਹੋਏ ਯੁਧ ਨਾ ਰੋਕ ਸਕੇ? ਤੁਹਾਨੂੰ ਚਾਹੀਦਾ ਸੀ, ਤੁਸੀਂ ਯੁੱਧ ਰੋਕ ਲੈਂਦੇ।"

ਉਹ ਕਹਿੰਦੇ, "ਜਨਮੇਜਾ! ਯੁੱਧ ਕੋਈ ਨਹੀਂ ਸੀ ਚਾਹੁੰਦਾ। ਦੁਨੀਆਂ ਵਿਚ ਕੋਈ ਬੰਦਾ ਨਹੀਂ ਜਿਹੜਾ ਯੁੱਧ ਚਾਹੁੰਦਾ ਹੋਵੇ, ਪਰ ਫੇਰ ਵੀ ਯੁੱਧ ਹੋ ਜਾਇਆ ਕਰਦੇ ਨੇ। ਇਹ ਕਿਸੇ ਦੇ ਵੱਸ ਵਿਚ ਨਹੀਂ। ਜਦੋਂ ਤੋਂ ਸੰਸਾਰ ਬਣਿਆਂ ਹੈ, ਯੁੱਧ ਤੁਰੇ ਹੀ ਆਉਂਦੇ ਨੇ। ਇਹ ਹੁੰਦੇ ਹੀ ਰਹਿਣਗੇ, ਇਹ ਨਹੀਂ ਹਟਿਆ ਕਰਦੇ ਕਦੇ ਵੀ। ਹਾਲਾਤ ਐਸੇ ਹੋ ਜਾਂਦੇ ਨੇ, ਉਨ੍ਹਾਂ ਨੂੰ ਟਾਲਿਆ ਨਹੀਂ ਜਾ ਸਕਦਾ।"

ਕਹਿਣ ਲੱਗਿਆ, "ਕਿਵੇਂ ਨਹੀਂ ਟਾਲਿਆ ਜਾ ਸਕਦਾ?"

ਉਹ ਕਹਿੰਦੇ, "ਕਿਰਤ ਬਣ ਜਾਂਦੀ ਹੈ। ਕਿਤੇ ਤਾਂ ਸਮੁੱਚੀ ਸਾਰੇ ਦੇਸ਼ ਦੀ ਕਿਰਤ, ਕਿਤੇ ਕੌਮ ਦੀ ਕਿਰਤ ਹੋਇਆ ਕਰਦੀ ਹੈ। ਕਿਸੇ ਥਾਂ ਤੇ ਸਫਰ ਕਰਦੇ ਜਾ ਰਹੇ ਨੇ – 100 ਬੰਦਾ, ਉਨ੍ਹਾਂ ਦੀ ਕਿਰਤ ਆ ਗਈ, ਹਾਦਸਾ ਹੋਇਆ, ਇਕੱਠੇ ਹੀ ਮਰ ਗਏ ਸਾਰੇ, ਡੁੱਬ ਗਿਆ ਜਹਾਜ਼। ਸੋ ਕਿਰਤ ਹੁੰਦੀ ਹੈ, ਉਹ ਮਿਟਿਆ ਨਹੀਂ ਕਰਦੀ।"

ਜਨਮੇਜਾ ਕਹਿੰਦਾ ਹੈ ਇਹ ਤਾਂ ਪਿਛੋਂ ਦੀਆਂ ਗੱਲਾਂ ਨੇ। ਜਦੋਂ ਗੱਲ ਹੋ ਹਟਦੀ ਹੈ, ਫੇਰ ਸਿਆਣੇ ਬੰਦੇ ਦਿਲਾਸਾ, ਧਰਵਾਸ ਦੇਣ ਵਾਸਤੇ, ਪ੍ਰਚਾਉਣੀ ਕਰਨ ਵਾਸਤੇ ਇਹ ਗੱਲਾਂ ਆਮ ਕਿਹਾ ਕਰਦੇ ਨੇ ਪਰ ਇਸ ਦੇ ਵਿਚ ਸੱਤਤਾ ਨਹੀਂ ਹੈ, ਮੰਨੀ ਨਹੀਂ ਜਾ ਸਕਦੀ ਕਿ ਗੱਲ ਆਦਮੀ ਨੂੰ ਪਤਾ ਹੋਵੇ ਕਿ ਤੇਰੇ ਅੱਗੇ ਖੂਹ ਹੈ ਤੇ ਉਹਨੂੰ ਕਹੇ ਕਿ ਤੂੰ ਖੂਹ ਵਿਚ ਗਿਰ ਜਾਣਾ ਹੈ ਹੁਣ। ਉਹ ਕਿਵੇਂ ਗਿਰ ਜਾਏਗਾ? ਉਹ ਕਹਿੰਦਾ ਮੈਂ ਨਹੀਂ ਤੁਰਦਾ, ਮੈਂ ਨਹੀਂ ਗਿਰਦਾ। ਕਹਿੰਦੇ ਤੇਰੀ ਕਿਰਤ ਵਿਚ ਲਿਖਿਆ ਹੋਇਆ ਹੈ – ਖੂਹ 'ਚ ਗਿਰਨਾ, ਤਾਂ ਉਹ ਕਹੇਗਾ ਕਿ ਕਿਵੇਂ ਗਿਰ ਜਾਵਾਂਗਾ ਜਦੋਂ ਜਾਣਾ ਹੀ ਨਹੀਂ ਖੂਹ ਵਾਲੇ ਪਾਸੇ।" ਜਦੋਂ ਇਸ ਨੇ ਬਹੁਤ ਤਰਕ ਕਰੀ। ਉਸ ਵੇਲੇ ਵਿਆਸ ਜੀ ਕਹਿੰਦੇ, "ਲੈ ਅਸੀਂ ਤੈਨੂੰ ਸਮਝਾਉਂਦੇ ਹਾਂ ਕਿ ਤੇਰੇ ਨਾਲ ਭਾਵੀ ਵਰਤਣੀ ਹੈ। ਇਹ ਤੈਨੂੰ ਭੋਗਣੀ ਪੈਣੀ ਹੈ।"

***ਭੋਗੇ ਬਿਨ ਭਾਗੇ ਨਹੀਂ ਕਰਮ ਗਤੀ ਬਲਵਾਨ॥***

ਕਹਿੰਦਾ, "ਲੈ, ਮੈਂ ਕਦੇ ਵੀ ਨਾ ਭੋਗਾਂ ਜੇ ਮੈਨੂੰ ਪਤਾ ਹੋਵੇ।"

ਕਹਿੰਦੇ, "ਲਿਖ ਲੈ ਲਿਖਾਰੀ ਮੰਗਾ ਕੇ।"

ਉਸ ਵੇਲੇ ਵਿਆਸ ਜੀ ਨੇ ਬਹੁਤ ਵਿਸਥਾਰ ਨਾਲ ਲਿਖਾਇਆ ਕਿ ਤੇਰੇ ਨਾਲ ਐਸ-ਐਸ ਤਰ੍ਹਾਂ ਹੋਣੀ ਹੈ। ਤੂੰ ਇਕ ਘੋੜੀ ਲਿਆਉਣੀ ਹੈ, ਉਸ ਤੇ ਚੜ੍ਹ ਕੇ ਜੰਗਲ ਨੂੰ ਜਾਣਾ ਹੈ। ਉਥੋਂ ਇਕ ਲੜਕੀ, ਜਿਸ ਦੀ ਜਾਤ ਦਾ ਨਹੀਂ ਪਤਾ, ਕੌਮ ਦਾ ਨਹੀਂ ਪਤਾ, ਤੂੰ ਉਹ ਸੋਹਣੀ ਦੇਖ ਕੇ ਲੈ ਆਉਣੀ ਹੈ, ਤੇਰੀ ਸਾਰੀ ਪਰਜਾ ਨੇ ਤੇਰੇ ਖਿਲਾਫ ਹੋ ਜਾਣਾ ਹੈ। ਉਸ

ਵੇਲੇ ਤੂੰ ਸੋਚਣਾ ਹੈ ਕਿ ਮੈਂ ਪਰਜਾ ਨੂੰ ਕਿਵੇਂ ਆਪਣੇ ਹੱਕ ਵਿਚ ਕਰਾਂ। ਤੂੰ ਜੱਗ ਕਰਨਾ ਹੈ, ਕਿਸੇ ਵੀ ਬ੍ਰਾਹਮਣ ਨੇ ਜੱਗ ਦੇ ਵਿਚ ਨਹੀਂ ਆਉਣਾ ਤੇ ਤੂੰ ਵਿਦਿਆਰਥੀ ਲਿਆਏਂਗਾ। ਐਸੀ ਘਟਨਾ ਹੋਣੀ ਹੈ ਕਿ ਜਦੋਂ ਉਹ ਖਾਣਾ ਖਾਣ ਲਈ ਪੰਗਤਾਂ 'ਚ ਬੈਠੇ ਹੋਣਗੇ ਤਾਂ ਤੇਰੀ ਨਵੀਂ ਰਾਣੀ ਦਾ ਕੱਪੜਾ ਹਵਾ ਨਾਲ ਉਪਰ ਨੂੰ ਉਡ ਜਾਣਾ ਹੈ ਤੇ ਬੱਚਿਆਂ ਨੇ ਹਸ ਪੈਣਾ ਹੈ ਕਿਸੇ ਗੱਲ ਤੇ। ਤੂੰ ਇਹ ਸਮਝ ਕੇ ਬ੍ਰਾਹਮਣ ਬੱਚੇ ਮਾਰ ਦੇਣੇ ਨੇ ਕਿ ਇਹ ਮੇਰੀ ਰਾਣੀ ਨੂੰ ਦੇਖ ਕੇ ਹੱਸੇ ਨੇ। ਮਾਰਨ ਦਾ ਫਲ ਤੈਨੂੰ ਇਹ ਮਿਲਣਾ ਹੈ ਕਿ ਤੇਰੇ ਸਰੀਰ ਤੇ ਕੋਹੜ ਹੋ ਜਾਣਾ ਹੈ, ਕੁਸ਼ਟ ਹੋ ਜਾਣਾ ਹੈ।

ਕਹਿੰਦੇ, "ਲਿਖ ਲੈ, ਜੇ ਹਟਾ ਸਕਿਆ ਤਾਂ ਹਟਾ ਲਵੀਂ। ਅਗੇ ਬਚਾਓ ਜੋ ਵੀ ਤੂੰ ਕਰਨਾ ਹੈ ਉਹ ਵੀ ਮੈਂ ਤੈਨੂੰ ਦੱਸ ਦਿੰਦਾ ਹਾਂ। ਬਚਾਓ ਇਹ ਹੈ ਕਿ ਤੂੰ ਭਾਗਵਤ ਦੀ ਕਥਾ ਸੁਣਨੀ ਹੈ - ਵਾਹਿਗੁਰੂ ਦੇ ਜਸ ਦੀ, ਤੇ ਉਸ ਦੇ ਵਿਚ ਇਕ ਸਾਖੀ ਆਉਣੀ ਹੈ - ਅਮਿਤ ਬਲ ਦੀ, ਤੇ ਉਸ ਦੇ ਉਤੇ ਤੂੰ ਤਰਕ ਕਰਨੀ ਹੈ, ਨੱਕ ਚੜ੍ਹਾਉਣਾ ਹੈ, ਫੇਰ ਤੇਰੇ ਨੱਕ ਤੇ ਕੋੜ੍ਹ ਰਹਿ ਜਾਣਾ ਹੈ ਤੇ ਇਸ ਨਾਲ ਤੂੰ ਮਰ ਜਾਣਾ ਹੈ। ਹੁਣ ਤੂੰ ਜੋਰ ਲਾ ਲਈਂ ਜੇ ਇਕ ਵੀ ਗੱਲ ਟਲ ਜਾਵੇ।"

ਗੁਰੂ ਨਾਨਕ ਪਾਤਸ਼ਾਹ ਫੁਰਮਾਉਂਦੇ ਨੇ ਕਿ -

***ਰਾਜਾ ਜਨਮੇਜਾ ਦੇ ਮਤੀ ਬਰਜਿ ਬਿਆਸਿ ਪੜਾਇਆ॥***
***ਪੰਨਾ - 1344***

ਕਹਿੰਦੇ ਵਰਜ-ਵਰਜ ਕੇ ਵਿਆਸ ਜੀ ਨੇ ਜਨਮੇਜੇ ਨੂੰ ਸਮਝਾਇਆ ਕਿ ਜੇ ਤੈਥੋਂ ਇਹ ਹੋ ਗਿਆ ਤਾਂ ਆਹ ਨਾ ਕਰੀਂ, ਜੇ ਆਹ ਹੋ ਗਿਆ ਤਾਂ ਆਹ ਨਾ ਕਰੀਂ ਲੇਕਿਨ ਹੋਇਆ ਕੀ?

***ਤਿਨਿ ਕਰਿ ਜਗ ਅਠਾਰਹ ਘਾਏ ਕਿਰਤੁ ਨ ਚਲੈ ਚਲਾਇਆ॥***
***ਪੰਨਾ - 1344***

ਫੇਰ ਕਿਰਤ ਨੂੰ ਕਿਤੇ ਹਟਾ ਲਿਆ ਉਸ ਨੇ ਜ਼ੋਰ ਲਾ ਕੇ? ਇਸੇ ਤਰ੍ਹਾਂ ਦੇ ਨਾਲ ਹੋਇਆ। ਹੁਕਮ ਕਰ ਦਿਤਾ ਕਿ ਘੋੜੇ ਨਹੀਂ ਖਰੀਦਣੇ। ਚਾਰ ਸਾਲ ਲੰਘ ਗਏ। ਬਖਸ਼ੀ ਜਿਹੜਾ ਸੀ - ਸੈਨਾਪਤੀ, ਉਹ ਕਹਿਣ ਲੱਗਿਆ ਕਿ ਮਹਾਰਾਜ! ਘੋੜੇ ਨਾ ਹੋਏ ਤਾਂ ਲੜਾਈ ਕਿਵੇਂ ਕਰਾਂਗੇ? ਇਹ ਤਾਂ ਸਾਰਾ ਰਸਾਲਾ ਹੀ ਬੁੱਢਾ ਹੋ ਗਿਆ ਹੈ। ਤੁਸੀਂ ਘੋੜੇ ਖਰੀਦਣ ਦੀ ਇਜ਼ਾਜ਼ਤ ਦੇ ਦਿਓ। ਇਜ਼ਾਜਤ ਲੈ ਲਈ, ਘੋੜੇ ਖਰੀਦ ਲਏ। ਕਹਿੰਦੇ, ਘੋੜੀ ਨਾ ਭੁਲ ਕੇ ਖਰੀਦ ਲਿਓ। ਅਖੀਰ ਇਕ ਘੋੜੀ ਐਨੀ ਸੁੰਦਰ ਆਈ ਜੋ ਖਰੀਦਣੀ ਪੈ ਗਈ।

ਕਹਿੰਦੇ, "ਮਹਾਰਾਜ! ਤਬੇਲੇ 'ਚ ਬੰਨ੍ਹੀ ਰਹੇਗੀ, ਤੁਸੀਂ ਨਾ ਚੜ੍ਹਿਓ।"

ਘੋੜੀ ਲੈ ਲਈ ਤੇ ਘੋੜੀ ਬੰਨ੍ਹੀ ਰਹਿੰਦੀ ਹੈ ਤੇ ਅਖੀਰ ਘੋੜੀ ਬਿਮਾਰ ਪੈ ਗਈ। ਬਾਰ-ਬਾਰ ਕਹਿੰਦੇ ਨੇ ਕਿ ਮਹਾਰਾਜ! ਤੁਹਾਡੇ ਤੋਂ ਬਗੈਰ ਤਾਂ ਇਸ ਦੇ ਉਤੇ ਕੋਈ ਚੜ੍ਹ ਨਹੀਂ ਸਕਦਾ। ਤੁਸੀਂ ਇਧਰ ਤਿੰਨ ਦਿਸ਼ਾਵਾਂ 'ਚ ਜਾਓ, ਚੌਥੀ ਵਿਚ ਜਾਓ ਹੀ ਨਾ। ਸੋ ਗੱਲ ਮੰਨ ਲਈ। ਤਿੰਨ ਦਿਸ਼ਾਵਾਂ ਦੇ ਵਿਚ ਫਿਰ ਆਇਆ ਕਰੇ। ਇਕ ਦਿਨ ਐਸਾ ਦਿਸ਼ਾ-ਭਰਮ ਹੋਇਆ ਕਿ ਦਿਸ਼ਾ ਦਾ ਹੀ ਪਤਾ ਨਾ ਲੱਗਿਆ ਕਿ ਕਿੱਧਰ ਨੂੰ ਕਿਹੜੀ ਦਿਸ਼ਾ ਹੈ। ਦੱਖਣ ਵਿਚ ਚਲਿਆ ਗਿਆ, ਕ੍ਰੂਰ ਦਿਸ਼ਾ ਵਿਚ ਚਲਿਆ ਗਿਆ। ਅੱਗੇ ਜੰਗਲ ਵਿਚ ਰਾਹ ਭੁਲ ਗਿਆ, ਪਾਣੀ ਦੀ ਪਿਆਸ ਲੱਗੀ, ਪਾਣੀ ਦੀ ਤਲਾਸ਼ ਵਿਚ ਫਿਰਦਾ-ਫਿਰਦਾ ਇਕ ਝੌਂਪੜੀ ਦੇ ਅੱਗੇ ਗਿਆ ਤੇ ਅਵਾਜ਼ ਦਿਤੀ - 'ਪਾਣੀ!'

ਜਲ ਲੈ ਕੇ ਇਕ ਨੌਜਵਾਨ ਲੜਕੀ ਨਿਕਲੀ, ਬਹੁਤ ਸੁੰਦਰ, ਦੇਖਦੀ ਸਾਰ ਸਭ ਕੁਝ ਭੁਲ ਗਿਆ। ਸੋਚਣ ਲੱਗ ਗਿਆ ਕਿ ਇਹ ਤਾਂ ਮੈਂ ਲੈ ਕੇ ਜਾਣੀ ਹੈ ਪਰ ਪੁਆੜਾ ਪੈ ਜਾਣਾ ਹੈ। ਕਹਿੰਦਾ ਲੈ ਤਾਂ ਜਾਵਾਂਗਾ, ਪਰ ਅੱਗੇ ਵਾਲੀਆਂ ਗੱਲਾਂ ਨਹੀਂ ਕਰਾਂਗਾ। ਸੋ ਉਸ ਨੂੰ ਵੀ ਲੈ ਆਇਆ। ਉਸ ਤੋਂ ਬਾਅਦ ਉਸ ਦਾ ਵਿਰੋਧ ਹੋਣਾ ਸ਼ੁਰੂ ਹੋ ਗਿਆ, ਨਿੰਦਿਆ ਹੋਣੀ ਸ਼ੁਰੂ ਹੋ ਗਈ। ਜੱਗ ਕਰਨ ਲੱਗਿਆ ਤਾਂ ਬ੍ਰਾਹਮਣਾਂ ਨੇ ਕਿਹਾ ਕਿ ਅਸੀਂ ਤਾਂ ਨਹੀਂ ਆਉਂਦੇ ਜੱਗ ਵਿਚ। ਵਿਦਿਆਰਥੀਆਂ ਨੂੰ ਲੈ ਗਿਆ। ਜਦੋਂ ਜੱਗ ਸ਼ੁਰੂ ਹੋਇਆ, ਉਸ ਵੇਲੇ ਜਿਹੜੀ ਨਵੀਂ ਰਾਣੀ ਆਈ ਸੀ, ਉਹ ਇਕ ਕੱਪੜਾ ਉਪਰ ਲੈ ਕੇ ਪ੍ਰਸ਼ਾਦਾ ਛਕਾ ਰਹੀ ਹੈ। ਇਕ ਲੜਕਾ ਕਹਿਣ ਲੱਗਿਆ ਕਿ ਕਈ ਰਾਣੀਆਂ ਨੇ ਜਿਹੜੀਆਂ ਪ੍ਰਸ਼ਾਦਾ ਛਕਾ ਰਹੀਆਂ ਹਨ। ਇਕ ਸਿਆਣਾ ਸੀ, ਉਹ ਕਹਿੰਦਾ, ਨਹੀਂ, ਹੈ ਤਾਂ ਇਕੋ ਹੀ, ਕਪੜੇ ਬਦਲ ਆਉਂਦੀ ਹੈ, ਹਰ ਵਾਰੀ ਸਾੜ੍ਹੀ ਬਦਲ ਆਉਂਦੀ ਹੈ।

ਉਹ ਕਹਿੰਦੇ, "ਪਤਾ ਕਿਵੇਂ ਲੱਗੇ।"

ਉਹ ਕਹਿੰਦਾ, "ਹੁਣੇ ਲਗ ਜਾਏਗਾ।"

ਜਦੋਂ ਰਾਣੀ ਕੋਲੋਂ ਦੀ ਲੰਘਣ ਲੱਗੀ ਤਾਂ ਉਸ ਨੇ ਇਕ ਚੌਲ ਨਹੁੰ ਤੇ ਰੱਖ ਕੇ ਮਾਰਿਆ ਤੇ ਉਹ ਜਾ ਕੇ ਉਸ ਦੇ ਪੈਰ ਤੇ ਲੱਗਿਆ। ਜਦੋਂ ਉਹ ਦੂਜੀ ਵਾਰੀ ਆਈ ਤਾਂ ਦੂਰੋਂ ਹੀ ਦੇਖ ਲਿਆ ਬੱਚਿਆਂ ਨੇ ਕਿ ਉਹ ਚੌਲ ਲੱਗਿਆ ਹੋਇਆ ਹੈ। ਇਸ ਗੱਲ ਤੇ ਬੱਚੇ ਸਾਰੇ ਹੀ ਹੱਸ ਪਏ ਕਿਉਂਕਿ ਜਵਾਨ ਖ਼ੂਨ ਸੀ। ਇਧਰੋਂ ਇਹ ਹਸਦੇ ਨੇ ਤੇ ਇਧਰੋਂ ਇਹੋ-ਜਿਹਾ ਵਾ-ਵਰੋਲਾ ਉਠਿਆ ਜਿਸ ਨਾਲ ਉਸ ਦਾ ਕਪੜਾ ਉਪਰ ਨੂੰ ਉਠ ਗਿਆ। ਐਸਾ ਗੁੱਸਾ ਆਇਆ ਰਾਜੇ ਜਨਮੇਜੇ ਨੂੰ ਕਿ ਅਕਲ ਮਾਰੀ ਗਈ।

***ਹੋਣਹਾਰ ਹਿਰਦੇ ਵਸੀ ਗਈ ਸਰੀਰੋਂ ਬੁਧ॥***

ਜਦੋਂ ਕਿਸੇ ਦੇ ਮਨ ਵਿਚ ਹੋਣਹਾਰ ਵਸ ਜਾਵੇ ਤਾਂ ਸਰੀਰ ਦੀ ਬੁੱਧੀ ਦਾ ਨਾਸ਼ ਹੋ ਜਾਂਦਾ ਹੈ। ਬੁੱਧੀ ਪੁੱਠੀ ਹੋ ਜਾਂਦੀ ਹੈ ਜਦੋਂ ਨਾਸ਼ ਹੋਣਾ ਹੁੰਦਾ ਹੈ। ਜੇ ਸਿਆਣੇ ਆਪਣੀ ਮਰਜ਼ੀ ਨਾਲ ਸੰਸਾਰ ਨੂੰ ਚਲਾ ਸਕਣ ਤਾਂ ਰੌਲਾ ਹੀ ਨਾ ਪਵੇ ਪਰ ਮਰਜ਼ੀ ਨਹੀਂ ਚਲਦੀ। ਇਹ ਤਾਂ ਓਹੀ ਕੁਝ ਹੁੰਦਾ ਹੈ ਜਿਹੜਾ ਕੁਝ ਹੋਣਾ ਹੁੰਦਾ ਹੈ -

***ਕਹੁ ਨਾਨਕ ਕਰਤੇ ਕੀਆ ਬਾਤਾ***
***ਜੋ ਕਿਛੁ ਕਰਣਾ ਸੁ ਕਰਿ ਰਹਿਆ॥ ਪੰਨਾ - 469***

ਉਸ ਨੂੰ ਐਨਾ ਕ੍ਰੋਧ ਆਇਆ ਕਿ ਚੁੱਕ ਕੇ ਬੱਚੇ

ਕੜਾਹਿਆਂ ਵਿਚ ਸੁਟ ਦਿਤੇ - ਕਿਸੇ ਨੂੰ ਖੀਰ ਦੇ ਕੜਾਹੇ ਵਿਚ, ਕਿਸੇ ਨੂੰ ਘਿਓ ਵਿਚ, ਕਿਸੇ ਨੂੰ ਪ੍ਰਸ਼ਾਦ ਦੇ ਕੜਾਹੇ ਵਿਚ - 18 ਬ੍ਰਾਹਮਣ ਬੱਚੇ ਮਾਰ ਦਿਤੇ -

***ਰੋਵੈ ਜਨਮੇਜਾ ਖੁਇ ਗਇਆ॥***
***ਏਕੀ ਕਾਰਣਿ ਪਾਪੀ ਭਇਆ॥ ਪੰਨਾ - 954***

ਕੋਹੜ ਹੋ ਗਿਆ, ਫੇਰ ਰੋਂਦਾ ਫਿਰਦਾ ਹੈ, ਵਿਰਲਾਪ ਕਰਦਾ ਹੈ ਕਿ ਮੈਂ ਗੱਲ ਨਾ ਮੰਨੀ। ਹੁਣ ਜੇ ਵਿਆਸ ਜੀ ਆ ਜਾਣ ਤਾਂ ਮੈਂ ਹੁਣ ਮੰਨ ਲਵਾਂਗਾ, ਇਕੋ ਹੀ ਮੌਕਾ ਰਹਿੰਦਾ ਹੈ। ਵਿਆਸ ਜੀ ਆ ਗਏ, ਆ ਕੇ ਰਾਜੇ ਦਾ ਹਾਲ-ਚਾਲ ਪੁੱਛਣ ਲੱਗੇ, ਕਹਿੰਦੇ, "ਕਿਉਂ ਰਾਜਾ! ਦੇਖ ਲਿਆ ਤੂੰ?" ਮਹਾਰਾਜ ਕਹਿੰਦੇ -

***ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ॥***
***ਪੰਨਾ - 937***

ਮਿਟਿਆ ਨਹੀਂ ਕਰਦਾ ਜੋ ਲੇਖ ਮੱਥੇ ਤੇ ਲਿਖਿਆ ਹੁੰਦਾ ਹੈ। ਇਸ ਤਰ੍ਹਾਂ ਮਹਾਰਾਜ ਦਾ ਫੁਰਮਾਨ ਹੈ -

***ਧਾਰਨਾ - ਲੇਖ ਨਾ ਮਿਟਦਾ ਜੀ,***
***ਲਿਖਿਆ ਜੋ ਆਪ ਹਰੀ ਨੇ -2, 2.***
***ਲਿਖਿਆ ਜੋ ਆਪ ਹਰੀ ਨੇ -2, 2.***
***ਲੇਖ ਨਾ ਮਿਟਦਾ ਜੀ, ................ -2.***

***ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ॥***
***ਪੰਨਾ - 937***

ਕਿਉਂਕਿ ਵਾਹਿਗੁਰੂ ਦਾ ਲਿਖਿਆ ਹੋਇਆ ਮਿਟਾਉਣ ਵਾਸਤੇ ਕੋਈ ਸੰਸਾਰ ਦੇ ਅੰਦਰ ਸਮਰੱਥ ਨਹੀਂ ਹੈ। ਕੇਵਲ ਉਸ ਦੇ ਪਿਆਰੇ ਸਮਰੱਥ ਹਨ, ਉਹ ਮੇਟ ਸਕਦੇ ਹਨ ਕਿਉਂਕਿ ਉਨ੍ਹਾਂ ਦੀ ਕਥਾ ਸੰਸਾਰ ਦੇ ਲੋਕਾਂ ਵਿਚ ਨਹੀਂ ਆਉਂਦੀ, ਉਨ੍ਹਾਂ ਦੀ ਕਥਾ ਨਿਆਰੀ ਹੋਇਆ ਕਰਦੀ ਹੈ -

***ਹਰਿ ਕੇ ਸੇਵਕ ਜੋ ਹਰਿ ਭਾਏ ਤਿਨ ਕੀ ਕਥਾ ਨਿਰਾਰੀ ਰੇ॥***
***ਪੰਨਾ - 855***

ਉਨ੍ਹਾਂ ਦੇ ਅਖਤਿਆਰ ਹੈ, ਉਨ੍ਹਾਂ ਕੋਲ ਲੇਖ ਰੱਦ ਕਰਨ ਦੀ ਤਾਕਤ ਹੁੰਦੀ ਹੈ।

***ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ॥***
***ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ॥***
***ਪੰਨਾ - 1253***

ਸੋ ਇਸ ਤਰ੍ਹਾਂ ਦੇ ਨਾਲ ਭਾਈ ਲਹਿਣਾ ਜੀ ਨੇ ਇਹ ਚੰਗੀ ਤਰ੍ਹਾਂ ਸਮਝ ਲਿਆ ਕਿ -

***ਆਪੇ ਬੀਜਿ ਆਪੇ ਹੀ ਖਾਹੁ॥ ਪੰਨਾ - 4***

ਕਿਉਂ ਦੋਸ਼ ਦਿੰਦੇ ਹਾਂ ਅਸੀਂ ਸੰਸਾਰ ਨੂੰ ਕਿ ਉਸ ਨੇ ਮੇਰੇ ਨਾਲ ਇਉਂ ਕਰ ਦਿਤਾ, ਇਹ ਤਾਂ ਝੜਾਂ ਫਸੀਆਂ ਪਈਆਂ ਨੇ - ਖਰਬਾਂ ਸਾਲਾਂ ਦੀਆਂ; ਹੁੰਦੀਆਂ ਹੀ ਰਹਿਣੀਆਂ ਨੇ ਜਦੋਂ ਤੱਕ ਕਰਮਾਂ ਦਾ ਨਾਸ਼ ਨਹੀਂ ਹੁੰਦਾ। ਕਰਮਾਂ ਦਾ ਨਾਸ਼ ਕੇਵਲ ਨਾਮ ਜਪਣ ਨਾਲ ਹੁੰਦਾ ਹੈ, ਹੋਰ ਕੋਈ ਤਰੀਕਾ ਨਹੀਂ ਹੈ। ਜਿਹੜੇ ਤਾਂ ਹਨ ਪਰਾਲਬਧ ਕਰਮ, ਉਹ ਤਾਂ ਭੋਗਣੇ ਹੀ ਪੈਂਦੇ ਨੇ ਹਰੇਕ ਨੂੰ, ਸੰਤ ਵੀ ਭੋਗ ਲੈਂਦੇ ਨੇ। ਜਿਹੜੇ ਸੰਚਿਤ ਕਰਮ ਪਏ ਨੇ, ਕਰੋੜਾਂ ਕਰਮ ਜਮ੍ਹਾਂ ਪਏ ਨੇ ਉਹ -

***ਗੁਰ ਕਾ ਸਬਦੁ ਕਾਟੈ ਕੋਟਿ ਕਰਮ॥ ਪੰਨਾ - 1195***

ਕਰੋੜਾਂ ਕਰਮਾਂ ਦਾ ਨਾਸ਼ ਨਾਮ ਕਰ ਦਿੰਦਾ ਹੈ, ਹੋਰ ਕੋਈ ਤਰੀਕਾ ਨਹੀਂ ਹੈ। ਕਰਮਾਂ ਦਾ ਨਾਸ਼ ਨਾਮ ਤੋਂ ਬਗੈਰ ਨਹੀਂ ਹੋਣਾ। ਨਾਮ ਤੋਂ ਬਗੈਰ ਜੀਵ ਨੇ ਇਵੇਂ ਹੀ ਭਟਕਦੇ ਰਹਿਣਾ ਹੈ, ਦੁਖ-ਸੁਖ ਵਿਚ ਇਹ ਹਲਟ ਚਲਦਾ ਹੀ ਰਹਿਣਾ ਹੈ - ਹਮੇਸ਼ਾ, ਬਿਨਾ ਰੁਕੇ ਚਲਣ ਵਾਲਾ ਹਰਟ ਹੈ ਇਹ - ਦੁਖ ਦਾ ਤੇ ਸੁਖ ਦਾ -

***ਸੁਖੁ ਦੂਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਾਨੁਖ॥***
***ਪੰਨਾ -149***

ਇਹ ਤਾਂ ਮਨੁੱਖ ਨੂੰ ਪਹਿਨਣ ਵਾਸਤੇ ਦਰਗਾਹ ਵਿਚੋਂ ਮਿਲਦੇ ਨੇ - ਇਕ ਦੁਖਾਂ ਦਾ ਕਪੜਾ, ਇਕ ਸੁਖ ਦਾ ਕੱਪੜਾ। ਸੋ ਕਰਮਾਂ ਦਾ ਨਾਸ਼ ਨਹੀਂ ਹੁੰਦਾ ਜਦੋਂ ਤਕ ਬੰਦਗੀ ਕਰਕੇ ਗਿਆਨ ਨਹੀਂ ਹੁੰਦਾ। ਜਦੋਂ ਗਿਆਨ ਹੋ ਗਿਆ ਫੇਰ -

***ਗਿਆਨੁ ਭਇਆ ਤਹ ਕਰਮਹ ਨਾਸੁ॥ ਪੰਨਾ - 1167***

ਕਰਮਾਂ ਦਾ ਨਾਸ਼ ਹੋ ਜਾਂਦਾ ਹੈ। ਫੇਰ ਫਲ ਦੇਣ ਤੋਂ ਕਰਮ ਰਹਿ ਜਾਂਦੇ ਨੇ ਲੇਕਿਨ ਮਹਾਂਪੁਰਸ਼ ਕਰਮ ਕਰਦੇ ਨੇ ਸੰਸਾਰ ਵਾਸਤੇ। ਆਪਣਾ ਉਨ੍ਹਾਂ ਨੂੰ ਕੋਈ ਹਿਤ ਨਹੀਂ ਹੁੰਦਾ ਕਿਉਂਕਿ ਉਹ ਫਲ ਦੀ ਇੱਛਾ ਨਹੀਂ ਚਾਹੁੰਦੇ। ਜਿਹੜੇ ਸੇਵਾ ਕਰਨ ਵਾਲੇ ਨੇ ਉਹ ਪੁੰਨ ਲੈ ਜਾਂਦੇ ਨੇ, ਨਿੰਦਿਆ ਕਰਨ ਵਾਲੇ ਪਾਪ ਲੈ ਜਾਂਦੇ ਨੇ। ਸੰਤਾਂ ਦੇ ਨਾਲ ਨਹੀਂ ਕੁਝ ਜਾਇਆ ਕਰਦਾ।

ਸੋ ਭਾਈ ਲਹਿਣਾ ਜੀ ਬੜੇ ਧਿਆਨ ਦੇ ਨਾਲ ਸਮਝ ਕੇ ਉਥੇ ਹੀ ਵਿਚਾਰ ਕਰਦੇ ਰਹੇ, ਇੰਨੇ ਨੂੰ ਬਾਣੀ ਪੜ੍ਹੀ ਗਈ। ਕਈ ਵਾਰੀ ਕੋਸ਼ਿਸ਼ ਕੀਤੀ ਸਮਝਣ ਦੀ ਲੇਕਿਨ ਸਮਝ ਤੋਂ ਉਚੀ ਚੀਜ਼ ਸੀ। ਭਾਈ ਜੋਧ ਨੇ ਉਸ ਵੇਲੇ ਆਸਾ ਦੀ ਵਾਰ ਸ਼ੁਰੂ ਕਰ ਲਈ ਤੇ ਜਦੋਂ ਪਹਿਲਾ ਹੀ ਸਲੋਕ ਪੜ੍ਹਨਾ ਸ਼ੁਰੂ ਕਰਿਆ, ਆਪ ਦੇ ਕੰਨਾਂ ਵਿਚ ਇਸ ਤਰ੍ਹਾਂ ਆਵਾਜ਼ ਆਈ-

***ਧਾਰਨਾ - ਜਾਵਾਂ ਬਲਿਹਾਰ ਜੀ ਮੈਂ ਆਪਣੇ ਗੁਰਾਂ ਤੋਂ -2, 2.***
***ਆਪਣੇ ਗੁਰਾਂ ਤੋਂ ਜੀ ਮੈਂ ਆਪਣੇ ਗੁਰਾਂ ਤੋਂ -2, 2.***
***ਜਾਵਾਂ ਬਲਿਹਾਰ ਜੀ ਮੈਂ ਆਪਣੇ....-2.***

***ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥***
***ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥***
***ਪੰਨਾ - 463***

ਸਮਝ ਆ ਗਿਆ ਕਿ ਗੁਰੂ ਦੀ ਬਾਤ ਕਹੀ ਜਾ ਰਹੀ ਹੈ ਤੇ ਗੁਰੂ ਵੀ ਉਹ ਹੈ ਜਿਸ ਦੇ ਬਾਰੇ ਕਿਹਾ ਗਿਆ ਹੈ ਕਿ ਸੈਂਕੜੇ ਵਾਰੀ ਮੈਂ ਬਲਿਹਾਰ ਜਾਂਦਾ ਹਾਂ। ਆਪ ਵੀ ਗੁਰੂ ਦੀ ਤਲਾਸ਼ ਵਿਚ ਫਿਰਦੇ ਸੀ, ਮਹਾਤਮਾ ਦੀ ਸੰਗਤ ਕਰਿਆ ਕਰਦੇ ਸੀ ਤੇ ਉਨ੍ਹਾਂ ਮਹਾਤਮਾਵਾਂ ਦੀ ਸੰਗਤ ਵਿਚੋਂ ਪਤਾ ਲਗਿਆ ਕਿ ਪ੍ਰਮੇਸ਼ਰ ਦਾ ਨਾਮ ਜਪਣਾ ਚਾਹੀਦਾ ਹੈ। ਸੋ ਆਪ ਰਾਮ-ਰਾਮ ਦਾ ਜਾਪ ਕਰਿਆ ਕਰਦੇ ਸੀ ਲੇਕਿਨ ਕਿਸੇ ਗੁਰੂ ਤੋਂ ਪ੍ਰਾਪਤ ਨਹੀਂ ਸੀ ਹੋਇਆ, ਆਪੇ ਹੀ ਦੇਖਾ ਦੇਖੀ ਕਰਦੇ ਸੀ।

ਸਾਡੇ ਵੀ ਬਹੁਤ ਕਰਦੇ ਨੇ - ਵਾਹਿਗੁਰੂ-ਵਾਹਿਗੁਰੂ, ਪਰ

ਗੁਰੂ ਤੋਂ ਨਹੀਂ ਮਿਲਿਆ। ਪੂਰੀ ਵਿਧੀ ਦੇ ਨਾਲ ਨਾਮ ਜਦੋਂ ਤਕ ਨਹੀਂ ਮਿਲਦਾ, ਓਨਾਂ ਚਿਰ ਨਾਮ ਦੀ ਜੜ੍ਹ ਅੰਦਰ ਨਹੀਂ ਲੱਗਿਆ ਕਰਦੀ। ਜਿਵੇਂ ਬੋਹੜ ਹੈ, ਇਸ ਦੀ ਗੋਹਲ (ਬੀਜ) ਐਨੀ ਸਖਤ ਹੈ ਕਿ ਰੂੜੀ ਵਿਚ ਦੱਬ ਦਿਓ ਤਾਂ ਵੀ ਨਹੀਂ ਫਟਦੀ ਇਹ। ਪੰਛੀ ਇਸ ਨੂੰ ਖਾ ਲਵੇ ਤਾਂ ਉਸ ਦੇ ਮਿਹਦੇ ਵਿਚ ਜਾ ਕੇ ਫਟ ਜਾਂਦੀ ਹੈ ਤੇ ਨਰਮ ਹੋ ਜਾਂਦੀ ਹੈ ਤੇ ਜਿਥੇ ਕਿਤੇ ਪੰਛੀ ਗਿੱਲੇ ਥਾਂ ਤੇ ਵਿੱਠ ਕਰ ਦੇਵੇ ਤਾਂ ਉਥੇ ਹੀ ਬੋਹੜ, ਜੜ੍ਹ ਫੜ ਕੇ ਹਰਾ ਹੋ ਜਾਇਆ ਕਰਦਾ ਹੈ।

ਇਸੇ ਤਰ੍ਹਾਂ ਪ੍ਰਭੂ ਦਾ ਨਾਮ ਹੈ ਜਿਸ ਦੀ ਰੁਸਵਾਈ ਨਾਮ ਤੱਕ ਹੈ। ਇਥੇ ਭੁਲੇਖਾ ਪੈ ਜਾਂਦਾ ਹੈ ਕਿ ਰੁਸਵਾਈ, ਪਹੁੰਚ ਵੀ ਨਾਮ ਤੱਕ ਹੋਵੇ, ਤਾਂ ਕੋਈ ਗੱਲ ਹੋਇਆ ਕਰਦੀ ਹੈ ਕਿਉਂਕਿ–

*ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ॥*
*ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ॥*
***ਪੰਨਾ – 491***

ਰੁਸਵਾਈ ਕਹਿੰਦੇ ਨੇ – ਮਨ ਦੇ ਵਿਚ ਨਾਮ ਦਾ ਵਸ ਜਾਣਾ। ਉਹ ਨਾਮ ਫੇਰ 24 ਘੰਟੇ ਨਹੀਂ ਭੁਲਿਆ ਕਰਦਾ, ਖੁਲ੍ਹੀਆਂ ਅੱਖਾਂ ਨਾਲ ਵੀ ਨਾਮ ਜਪਦਾ ਹੈ, ਬਿਨਾਂ ਬੋਲੇ ਵੀ ਨਾਮ ਜਪਦਾ ਹੈ, ਕੰਨਾਂ ਨਾਲ ਸੁਣ ਕੇ ਵੀ ਨਾਮ ਜਪਦਾ ਹੈ, ਮਨ ਦੇ ਨਾਲ ਵੀ ਨਾਮ ਜਪਦਾ ਹੈ ਤੇ ਨਾਮ ਦਾ ਉਸ ਨੂੰ ਹਰ ਵਕਤ ਦਾ ਅਨੁਭਵ ਹੋ ਜਾਂਦਾ ਹੈ ਕਿ ਇਥੇ ਵਾਹਿਗੁਰੂ ਤੋਂ ਬਗੈਰ ਸੰਸਾਰ ਤੇ ਹੋਰ ਕੋਈ ਨਹੀਂ ਹੈ – ਆਪੇ ਹੀ ਆਪ ਹੈ ਸਾਰੇ। ਸੋ ਜਿਸ ਦੇ ਹਿਰਦੇ ਵਿਚ ਇਹ ਚੀਜ਼ ਹੋਏਗੀ, ਉਹ ਨਾਮ ਨੂੰ ਅੱਗੇ ਤੋਰ ਸਕਿਆ ਕਰਦਾ ਹੈ। ਪੰਜ–ਪਿਆਰੇ ਨੇ ਜਿਹੜੇ, ਉਹ ਅੰਮ੍ਰਿਤ ਛਕਾ ਕੇ ਨਾਮ ਦਿੰਦੇ ਨੇ, ਗੁਰ–ਮੰਤਰ ਦਿੰਦੇ ਨੇ। ਇਥੇ ਬੜੀ ਸਾਵਧਾਨੀ ਵਰਤਣੀ ਪੈਂਦੀ ਹੈ। ਇਕ ਤਾਂ ਦੁਨੀਆਂ ਦੇ ਪਿਆਰੇ ਨੇ, ਦੁਨੀਆਂ ਦੇ ਵਿਚ ਉਨ੍ਹਾਂ ਦੀ ਬਿਰਤੀ ਹਰ ਵਕਤ ਫਸੀ ਰਹਿੰਦੀ ਹੈ, ਦੁਨੀਆਂ ਨਾਲ ਪਿਆਰ ਕਰਦੇ ਨੇ; ਇਕ ਪੁੱਤਰਾਂ ਦੇ ਪਿਆਰੇ ਨੇ, ਪੁੱਤਰਾਂ ਵਾਸਤੇ ਕਮਾਈਆਂ ਕਰਦੇ ਨੇ, ਬੇਅੰਤ ਕਮਾਉਂਦੇ ਨੇ, ਔਖੇ ਹੁੰਦੇ ਨੇ, ਦੁਖੀ ਹੁੰਦੇ ਨੇ; ਕਾਹਦੇ ਵਾਸਤੇ ਕਿ ਪੁੱਤਰਾਂ ਲਈ ਛੱਡ ਜਾਈਏ। ਨਾ ਮੁੜ ਕੇ ਸਬੰਧ ਹੋਣਾ ਹੈ, ਨਾ ਮੁੜ ਕੇ ਮਿਲਣਾ ਹੈ। ਇਕ ਮੋਹ ਦੇ ਵਸ ਹੋਇਆ ਹੋਇਆ ਜੀਵ ਗਧੇ ਵਾਂਗ ਲੱਦਿਆ ਫਿਰਦਾ ਹੈ ਕਿਉਂਕਿ ਉਹ ਪੁੱਤਰਾਂ ਦਾ ਪਿਆਰਾ ਹੈ; ਇਕ ਅਹੁਦਿਆਂ ਦੇ ਪਿਆਰੇ ਨੇ, ਪੈਸੇ ਦੇ ਪਿਆਰੇ ਨੇ, ਬੇਅੰਤ ਕਿਸਮ ਦਾ ਪਿਆਰ ਹੈ, ਕੋਈ ਦੇਹ–ਅਧਿਆਸ, ਸਰੀਰ ਦਾ ਪਿਆਰਾ ਹੈ, ਕੋਈ ਭੋਗਾਂ ਦਾ ਪਿਆਰਾ ਹੈ, ਕੋਈ ਵੈਰ ਦਾ ਹੀ ਪਿਆਰਾ ਹੈ – ਵੈਰ ਪਿਆਰਾ ਲਗਦਾ ਹੈ, ਦੂਸਰਿਆਂ ਨੂੰ ਨੁਕਸਾਨ ਕਰਨਾ ਪਿਆਰਾ ਲਗਦਾ ਹੈ ਪਰ ਇਕ ਉਹ ਨੇ ਜਿਹੜੇ ਪ੍ਰਮੇਸ਼ਰ ਦੇ ਪਿਆਰੇ ਨੇ, ਗੁਰੂ ਦੇ ਪਿਆਰੇ ਨੇ। ਉਨ੍ਹਾਂ ਦੇ ਹਿਰਦੇ ਦੇ ਅੰਦਰ ਕਦੇ ਵੀ ਦੁਜਾਇਗੀ (ਦ੍ਵੈਤ) ਨਹੀਂ ਆਉਂਦੀ –

*ਰਤੇ ਸੇਈ ਜਿ ਮੁਖੁ ਨ ਮੋੜੰਨਿ ਜਿਨੀ ਸਿਞਾਤਾ ਸਾਈ॥*
***ਪੰਨਾ – 1424***

ਉਹ ਪ੍ਰਮੇਸ਼ਰ ਦੇ ਪਿਆਰ ਵਿਚ ਰੰਗੇ ਹੋਏ ਨੇ, ਉਹ ਪਿਛੇ ਨਹੀਂ ਮੁਖ ਮੋੜਦੇ। ਉਹ ਤਾਂ ਹਰ ਵਕਤ –

*ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ॥*
***ਪੰਨਾ – 1096***

ਅੱਗੇ ਨੂੰ ਵਧਦੇ ਨੇ। ਜਿਹੜਾ ਕੱਲ੍ਹ ਨਾਮ ਜਪ ਲਿਆ ਅੱਜ ਓਸ ਤੋਂ ਅੱਗੇ ਚਲਣਾ ਹੈ, ਪਿਛੇ ਨਹੀਂ ਮੁੜਨਾ, ਉਥੇ ਨਹੀਂ ਖੜ੍ਹੇ ਰਹਿਣਾ। ਉਹ ਆਪਣਾ ਸਫਰ ਪੂਰਾ ਕਰਦੇ ਨੇ ਤੇ ਉਨ੍ਹਾਂ ਨੂੰ ਇਕੋ ਲਗਨ ਲਗੀ ਹੋਈ ਹੈ –

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ*
*ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।*

ਸੋ ਜਦੋਂ ਏਸ ਬਿਰਤੀ ਵਾਲੇ ਪੰਜ ਇਕੱਠੇ ਹੋ ਜਾਂਦੇ ਨੇ ਫੇਰ ਉਨ੍ਹਾਂ ਨੂੰ ਪੰਜ ਪਿਆਰੇ ਕਹਿੰਦੇ ਨੇ ਤੇ ਫੇਰ ਬ੍ਰਹਿਮੰਡੀ ਸ਼ਕਤੀ ਉਨ੍ਹਾਂ ਵਿਚ ਪ੍ਰਵੇਸ਼ ਕਰ ਜਾਂਦੀ ਹੈ। ਜਦੋਂ ਉਹ ਬਾਣੀ ਦੇ ਨਾਲ ਜਲ ਨੂੰ ਮੰਤਰਦੇ ਨੇ ਤਾਂ ਓਹਦੇ ਵਿਚ ਬਾਣੀ ਦਾ ਅਸਰ ਪ੍ਰਵੇਸ਼ ਕਰ ਜਾਂਦਾ ਹੈ ਤੇ ਓਸ ਜਲ ਨੂੰ ਜਦੋਂ ਵਿਧੀ ਦੇ ਨਾਲ ਛਕਾਉਂਦੇ ਨੇ, ਉਸ ਦੇ ਨਾਲ ਉਹ ਸ਼ੁਧ ਹੋ ਜਾਂਦਾ ਹੈ ਕਿਉਂਕਿ ਉਹ ਸ਼ਕਤੀ ਦਾ ਜਲ ਹੈ, ਮੰਤਰਿਆ ਹੋਇਆ ਜਲ ਹੈ। ਉਸ ਤੋਂ ਬਾਅਦ ਫੇਰ ਇਹ ਪੰਜੇ ਇਕ ਜ਼ੁਬਾਨ ਹੋ ਕੇ ਨਾਮ ਦਿੰਦੇ ਨੇ।

ਸੋ ਗੁਰੂ ਗ੍ਰੰਥ ਸਾਹਿਬ ਦੀ ਥਾਂ, ਗੁਰੂ ਦਾ ਪ੍ਰਤੀਨਿਧ ਕੰਮ ਕਰ ਰਿਹਾ ਹੁੰਦਾ ਹੈ। ਸੋ ਗੁਰੂ ਤੋਂ ਬਗੈਰ ਨਾਮ ਦੀ ਪ੍ਰਾਪਤੀ ਨਹੀਂ ਹੋਇਆ ਕਰਦੀ –

*ਬਿਨੁ ਸਤਿਗੁਰ ਨਾਉ ਨ ਪਾਈਐ ਬੁਝਹੁ ਕਰਿ ਵੀਚਾਰੁ॥*
*ਨਾਨਕ ਪੂਰੈ ਭਾਗਿ ਸਤਿਗੁਰੁ ਮਿਲੈ ਸੁਖੁ ਪਾਏ ਜੁਗ ਚਾਰਿ॥*
***ਪੰਨਾ – 649***

ਸੋ ਜੋ ਐਸਾ ਗੁਰੂ ਹੈ ਉਸ ਤੋਂ ਬਲਿਹਾਰ ਜਾਂਦੇ ਹਾਂ। ਕੱਚੇ ਗੁਰੂ ਤਾਂ ਬੇਅੰਤ ਨੇ – ਕੋਈ ਕੱਚਾ ਗੁਰੂ ਹੈ, ਕੋਈ ਅੰਨ੍ਹਾਂ ਗੁਰੂ ਹੈ, ਪਖੰਡੀ ਗੁਰੂ ਹੈ, ਵਿਦਵਾਨ ਗੁਰੂ ਹੈ, ਅਵਧੂਤ ਗੁਰੂ ਹੈ। ਸਮਰੱਥ ਗੁਰੂ ਤਾਂ, ਜੇ ਵਾਹਿਗੁਰੂ ਵਲੋਂ ਬੰਦੇ ਦੇ ਮੱਥੇ 'ਚ ਲੇਖ ਲਿਖਿਆ ਹੋਵੇ, ਤਾਂ ਮਿਲਦਾ ਹੈ, ਨਹੀਂ ਤਾਂ ਮਿਲਿਆ ਨਹੀਂ ਕਰਦਾ –

*ਜਿਨ ਮਸਤਕਿ ਧੁਰਿ ਹਰਿ ਲਿਖਿਆ*
*ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ॥* ***ਪੰਨਾ – 450***

ਉਸ ਨੂੰ ਸਤਿਗੁਰੂ ਦਾ ਮਿਲਾਪ ਹੋਏਗਾ ਕਿਉਂਕਿ ਸਤਿਗੁਰੂ ਨੂੰ ਮਿਲਦੇ ਸਾਰ ਕ੍ਰੋੜਾਂ ਜਨਮਾਂ ਦਾ ਇਹ ਭੁਲਿਆ ਹੋਇਆ, ਆਪਣੇ ਘਰ ਨੂੰ ਨਾ ਜਾਂਦਾ ਹੋਇਆ ਜੀਵ ਆਪਣੇ ਘਰ ਨੂੰ ਜਾਣ ਦੀ ਜਾਚ ਸਿਖ ਜਾਏਗਾ –

*ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ॥*
***ਪੰਨਾ – 954***

ਦਸਵਾਂ ਗੁਪਤ ਰੱਖਿਆ ਹੋਇਆ ਹੈ, ਉਸ ਦੇ ਅੱਗੇ ਦਰਵਾਜੇ ਨੇ –

*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥*
***ਪੰਨਾ – 954***

ਐਸਾ ਤਾਲਾ ਲੱਗਿਆ ਹੋਇਆ ਹੈ ਕਿ ਦਰਵਾਜ਼ੇ ਖੁਲ੍ਹਦੇ ਹੀ ਨਹੀਂ –

***ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ॥***

***ਪੰਨਾ – 205***

ਮਾਲਕ ਨੇ ਆਪਣੇ ਘਰ ਨੂੰ ਤਾਲਾ ਲਾ ਕੇ ਉਸਦੀ ਕੁੰਜੀ ਗੁਰੂ ਨੂੰ ਦੇ ਦਿਤੀ। ਫੇਰ ਗੁਰੂ ਕੋਲੋਂ ਕੁੰਜੀ ਮਿਲਦੀ ਹੈ –

***ਬਜਰ ਕਪਾਟ ਨ ਖੁਲਨੀ ....................॥***

***ਪੰਨਾ – 954***

ਐਨੇ ਜ਼ਬਰਦਸਤ ਕਪਾਟ ਲੱਗੇ ਹੋਏ ਹਨ ਜੋ ਖੁਲ੍ਹਦੇ ਹੀ ਨਹੀਂ।

***.................. ਗੁਰ ਸਬਦਿ ਖੁਲੀਜੈ॥***

***ਪੰਨਾ – 954***

ਫੇਰ ਗੁਰੂ ਦੇ ਸ਼ਬਦ ਰੂਪੀ ਕੁੰਜੀ ਜਦੋਂ ਗੁਰੂ ਕੋਲੋਂ ਮਿਲ ਗਈ, ਫੇਰ ਉਹ ਤਾਲਾ ਖੁਲ੍ਹ ਜਾਇਆ ਕਰਦਾ ਹੈ, ਨਹੀਂ ਤਾਂ ਹੋਰ ਕੋਈ ਤਰੀਕਾ ਨਹੀਂ ਹੈ; ਇਸ ਤਰ੍ਹਾਂ ਪੜ੍ਹ ਲਓ –

***ਧਾਰਨਾ – ਔਖੇ ਖੁਲ੍ਹਣੇ ਜੰਗਾਲੇ ਹੋਏ ਜਿੰਦਰੇ,***
***ਬਾਝ ਗੁਰੂ ਪੂਰਿਆਂ ਤੋਂ –2, 2.***
***ਮੇਰੇ ਪਿਆਰੇ, ਬਾਝ ਗੁਰੂ ਪੂਰਿਆਂ ਤੋਂ–2.***
***ਔਖੇ ਖੁਲ੍ਹਣੇ ਜੰਗਾਲੇ ਹੋਏ ਜਿੰਦਰੇ,......–2.***

***ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ॥***

***ਪੰਨਾ – 205***

ਜਦੋਂ ਤੱਕ ਸਤਿਗੁਰੂ ਦੀ ਸ਼ਰਨ ਵਿਚ ਨਹੀਂ ਆਉਂਦਾ, ਇਹ ਤਾਲਾ ਨਹੀਂ ਖੁਲ੍ਹਿਆ ਕਰਦਾ ਭਾਵੇਂ ਲੱਖ ਯਤਨ ਕਰ ਲਵੇ।

ਜੇ ਤਾਂ ਚਾਨਣਾ ਹੋ ਗਿਆ ਫੇਰ ਤਾਂ ਜਨਮ ਮਰਨ ਦੇ ਫੇਰੇ ਮੁਕ ਗਏ; ਜੇ ਨਹੀਂ ਹੋਇਆ ਤਾਂ ਫੇਰ ਆਉਣਾ–ਜਾਣਾ ਤਿਆਰ ਖੜ੍ਹਿਆ ਹੈ ਕਿਉਂਕਿ ਪ੍ਰਕਾਸ਼ ਨਹੀਂ ਅਜੇ ਹੋਇਆ, ਦ੍ਵੈਤ ਨਹੀਂ ਗਈ। ਜੀਵ ਤੇ ਬ੍ਰਹਮ ਦੀ ਏਕਤਾ ਦਾ ਸਵਾਲ ਹੀ ਨਹੀਂ ਅਜੇ ਪੈਦਾ ਹੋਇਆ। ਸੋ ਇਸ ਕਰਕੇ –

***ਬਿਨੁ ਸਬਦੈ ਅੰਤਰਿ ਅਨੇਰਾ॥***
***ਨ ਵਸਤੁ ਲਹੈ ਨ ਚੂਕੈ ਫੇਰਾ॥***
***ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ.....॥***

***ਪੰਨਾ – 124***

ਫੇਰ ਗੁਰੂ ਕਿਥੋਂ ਮਿਲੇ? ਮਹਾਰਾਜ ਕਹਿੰਦੇ –

***.................... ਗੁਰੁ ਪੂਰੈ ਭਾਗਿ ਮਿਲਾਵਣਿਆ॥***

***ਪੰਨਾ – 124***

ਪੂਰੇ ਭਾਗ ਹੋਣ ਤਾਂ ਗੁਰੂ ਮਿਲਦਾ ਹੈ –

***ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ॥***
***ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ॥***

***ਪੰਨਾ – 1237***

ਜਦੋਂ ਪੂਰਾ ਗੁਰੂ ਮਿਲ ਗਿਆ ਫਿਰ –

***ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ॥***
***ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ॥***

***ਪੰਨਾ – 990***

ਉਹ ਨਾਮ ਦੀ ਚਾਬੀ ਦਿੰਦਾ ਹੈ। ਜੇ ਗੁਰੂ ਨਾ ਮਿਲਿਆ ਤਾਂ ਤੂੰ ਪ੍ਰੇਮੀਆਂ! ਆਪਣੇ ਆਪ ਨੂੰ ਭਾਗਾਂ ਵਾਲਾ ਨਾ ਕਹਿ, ਤੇਰੇ ਭਾਗ ਨਹੀਂ ਉਦੈ ਹੋਏ, ਅਜੇ ਤਾਂ ਤੂੰ ਬਹੁਤ ਭਾਗਹੀਣ ਹੈਂ ਕਿਉਂਕਿ ਤੈਨੂੰ ਗੁਰੂ ਦੀ ਪ੍ਰਾਪਤੀ ਨਹੀਂ ਹੋਈ–

***ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ॥***

***ਪੰਨਾ – 463***

ਸੁਚੇਤ ਬਣਿਆ ਫਿਰਦਾ ਹੈਂ। ਕਿਸੇ ਨੂੰ ਗੱਲ ਨਹੀਂ ਆਉਣ ਦਿੰਦਾ, ਅੱਗੇ ਹੋ ਕੇ ਉਚੀ–ਉਚੀ ਗੱਲਾਂ ਕਰਦਾ ਹੈਂ। ਪਹਿਲਾਂ ਤੂੰ ਇਹ ਦੱਸ ਕਿ ਤੈਨੂੰ ਗੁਰੂ ਮਿਲ ਗਿਆ? ਨਹੀਂ ਮਿਲਿਆ ਤਾਂ –

***ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ॥***

***ਪੰਨਾ – 463***

ਕਿਸਾਨ ਬੂਆੜ ਤਿਲ ਨੂੰ ਨਹੀਂ ਵੱਢਿਆ ਕਰਦਾ ਕਿਉਂਕਿ ਉਸ ਦੇ ਕਪੜਿਆਂ ਉਤੇ ਕਾਲਖ ਪੈ ਜਾਂਦੀ ਹੈ; ਉਵੇਂ ਜਿਵੇਂ ਛਡ ਜਾਂਦਾ ਹੈ, ਖੇਤ ਵਿਚ ਇਕੱਲਾ ਹੀ ਖੜ੍ਹਾ ਰਹਿੰਦਾ ਹੈ। ਡੰਗਰ ਚਾਰਨ ਵਾਲੇ ਮੁੰਡੇ ਫੇਰ ਉਨ੍ਹਾਂ ਨੂੰ ਡੰਡੇ ਮਾਰ–ਮਾਰ ਭੰਨਦੇ ਨੇ –

***ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ॥***
***ਫਲੀਅਹ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ॥***

***ਪੰਨਾ – 463***

ਸੋ ਇਸ ਤਰ੍ਹਾਂ ਦੇ ਨਾਲ ਵਿਚਾਰ ਕਰਦੇ ਨੇ। ਭਾਈ ਲਹਿਣਾ ਜੀ ਨੇ ਸਾਰਾ ਸਲੋਕ ਸੁਣਿਆ ਤੇ ਉਸ ਤੋਂ ਬਾਅਦ ਆਪ ਨੇ ਬੜੇ ਹੀ ਪਿਆਰ ਦੇ ਨਾਲ ਪਉੜੀ ਸੁਣਨੀ ਸ਼ੁਰੂ ਕੀਤੀ ਤੇ ਉਸ ਦੇ ਭਾਵ ਨੂੰ ਸਮਝਣ ਦਾ ਯਤਨ ਕੀਤਾ ਕਿ–

***ਆਪੀਨੈ ਆਪੁ ਸਾਜਿਓ ................॥***

***ਪੰਨਾ – 463***

ਹੈਂ! ਆਪਣੇ ਆਪ ਤੋਂ ਆਪੇ ਹੀ ਆਹ ਸੰਸਾਰ ਬਣਾ ਦਿਤਾ। ਅੱਜ ਤੱਕ ਤਾਂ ਇਹ ਸੁਣਦੇ ਆਏ ਸੀ ਕਿ ਮਾਇਆ, ਜੀਵ ਤੇ ਈਸ਼ਵਰ ਤਿੰਨੇ ਅਨਾਦੀ ਤੱਤ ਨੇ ਤੇ ਅੱਜ ਇਹ ਨਵੀਂ ਹੀ ਗੱਲ ਸੁਣੀ ਹੈ ਕਿ ਆਪੇ ਹੀ ਆਪਣੇ–ਆਪ ਤੋਂ ਇਹ ਸੰਸਾਰ ਬਣਾ ਦਿਤਾ। ਸੋ ਵਖਰੀ ਗੱਲ ਸੁਣੀ –

***ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥***

***ਪੰਨਾ – 463***

ਐਸ ਤਰ੍ਹਾਂ ਪੜ੍ਹ ਲਓ –

***ਧਾਰਨਾ – ਨਿਰਗੁਣ ਰੂਪ ਤੋਂ ਸਰਗੁਣ ਰੂਪ ਹੋ ਕੇ,***
***ਆਪੇ ਰਚੀ ਸਾਰੀ ਦੁਨੀਆ –2, 2.***
***ਮੇਰੇ ਪਿਆਰੇ, ਆਪੇ ਰਚੀ ਸਾਰੀ ਦੁਨੀਆਂ –2***
***ਵਾਹਵਾ–ਵਾਹਵਾ ਆਪੇ ਰਚੀ ਸਾਰੀ ਦੁਨੀਆਂ–2***
***ਨਿਰਗੁਣ ਰੂਪ ਤੋਂ ਸਰਗੁਣ ਰੂਪ ਹੋ ਕੇ...–2.***

***ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥***

*ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥*
*ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥*
*ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ॥*
*ਕਰਿ ਆਸਣੁ ਡਿਠੋ ਚਾਉ॥* *ਪੰਨਾ - 463*

*ਤੂੰ ਆਪੇ ਹੀ ਸਿਧ ਸਾਧਿਕੋ ਤੂ ਆਪੇ ਹੀ ਜੁਗ ਜੋਗੀਆ॥*
*ਤੂ ਆਪੇ ਹੀ ਰਸ ਰਸੀਅੜਾ ਤੂ ਆਪੇ ਹੀ ਭੋਗ ਭੋਗੀਆ॥*
*ਤੂ ਆਪੇ ਆਪਿ ਵਰਤਦਾ ਤੂ ਆਪੇ ਕਰਹਿ ਸੁ ਹੋਗੀਆ॥*
*ਪੰਨਾ - 1313*

ਉਨ੍ਹਾਂ ਨੂੰ ਸੋਝੀ ਸੀ, ਸਤਿਸੰਗਾਂ ਵਿਚ ਜਾਂਦੇ ਸੀ। ਇਕ ਦਮ ਗੱਲ ਫੜ ਲਈ ਕਿ ਅੱਜ-ਤੱਕ ਤਾਂ ਅਸੀਂ ਇਹ ਸੁਣਦੇ ਆਏ ਸੀ ਕਿ ਮਾਇਆ ਵੀ ਹੈ, ਜੀਵ ਵੀ ਹੈ, ਤੇ ਈਸ਼ਵਰ ਵੀ ਹੈ ਲੇਕਿਨ ਅੱਜ ਨਵੀਂ ਗੱਲ ਸੁਣੀ ਹੈ ਕਿ ਨਿਰਗੁਣ ਤੋਂ ਸਰਗੁਣ ਹੋ ਕੇ ਆਪੇ ਹੀ ਰਚਨਾ ਕੀਤੀ ਹੈ -

*ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ॥*
*ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ॥*
*ਪੰਨਾ - 537*

ਇਹ ਸਾਰੀ ਸ੍ਰਿਸ਼ਟੀ ਦੇ ਵਿਚ ਹੁੰਦਾ ਹੋਇਆ ਸਾਰਿਆਂ ਤੋਂ ਬਾਹਰ ਹੈ। ਵਿਚ ਵੀ ਰਹਿੰਦਾ ਹੈ ਤੇ ਫੇਰ ਨਿਰਲੇਪ ਵੀ ਹੈ। ਬਹੁਤ ਧਿਆਨ ਦੇ ਨਾਲ ਸੁਣ ਕੇ ਇਸ ਦੇ ਉਤੇ ਆਪ ਵਿਚਾਰ ਕਰਦੇ ਨੇ।

*ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥*
*ਪੰਨਾ - 463*

ਨਾਲੇ ਦੇਖਣ ਲੱਗ ਗਿਆ, ਨਾਲੇ ਆਪਣੀ ਹੀ ਮਾਇਆ ਆਪੇ ਪਸਾਰ ਲਈ - ਆਪਣੇ ਵਿਚੋਂ ਹੀ। ਮਾਇਆ ਵੀ ਹੋਰ ਚੀਜ਼ ਨਹੀਂ ਹੈ ਜੇ ਕੋਈ ਕਹੇ ਕਿ ਵਾਹਿਗੁਰੂ ਤੋਂ ਵੱਖਰੀ ਹੈ; ਇਹ ਵੀ ਉਸੇ ਦਾ ਹੀ ਰੂਪ ਹੈ ਸਾਰਾ, ਲੇਕਿਨ ਇਸ ਦੀ ਵਰਤ-ਵਿਹਾਰ ਹੋਰ ਤਰ੍ਹਾਂ ਦੀ ਹੈ, ਪ੍ਰਮੇਸ਼ਰ ਦੀ ਹੋਰ ਤਰ੍ਹਾਂ ਦੀ ਹੈ। ਪਰ ਆਪ ਫੇਰ ਵੀ ਉਥੇ ਹੀ ਹੈ। ਨਿਰਗੁਣ ਤੋਂ ਆਪ ਨੇ ਏਕੰਕਾਰ ਦਾ ਸਰੂਪ ਧਾਰਿਆ। ਏਕੰਕਾਰ ਤੋਂ ਓਅੰਕਾਰ ਸ਼ਬਦ ਧੁਨ ਪੈਦਾ ਕੀਤੀ। ਸ਼ਬਦ ਧੁਨ ਦੇ ਨਾਲ ਸਾਰੀ ਸ੍ਰਿਸ਼ਟੀ ਵਜੂਦ ਵਿਚ ਆਈ। ਅੱਜ ਸਾਇੰਸ ਕਹਿੰਦੀ ਹੈ ਕਿ ਇਕ Big Bang (ਵੱਡਾ ਧਮਾਕਾ) ਹੋਇਆ। ਉਹ big-bang ਹੋਣ ਦੇ ਨਾਲ ਧੱਕਾ ਪਿਆ। ਕਿਸ ਨੂੰ ਪਿਆ? ਇਹ ਨਹੀਂ ਇਹ ਦੱਸ ਸਕਦੇ ਕਿ ਕਿਸ ਨੂੰ ਧੱਕਾ ਪਿਆ ਕਿਉਂਕਿ ਉਹ seed (ਬੀਜ) ਜਿਹੜਾ ਪ੍ਰਕਿਰਤੀ ਦਾ ਗਿਣਦੇ ਨੇ ਉਹ ਕਹਿੰਦੇ ਐਨਾ ਛੋਟਾ ਹੈ ਕਿ ਜਿਵੇਂ decimal (ਦਸ਼ਮਲਵ) ਲਗਾ ਕੇ 80 Zero (ਸਿਫਰ) ਲਗਾ ਦਿਤੇ ਜਾਣ ਅਤੇ ਫੇਰ 1 (ਇਕ) ਲਿਖ ਦਿਤਾ ਜਾਵੇ। ਇਹ ਤਾਂ ਹੋਇਆ ਹੀ ਨਾ ਕੁਝ ਵੀ, ਦਿਮਾਗ ਵਿਚ ਹੀ ਨਹੀਂ ਆ ਸਕਦਾ -

*ਸੂਛਮ ਤੇ ਸੂਛਮ ਕਰ ਚੀਨੇ ਬ੍ਰਿਧਨ ਬ੍ਰਿਧ ਬਤਾਏ॥*
*ਭੂਮ ਅਕਾਸ ਪਤਾਲ ਸਭੈ ਸਜਿ ਏਕ ਅਨੇਕ ਸਦਾਏ॥*
*ਪਾਤਸ਼ਾਹੀ ੧੦*

ਇਕੋ ਹੀ ਅਨੇਕ ਹੋ ਗਿਆ। ਜਿਨ੍ਹਾਂ ਨੇ ਜਾਣ ਲਿਆ ਉਨ੍ਹਾਂ ਨੂੰ ਭਰਮ ਨਹੀਂ ਪੈਂਦਾ, ਉਹ ਕਹਿੰਦੇ, ਆਪੇ ਹੀ ਬਣਿਆ ਹੋਇਆ ਹੈ ਸਭ ਕੁਝ, ਦੂਜਾ ਨਹੀਂ ਇਥੇ ਕੋਈ ਵੀ ਹੈ -

*ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ॥*
*ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥* *ਪੰਨਾ - 1291*

ਸੋ ਅੱਜ ਤੱਕ ਤਾਂ ਇਹ ਸੁਣਿਆ ਨਹੀਂ ਸੀ ਤੇ ਇਨ੍ਹਾਂ ਨੇ ਇਹ ਦੱਸ ਦ੍ਰਿਤਾ। ਏਕੰਕਾਰ ਇਕ ਨੂੰ ਕਿਹਾ, ਜਦੋਂ ਇਕ-ਓਅੰਕਾਰ (੧ਓ) ਕਿਹਾ ਤਾਂ ਓਅੰਕਾਰ ਸ਼ਬਦ-ਧੁਨ ਹੋਈ। ਉਸ ਸ਼ਬਦ-ਧੁਨ ਦੇ ਨਾਲ ਫੇਰ ਸਾਰੀ ਸ੍ਰਿਸ਼ਟੀ ਵਜੂਦ ਵਿਚ ਆਈ।

ਈਸਾਈ ਧਰਮ ਅਤੇ ਇਸਲਾਮ ਧਰਮ ਦੋ ਗੱਲਾਂ ਕਹਿੰਦੇ ਨੇ ਕਿ When there was no creation, there was logas. (ਜਦੋਂ ਕੋਈ ਸ੍ਰਿਸ਼ਟੀ ਨਹੀਂ ਸੀ, ਇਕ ਸ਼ਬਦ ਸੀ ਉਸ ਵੇਲੇ), ਇਹ ਸ਼ਬਦ ਹੀ ਪ੍ਰਮੇਸ਼ਰ ਹੈ ਕਿਉਂਕਿ ਜਿਥੇ ਤੱਕ ਕੋਈ ਪਹੁੰਚਦਾ ਹੈ ਉਥੇ ਦੀ ਹੀ ਬਾਤ ਕਰਦਾ ਹੈ।

ਗੁਰੂ ਨਾਨਕ ਪਾਤਸ਼ਾਹ ਨੇ ਕਿਹਾ ਕਿ ਇਹ ਸ਼ਬਦ ਬ੍ਰਹਮ ਜੋ ਹੈ, ਇਹ ਵੀ ਪਹਿਲਾਂ ਨਹੀਂ ਸੀ। ਏਕੰਕਾਰ ਅਵਸਥਾ ਦੇ ਅੰਦਰ ਨਿਰੰਕਾਰ ਸਾਕਾਰ ਹੋਇਆ, ਇਸ ਤੋਂ ਪਹਿਲਾਂ ਉਹ ਨਿਰਗੁਣ ਸਰੂਪ ਵਿਚ ਸੀ - ਵਾਹਿਗੁਰੂ। ਉਹ ਕੀ ਕਰਦਾ ਸੀ? ਉਸ ਦੀ ਕਿਰਿਆ ਕਿਵੇਂ ਸੀ? ਇਹ ਗੱਲ ਉਸ ਦੇ ਬਣਾਏ ਹੋਏ ਨਹੀਂ ਦੱਸ ਸਕਦੇ। ਉਹ ਆਪਣੀ ਗਤਿ ਆਪ ਹੀ ਜਾਣਦਾ ਹੈ। ਉਥੇ ਕਿਵੇਂ ਹੁਕਮ ਚਲਦਾ ਸੀ, ਕਿਥੇ ਉਸ ਦਾ ਹੁਕਮ ਰਹਿੰਦਾ ਸੀ, ਕਿਸ ਤਰ੍ਹਾਂ ਦੇ ਨਾਲ ਉਥੇ ਕੋਈ ਸਿਰਜਨਾ ਸੀ ਜਾਂ ਨਹੀਂ ਸੀ, ਕੌਣ ਸੀ, ਭਗਤ ਕਿਥੇ ਸੀ, ਸੰਤ ਕਿਥੇ ਸੀ -

*ਨਾਨਕ ਕਥਨਾ ਕਰੜਾ ਸਾਰੁ॥* *ਪੰਨਾ - 8*

ਇਸ ਦੇ ਬਾਰੇ ਕੋਈ ਗੱਲ ਕਹਿਣ-ਸੁਣਨ ਵਾਲੀ ਨਹੀਂ ਹੋਇਆ ਕਰਦੀ, ਬੜੀ ਡੂੰਘੀ ਗੱਲ ਹੈ - ਪਹਿਲੀ ਪਉੜੀ ਦੇ ਅੰਦਰ। ਅਸੀਂ ਤਾਂ ਗਾ ਕੇ ਉਪਰੋਂ ਦੀ ਲੰਘ ਜਾਂਦੇ ਹਾਂ, ਪਤਾ ਨਹੀਂ ਲਗਦਾ ਲੇਕਿਨ ਇਥੋਂ ਹੀ ਆਦਮੀ ਵਿਚ ਇਨਕਲਾਬ ਆ ਜਾਂਦਾ ਹੈ, ਕਾਂਟਾ ਮੁੜ ਜਾਂਦਾ ਹੈ - ਇਹੋ ਪਉੜੀ ਪੜ੍ਹਦੇ-ਸੁਣਦੇ ਸਾਰ, ਕਿ ਹੈਂ! ਆਹ ਗੱਲ ਕੀ ਹੋਈ?

*ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥*
*ਦਾਤਾ ਕਰਤਾ ਆਪਿ ਤੂੰ* ..................*॥*
*ਪੰਨਾ - 463*

ਨਾਲੇ ਬਣਾਉਣ ਵਾਲਾ ਹੈ, ਨਾਲੇ ਦਾਤਾ ਹੈ -

................ *ਤੁਸਿ ਦੇਵਹਿ ਕਰਹਿ ਪਸਾਉ॥*
*ਪੰਨਾ - 463*

ਪ੍ਰਸੰਨ ਹੋ ਕੇ ਨਾਲੇ ਦੇਈ ਜਾਂਦਾ ਹੈ, ਨਾਲੇ ਪਸਾਰਾ ਕਰੀ ਜਾਂਦਾ ਹੈ।

*ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ॥*
*ਪੰਨਾ - 463*

ਸਭ ਦੇ ਅੰਦਰਲੀਆਂ ਗੱਲਾਂ ਤੂੰ ਜਾਣਦਾ ਹੈਂ। ਕਿਸੇ ਦੀ ਗੱਲ ਨਹੀਂ ਤੈਨੂੰ ਐਸ ਵੇਲੇ ਭੁਲੀ ਹੋਈ। ਜਿੰਦ ਲੈਂਦਾ ਵੀ ਹੈਂ

ਤੇ ਵਾਪਸ ਵੀ ਕਰ ਦਿੰਦਾ ਹੈਂ -

*ਕਰਿ ਆਸਣੁ ਡਿਠੋ ਚਾਉ॥* *ਪੰਨਾ - 463*

ਸੋ ਅੱਗੇ ਮਹਾਰਾਜ ਕਹਿੰਦੇ ਨੇ ਕਿ -

*ਤੂੰ ਆਪੇ ਹੀ ਸਿਧ ਸਾਧਿਕੋ ਤੂ ਆਪੇ ਹੀ ਜੁਗ ਜੋਗੀਆ॥*
*ਪੰਨਾ - 1313*

ਇਹ ਉਪਰਲੀ ਗੱਲ ਕਹਿ ਦਿਤੀ ਕਿ ਹੇ ਪ੍ਰਭੂ! ਸਾਧਨਾ ਕਰਨ ਵਾਲਾ ਵੀ ਤੂੰ ਹੀ ਹੈਂ; ਸਿਧ ਵੀ ਤੂੰ ਹੀ ਹੈਂ, ਜੁਗ-ਜੋਗੀਆ ਵੀ ਤੂੰ ਹੈਂ -

*ਤੂ ਆਪੇ ਹੀ ਰਸ ਰਸੀਅੜਾ .......॥ ਪੰਨਾ - 1313*

ਸਾਰੇ ਰਸ ਮਾਨਣ ਵਾਲਾ ਵੀ ਤੂੰ ਹੈਂ -

*................. ਤੂ ਆਪੇ ਹੀ ਭੋਗ ਭੋਗੀਆ॥*
*ਤੂ ਆਪੇ ਆਪਿ ਵਰਤਦਾ ਤੂ ਆਪੇ ਕਰਹਿ ਸੁ ਹੋਗੀਆ॥*
*ਪੰਨਾ - 1313*

*ਆਪੇ ਜਲੁ ਆਪੇ ਥਲੁ ਥੰਮਨੁ ਆਪੇ ਕੀਆ ਘਟਿ ਘਟਿ ਬਾਸਾ॥*
*ਪੰਨਾ - 1403*

ਆਪੇ ਹੀ ਜਲ ਹੈ, ਆਪੇ ਹੀ ਅਕਾਸ਼ ਹੈ, ਆਪੇ ਹੀ ਪਉਣ ਹੈ, ਆਪੇ ਹੀ ਪਾਣੀ ਹੈ। ਆਪੇ ਹੀ ਸਾਰਿਆਂ ਦੇ ਵਿਚ ਵਸਿਆ ਹੋਇਆ ਹੈ, ਨਾਲੇ ਫੇਰ ਨਿਰਲੇਪ ਹੈ। ਹੁਣ ਕੋਈ ਵਿਰਲਾ ਹੀ ਸਮਝਦਾ ਹੈ - ਇਸ ਗੱਲ ਨੂੰ, ਨਹੀਂ ਤਾਂ ਫੜ ਨਹੀਂ ਹੁੰਦੀ ਦਿਮਾਗ ਤੋਂ। ਸਾਡੇ ਸਰੀਰ ਦੇ ਅੰਦਰ 2 ਅਰਬ, 15 ਖਰਬ ਸੈਲ ਹਨ। ਪੜ੍ਹੇ ਲਿਖੇ ਬੰਦੇ ਇਸ ਨੂੰ ਸਮਝ ਜਾਣਗੇ ਤੇ ਉਨ੍ਹਾਂ ਸੈਲਾਂ ਦਾ ਜੇ ਲੱਖ-ਲੱਖ ਟੁਕੜਾ ਹੋਰ ਕਰ ਦਿਓ, ਕਰੋੜ-ਕਰੋੜ ਨਿਕਾ-ਨਿਕਾ ਟੁਕੜਾ ਹੋ ਜਾਵੇ, ਉਸ ਦੇ ਵਿਚ ਵੀ ਉਹ ਆਪ ਹੈ। ਜੇ ਉਸ ਤੋਂ ਵੀ ਸੂਖਮ ਕਰ ਦੇਈਏ, ਉਸ ਦੇ ਵਿਚ ਵੀ ਹੈ। ਫੇਰ ਤਾਂ ਉਹ ਓਤ-ਪੋਤ ਰਵਿਆ ਹੋਇਆ ਹੈ ਜਿਸਨੂੰ ਕਿਤੇ ਅੱਡ ਕੀਤਾ ਹੀ ਨਹੀਂ ਜਾ ਸਕਦਾ-

*ਜਿਮੀ ਜਮਾਨ ਕੇ ਬਿਖੇ ਸਮੱਸਤ ਏਕ ਜੋਤ ਹੈ॥*
*ਨ ਘਾਟ ਹੈ ਨ ਬਾਢ ਹੈ ਬਾਢ ਘਾਟ ਹੋਤ ਹੈ॥*
*ਅਕਾਲ ਉਸਤਤਿ*

*ਆਪੇ ਨਰੁ ਆਪੇ ਫੁਨਿ ਨਾਰੀ ਆਪੇ ਸਾਰਿ ਆਪ ਹੀ ਪਾਸਾ॥*
*ਪੰਨਾ - 1403*

ਤੇ ਦੂਸਰੀ ਬਾਤ ਮਹਾਰਾਜ ਹੋਰ ਸਪਸ਼ਟ ਕਰਕੇ ਸਮਝਾਉਂਦੇ ਨੇ ਕਿ -

*ਜਲ ਤੇ ਤਰੰਗ .................॥ ਪੰਨਾ - 1252*

ਜਲ ਤੋਂ ਲਹਿਰ ਬਣਦੀ ਹੈ -

*........ ਤਰੰਗ ਤੇ ਹੈ ਜਲੁ ਕਹਨ ਸੁਨਨ ਕਉ ਦੂਜਾ॥*
*ਪੰਨਾ - 1252*

ਜਦੋਂ ਤਰੰਗ ਆ ਕੇ ਕੰਢੇ ਲਗਦੀ ਹੈ, ਸਮੁੰਦਰ ਕੰਢੇ ਜਿਹੜੇ ਗਏ ਨੇ, ਉਨ੍ਹਾਂ ਨੇ ਦੇਖਿਆ ਹੈ ਕਿ ਕਿਵੇਂ ਲਹਿਰਾਂ ਆ ਕੇ ਕੰਢੇ ਨਾਲ ਲਗਦੀਆਂ ਹਨ, ਫੇਰ ਉਹ ਲਹਿਰ ਤਾਂ ਰਹਿੰਦੀ ਨਹੀਂ, ਉਹ ਪਾਣੀ ਹੀ ਬਣ ਜਾਂਦੀ ਹੈ। ਮਹਾਰਾਜ ਵੱਡੀ ਗੱਲ ਕਹਿ ਗਏ ਕਿ ਨਿਰੰਕਾਰ ਤੋਂ ਇਹ ਸ੍ਰਿਸ਼ਟੀ ਹੋਈ ਹੈ, ਇਸ ਸ੍ਰਿਸ਼ਟੀ ਤੋਂ ਫੇਰ ਨਿਰੰਕਾਰ ਹੈ। ਕਹਿਣ-ਸੁਣਨ ਨੂੰ ਇਹ ਇਕ ਵਿਚਾਲੇ-ਵਿਚਾਲੇ ਗੱਲ ਬਣ ਗਈ - ਦੂਜੀ, ਲੇਕਿਨ ਅਸਲੀਅਤ ਇਹ ਹੈ ਕਿ -

*ਆਪਹਿ ਗਾਵੈ ਆਪਹਿ ਨਾਚੈ ਆਪਿ ਬਜਾਵੈ ਤੂਰਾ॥*
*ਕਹਤ ਨਾਮਦੇਉ ਤੂੰ ਮੇਰੋ ਠਾਕੁਰੁ ਜਨੁ ਊਰਾ ਤੂੰ ਪੂਰਾ॥*
*ਪੰਨਾ - 1252*

ਫਰਕ ਐਨਾ ਹੀ ਹੈ। ਜਦੋਂ ਮੈਂ ਆਪਣੇ-ਆਪ ਨੂੰ ਤੈਥੋਂ ਵੱਖਰਾ ਕਰਦਾ ਹਾਂ ਤਾਂ ਮੈਂ 'ਜਨ' ਬਣ ਜਾਂਦਾ ਹਾਂ, ਮੈਂ 'ਊਰਾ' (ਅਧੂਰਾ) ਹੋ ਜਾਂਦਾ ਹਾਂ ਤੇ ਤੂੰ ਸਦਾ ਹੀ ਪੂਰਾ ਰਹਿੰਦਾ ਹੈਂ। ਜਦੋਂ ਮੈਂ ਤੇਰੇ ਵਿਚ ਲੀਨ ਹੋ ਜਾਂਦਾ ਹਾਂ, ਫੇਰ ਤੂੰ ਪੂਰਾ ਹੀ ਪੂਰਾ ਰਹਿ ਜਾਂਦਾ ਹੈਂ, ਮੇਰਾ ਵਜੂਦ ਹੀ ਨਹੀਂ ਰਹਿੰਦਾ -

*ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ॥*
*ਅਨਲ ਅਗਮ ਜੈਸੇ ਲਹਰਿ ਮਇ ਓਦਧਿ ਜਲ ਕੇਵਲ ਜਲ ਮਾਹੀਂ॥*
*ਪੰਨਾ - 657*

ਸੋ ਇਸ ਤਰ੍ਹਾਂ -

*ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ॥*
*ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ॥*
*ਪੰਨਾ - 290*

*ਨਿਰਗੁਨੁ ਆਪਿ ਸਰਗੁਨੁ ਭੀ ਓਹੀ॥*
*ਕਲਾ ਧਾਰਿ ਜਿਨਿ ਸਗਲੀ ਮੋਹੀ॥* *ਪੰਨਾ - 287*

ਸਰਗੁਣ ਵੀ ਉਹ ਆਪ ਹੀ ਹੈ - ਜਿੰਨਾਂ ਕੁਝ ਦਿਸਦਾ ਹੈ, ਨਿਰਗੁਣ ਵੀ ਉਹ ਆਪ ਹੀ ਹੈ।

*ਆਪੇ ਸੂਰੁ ਕਿਰਣਿ ਬਿਸਥਾਰੁ॥*
*ਸੋਈ ਗੁਪਤੁ ਸੋਈ ਆਕਾਰੁ॥* *ਪੰਨਾ - 387*

ਸੋ ਇਹ ਗੱਲ ਜਦੋਂ ਆਪ ਨੇ ਸੁਣੀ, ਕਿਉਂਕਿ ਪੜ੍ਹੇ-ਲਿਖੇ ਸੀ, ਸਤਿਸੰਗ 'ਚ ਜਾਇਆ ਕਰਦੇ ਸੀ, ਬਹੁਤ ਧਿਆਨ ਨਾਲ ਆਪ ਨੇ ਸਮਝੀ ਜੋ ਇਸ ਤਰ੍ਹਾਂ ਸੀ -

*ਧਾਰਨਾ - ਨਿਰਗੁਣ ਰੂਪ ਤੋਂ ਸਰਗੁਣ ਰੂਪ ਹੋ ਕੇ,*
*ਆਪੇ ਰਚੀ ਸਾਰੀ ਦੁਨੀਆਂ -2, 2.*
*ਮੇਰੇ ਪਿਆਰੇ ਆਪੇ ਰਚੀ ਸਾਰੀ ਦੁਨੀਆਂ-2,*
*ਨਿਰਗੁਣ ਰੂਪ ਤੋਂ ਸਰਗੁਣ ਰੂਪ ਹੋ ਕੇ...-2*

*ਗੁਰ ਪਰਮੇਸਰੁ ਜਾਣੀਐ ਸਚੇ ਸਚਾ ਨਾਉ ਧਰਾਇਆ॥*
*ਨਿਰੰਕਾਰੁ ਆਕਾਰੁ ਹੋਇ ਏਕੰਕਾਰੁ ਅਪਾਰੁ ਸਦਾਇਆ॥*
*ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰੁ ਬਣਾਇਆ॥*
*ਇਕਦੂ ਹੋਏ ਤਿਨਿ ਦੇਵ ਤਿਹੁ ਮਿਲਿ ਦਸ ਅਵਤਾਰ ਗਣਾਇਆ॥*
*ਆਦਿ ਪੁਰਖੁ ਆਦੇਸੁ ਹੈ ਓਹੁ ਵੇਖੈ ਓਨਾ ਨਦਰਿ ਨ ਆਇਆ।*
*ਸੇਖ ਨਾਗੁ ਸਿਮਰਣੁ ਕਰੈ ਨਾਵਾਂ ਅੰਤੁ ਬਿਅੰਤੁ ਨ ਪਾਇਆ।*
*ਗੁਰਮੁਖਿ ਸਚਾ ਨਾਉ ਮਨਿ ਭਾਇਆ॥*
*ਭਾਈ ਗੁਰਦਾਸ ਜੀ, ਵਾਰ 26/2*

ਇਸ ਪਉੜੀ ਦਾ ਭਾਈ ਗੁਰਦਾਸ ਜੀ ਨੇ ਬਹੁਤ ਖੋਲ੍ਹ ਕੇ ਟੀਕਾ ਕੀਤਾ ਹੈ ਜਿਨ੍ਹਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਹੋਣ ਦਾ ਮਾਣ ਹੈ। ਅਸੀਂ ਰੋਜ਼ ਪੜ੍ਹਦੇ ਹਾਂ -

*ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥*
*ਪੰਨਾ - 463*

ਪੜ੍ਹਨ ਨਾਲ ਤਾਂ ਗੱਲ ਨਹੀਂ ਬਣਨੀ -

*ਪੜਿਐ ਨਾਹੀ ਭੇਦੁ ਬੁਝਿਐ ਪਾਵਣਾ॥ ਪੰਨਾ - 148*

ਗੱਲ ਬੁੱਝੋ, ਬੁੱਝ ਕੇ ਅੰਦਰ ਵਸਾਓ, ਸਫਰ ਖਤਮ ਹੋ ਜਾਂਦਾ ਹੈ। ਜਿਵੇਂ ਰਾਕਟ ਤੇ ਸਵਾਰ ਹੋ ਕੇ ਆਦਮੀ ਛੇਤੀਂ ਸਫਰ ਮੁਕਾ ਲੈਂਦਾ ਹੈ, ਇਸੇ ਤਰ੍ਹਾਂ ਬਾਣੀ ਦੇ ਅਭਿਆਸ ਦੇ ਨਾਲ ਇਸ ਨੂੰ ਪ੍ਰਪੱਕ ਕਰਕੇ ਬਹੁਤ ਲੰਮਾ ਸਫਰ ਸਕਿੰਟਾਂ ਵਿਚ ਮੁਕਣ ਵਾਲਾ ਹੋ ਜਾਂਦਾ ਹੈ। ਸੋ ਆਪ ਕਹਿੰਦੇ ਨੇ -

*ਗੁਰ ਪਰਮੇਸਰੁ ਜਾਣੀਐ ਸਚੇ ਸਚਾ ਨਾਉ ਧਰਾਇਆ॥*
*ਭਾਈ ਗੁਰਦਾਸ ਜੀ, ਵਾਰ 26/2*

ਨਿਰੰਕਾਰ ਤੋਂ ਆਕਾਰ ਹੋ ਕੇ, ਕੀ ਨਾਉਂ ਪਿਆ? ਉਸ ਵੇਲੇ ਏਕੰਕਾਰ ਸਰਗੁਣ ਬ੍ਰਹਮ ਹੋਇਆ। ਏਕੰਕਾਰ ਬ੍ਰਹਮ ਤੋਂ -

*ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰੁ ਬਣਾਇਆ॥*
*ਭਾਈ ਗੁਰਦਾਸ ਜੀ, ਵਾਰ 26/2*

ਉਹ ਧੁਨ ਜਿਸ ਦਾ ਬਾਰ-ਬਾਰ ਜਿਕਰ ਕੀਤਾ ਜਾਂਦਾ ਹੈ।

*ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ*
*ਗੁਰਮੁਖਿ ਅਕਥ ਕਹਾਨੀ॥ ਪੰਨਾ - 879*

ਉਹੀ ਧੁਨ ਮਾਤਾ ਦੇ ਪੇਟ ਦੇ ਅੰਦਰ ਬੱਚੇ ਦੇ ਕੰਨਾਂ ਵਿਚ ਪ੍ਰਵੇਸ਼ ਕੀਤੀ ਹੋਈ ਇਸ ਨੂੰ ਜੀਉਂਦਾ ਰੱਖ ਰਹੀ ਸੀ। ਉਸੇ ਧੁਨ ਨੂੰ ਅਸੀਂ ਨਾਮ ਕਹਿੰਦੇ ਹਾਂ, ਸ਼ਬਦ ਬ੍ਰਹਮ ਕਿਹਾ ਜਾਂਦਾ ਹੈ। ਉਹ ਜੋ ਨਾਮ ਹੈ -

*ਨਾਮ ਕੇ ਧਾਰੇ ਸਗਲੇ ਜੰਤ॥*
*ਨਾਮ ਕੇ ਧਾਰੇ ਖੰਡ ਬ੍ਰਹਮੰਡ॥ ਪੰਨਾ - 284*

ਇਸ ਧੁਨ ਨੇ ਹੀ ਸਾਰੇ ਅਕਾਰ ਪੈਦਾ ਕੀਤੇ। ਇਹ ਧੁਨ ਅਵਾਜ਼ ਹੈ। ਕਿਹੋ ਜਿਹੀ ਹੈ? ਕੋਈ ਨਹੀਂ ਦੱਸ ਸਕਦਾ। ਨਾ ਇਹ ਨਾਮ ਲਿਖਣ ਵਿਚ ਆਉਂਦਾ ਹੈ, ਨਾ ਇਹ ਵਿਆਖਿਆ ਕਰਨ ਵਿਚ ਆਉਂਦਾ ਹੈ। ਇਹ ਤਾਂ ਕੇਵਲ ਅਨੁਭਵ ਕਰਨ ਵਿਚ ਆਉਂਦਾ ਹੈ। ਜਿਨ੍ਹਾਂ ਦੇ ਅੰਦਰ ਇਸ ਨਾਮ ਦਾ ਜ਼ਹੂਰ ਪ੍ਰਗਟ ਹੋ ਗਿਆ, ਉਹ ਜਾਣਦੇ ਨੇ ਕਿ ਨਾਮ ਕੀ ਹੈ। ਸੋ -

*ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰੁ ਬਣਾਇਆ॥*
*ਭਾਈ ਗੁਰਦਾਸ ਜੀ, ਵਾਰ 26/2*

ਓਅੰਕਾਰ ਕਹਾ ਕੇ ਜਿੰਨੇ ਆਕਾਰ ਨੇ, ਜਿੰਨੀਆਂ ਸ੍ਰਿਸ਼ਟੀਆਂ ਨੇ, ਉਹ ਸਾਰੀਆਂ ਸ਼ਬਦ ਤੋਂ ਪੈਦਾ ਹੋਈਆਂ ਹੋਈਆਂ ਹਨ।

*ਇਕਦੂ ਹੋਏ ਤਿਨਿ ਦੇਵ ਤਿਹੁ ਮਿਲਿ ਦਸ ਅਵਤਾਰ ਗਣਾਇਆ॥*
*ਭਾਈ ਗੁਰਦਾਸ ਜੀ, ਵਾਰ 26/2*

ਤਿੰਨ ਸ਼ਕਤੀਆਂ ਪਹਿਲਾਂ ਪੈਦਾ ਹੋਈਆਂ -

*ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ॥*
*ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ॥*
*ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ॥*
*ਪੰਨਾ - 7*

ਤਿੰਨੇ ਹੀ ਇਕ ਦਮ ਬਣਾ ਦਿਤੇ। ਬਹੁਤ ਨਾਉਂ ਨੇ- ਕੋਈ electron, proton, nutron ਕਹਿੰਦਾ ਹੈ, ਅਸੀਂ ਸ਼ਿਵ ਜੀ, ਬ੍ਰਹਮਾ, ਮਹੇਸ਼ ਕਹਿੰਦੇ ਹਾਂ। ਤਿੰਨ ਧਾਰਾਂ ਬਣਾ ਦਿੱਤੀਆਂ ਤੇ ਉਹ ਚੇਤਨ ਧਾਰਾਂ ਨੇ, ਪ੍ਰਾਕਿਰਤੀ ਦੀਆਂ ਧਾਰਾਂ ਨੇ, ਇਹ ਜੜ੍ਹ ਨੇ, ਇਹ ਅੰਨ੍ਹੀਆਂ ਨੇ, ਇਨ੍ਹਾਂ ਨੂੰ ਨਹੀਂ ਪਤਾ। ਲੇਕਿਨ ਜੋ ਚੇਤਨ ਨੇ, ਉਨ੍ਹਾਂ ਤਿੰਨਾਂ ਨੂੰ ਪਤਾ ਹੈ। ਵੱਡੀ ਬਾਤ ਇਹ ਹੈ ਕਿ -

*......ਤਿਹੁ ਮਿਲਿ ਦਸ ਅਵਤਾਰ ਗਣਾਇਆ॥*
*ਆਦਿ ਪੁਰਖੁ ਆਦੇਸੁ ਹੈ...................॥*
*ਭਾਈ ਗੁਰਦਾਸ ਜੀ, ਵਾਰ 26/2*

ਦੇਸ਼ ਕਾਲ ਵਸਤੂ ਤੋਂ ਰਹਿਤ ਹੋ ਕੇ -

*ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ॥*
*ਪੰਨਾ - 7*

ਹੁਣ ਇਨ੍ਹਾਂ ਨੂੰ ਨਦਰ ਨਹੀਂ ਆਉਂਦਾ। ਬ੍ਰਹਮਾ ਨੂੰ ਭੁਲੇਖਾ ਪਿਆ ਸੀ ਕਿ ਮੈਨੂੰ ਪੈਦਾ ਕਰਨ ਵਾਲਾ ਜੇ ਕੋਈ ਹੈ ਤਾਂ ਬੋਲੇ। ਮੈਂ ਇਕੱਲਾ ਹੀ ਹਾਂ, ਆਪੇ ਆਪ ਹਾਂ, ਆਪਣੇ-ਆਪਣੇ ਤੋਂ ਆਪੇ ਹੀ ਹਾਂ। ਅਕਾਸ਼ਬਾਣੀ ਹੋਈ ਕਿ ਨਹੀਂ ਬ੍ਰਹਮਾ! ਤੂੰ ਆਪਣੇ-ਆਪ ਤੋਂ ਨਹੀਂ ਹੈਂ, ਤੈਨੂੰ ਪੈਦਾ ਕਰਨ ਵਾਲਾ ਮੈਂ ਹਾਂ।

ਕਹਿੰਦਾ, "ਕਿਥੋਂ ਕਰਿਆ ਹੈ?"

ਕਹਿੰਦੇ, "ਕਮਲ ਦੀ ਨਾਲ ਵਿਚੋਂ ਕਰਿਆ ਹੈ।"

ਲੱਤ ਮਾਰੀ ਉਸ ਦੇ ਉਤੇ।

ਕਹਿੰਦਾ, "ਇਸ ਦੇ ਵਿਚੋਂ ਮੇਰਾ ਜਨਮ ਹੋਇਆ ਹੈ? ਇਹ ਕੀ ਚੀਜ਼ ਹੈ?" ਉਹ ਵਿਚ ਹੀ ਚਲਿਆ ਗਿਆ। ਮਹਾਰਾਜ ਕਹਿੰਦੇ 36 ਜੁਗ ਘੁੰਮਦਾ ਰਿਹਾ। 4 ਜੁਗਾਂ ਦੇ ਤਰਤਾਲੀ ਲੱਖ ਵੀਹ ਹਜ਼ਾਰ ਸਾਲ ਹੁੰਦੇ ਨੇ; 9 ਨਾਲ ਗੁਣਾ ਕਰ ਲਓ। ਸੋ ਐਨੇ ਜੁਗ ਕਰੋੜਾਂ ਸਾਲ, ਕੋਈ 3 ਕਰੋੜ 88 ਲੱਖ ਸਾਲ ਤੋਂ ਉਤੇ ਉਸ ਨਾਲ ਵਿਚ ਘੁੰਮਦਾ-ਘੁੰਮਦਾ ਜਦੋਂ ਪ੍ਰੇਸ਼ਾਨ ਹੋ ਗਿਆ ਫੇਰ ਅਵਾਜ਼ ਦਿਤੀ ਕਿ ਹੇ ਪ੍ਰਭੂ! ਮੈਨੂੰ ਇਥੋਂ ਕੱਢ। ਤੂੰ ਕੌਣ ਹੈਂ, ਇਸਦੇ ਬਾਰੇ ਦੱਸ।

ਉਸ ਵੇਲੇ ਅਨੁਭਵ ਆਇਆ, ਵੇਦਾਂ ਦਾ ਗਿਆਨ ਹੋਇਆ। ਮਹਾਂਪੁਰਸ਼ਾਂ ਨੂੰ ਸਾਰੇ ਗਿਆਨ ਉਪਰੋਂ ਆਉਂਦੇ ਨੇ -

*ਜੈਸੀ ਮੈ ਆਵੈ ਖਸਮ ਕੀ ਬਾਣੀ*
*ਤੈਸੜਾ ਕਰੀ ਗਿਆਨੁ ਵੇ ਲਾਲੋ॥ ਪੰਨਾ - 722*

*ਹਉ ਆਪਹੁ ਬੋਲਿ ਨ ਜਾਣਦਾ*
*ਮੈ ਕਹਿਆ ਸਭੁ ਹੁਕਮਾਉ ਜੀਉ॥ ਪੰਨਾ - 763*

ਸੋ -

*ਆਦਿ ਪੁਰਖੁ ਆਦੇਸੁ ਹੈ ਓਹੁ ਵੇਖੈ ਓਨਾ ਨਦਰਿ ਨ ਆਇਆ॥*
*ਸੇਖ ਨਾਗੁ ਸਿਮਰਣੁ ਕਰੈ ਨਾਵਾਂ ਅੰਤੁ ਬਿਅੰਤੁ ਨ ਪਾਇਆ॥*
*ਗੁਰਮੁਖਿ ਸਚਾ ਨਾਉ ਮਨਿ ਭਾਇਆ॥*
*ਭਾਈ ਗੁਰਦਾਸ ਜੀ, ਵਾਰ 26/2*

ਜਿਹੜਾ ਸੱਚਾ ਨਾਮ ਸੀ ਇਹ ਗੁਰੂ ਦੇ ਰਾਹੀਂ ਮਨ ਦੇ

ਵਿਚ ਭਾਅ ਗਿਆ। ਇਸ ਨਾਮ ਨੇ ਫੇਰ ਅਗਿਆਨ ਕੱਟ ਦਿਤਾ। ਹੁਣ ਇਥੇ ਸਾਨੂੰ ਨਾਮ ਦਾ ਨਹੀਂ ਪਤਾ ਲਗਦਾ, ਅਸੀਂ ਉਲਝ ਜਾਂਦੇ ਹਾਂ - ਸ਼ਬਦ ਬਾਰੇ, ਨਾਮ ਬਾਰੇ, ਗੁਰਮੰਤ੍ਰ ਬਾਰੇ। ਗੁਰਮੰਤਰ ਨੂੰ ਹੀ ਅਸੀਂ ਕਹਿੰਦੇ ਹਾਂ ਕਿ ਸਾਨੂੰ ਨਾਮ ਮਿਲ ਗਿਆ। ਨਾਮ ਤਾਂ ਬਹੁਤ ਦੂਰ ਹੈ, ਨਾਮ ਤਾਂ ਜੇ ਮਿਲ ਜਾਵੇ-

***ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ***
***ਜੋ ਹਰਿ ਹਿਰਦੈ ਸਦਾ ਵਸਾਇ॥ ਪੰਨਾ - 649***

ਜਦੋਂ ਨਾਮ ਹਿਰਦੇ ਵਿਚ ਵਸ ਗਿਆ, ਫੇਰ ਰਿਧੀਆਂ-ਸਿਧੀਆਂ ਮਿੰਨਤਾਂ ਕਰਦੀਆਂ ਫਿਰਦੀਆਂ ਹਨ। ਸੋ ਭਾਈ ਗੁਰਦਾਸ ਜੀ ਵਿਸਥਾਰ ਦੇ ਨਾਲ ਦਸਦੇ ਨੇ ਕਿ ਓਅੰਕਾਰ ਹੋ ਕੇ -

***ਅੰਬਰੁ ਧਰਤਿ ਵਿਛੋੜਿਅਨੁ ਕੁਦਰਤਿ ਕਰਿ ਕਰਤਾਰ ਕਹਾਇਆ।।***
***ਭਾਈ ਗੁਰਦਾਸ ਜੀ, ਵਾਰ 26/3***

ਜਿਹੜੇ ਤਾਰੇ-ਸਿਤਾਰੇ ਨੇ, ਇਹ ਆਕਾਸ਼ ਵਿਚ ਟਿਕਾ ਦਿਤੇ ਤੇ ਥੰਮ੍ਹ ਕੋਈ ਨਹੀਂ ਹੈ - ਇਨ੍ਹਾਂ ਦੇ ਅਤੇ ਧਰਤੀ ਦੇ ਵਿਚਾਲੇ -

***ਧਰਤੀ ਅੰਦਰਿ ਪਾਣੀਐ ਵਿਣੁ ਥੰਮਾਂ ਆਗਾਸ ਰਹਾਇਆ॥***
***ਭਾਈ ਗੁਰਦਾਸ ਜੀ, ਵਾਰ 26/3***

ਸਾਰੇ gravity (ਗੁਰੂਤਾ ਸ਼ਕਤੀ) ਨਾਲ ਬੰਨ੍ਹ ਦਿਤੇ। ਘੁੰਮਦੇ ਫਿਰਦੇ ਨੇ, ਘੁੰਮੀ ਜਾਂਦੇ ਨੇ, ਕਦੇ ਕੋਈ ਖੜ੍ਹਦਾ ਹੀ ਨਹੀਂ।

***ਇੰਨਣ ਅੰਦਰਿ ਅਗਿ ਧਰਿ ਅਹਿਨਿਸ ਸੂਰਜੁ ਚੰਦੁ ਉਪਾਇਆ॥***
***ਭਾਈ ਗੁਰਦਾਸ ਜੀ, ਵਾਰ 26/3***

ਜਿਹੜੇ ਦਰਖਤ ਨੇ, ਇਨ੍ਹਾਂ ਦੇ ਅੰਦਰ ਅੱਗ ਰੱਖ ਦਿਤੀ ਪ੍ਰਮੇਸ਼ਰ ਨੇ। ਸੂਰਜ ਤੇ ਚੰਦ ਕਰ ਦਿਤੇ, ਦਿਨ ਤੇ ਰਾਤ ਬਣਾ ਦਿਤੇ।

***ਛਿਅ ਰੁਤਿ ਬਾਰਹਮਾਹ ਕਰਿ ਖਾਣੀ ਬਾਣੀ ਚਲਤੁ ਰਚਾਇਆ॥***
***ਭਾਈ ਗੁਰਦਾਸ ਜੀ, ਵਾਰ 26/3***

ਚਾਰ ਖਾਣੀਆਂ, ਚਾਰ ਬਾਣੀਆਂ ਬਣਾ ਦਿਤੀਆਂ; ਬੈਖਰੀ ਬਾਣੀ, ਮਧਮਾ, ਪਸੰਤੀ ਤੇ ਪਰਾ ਬਾਣੀ ਬਣਾ ਦਿੱਤੀਆਂ। ਓਧਰ ਅੰਡਜ, ਜੇਰਜ, ਸੇਤਜ, ਉਤਭੁਜ - ਚਾਰ ਖਾਣੀਆਂ ਬਣਾ ਦਿਤੀਆਂ। ਇਨ੍ਹਾਂ ਸਾਰੀਆਂ 84 ਲੱਖ ਜੂਨੀਆਂ ਦੇ ਵਿਚੋਂ ਮਨੁੱਖ ਦਾ ਜਨਮ ਦੁਰਲੱਭ ਹੋ ਗਿਆ।

***ਮਾਣਸ ਜਨਮੁ ਦੁਲੰਭੁ ਹੈ ਸਫਲੁ ਜਨਮੁ ਗੁਰੁ ਪੂਰਾ ਪਾਇਆ॥***
***ਭਾਈ ਗੁਰਦਾਸ ਜੀ, ਵਾਰ 26/3***

ਜਨਮ ਸਫਲ ਤਾਂ ਹੁੰਦਾ ਹੈ ਜੇ ਗੁਰੂ ਪੂਰਾ ਮਿਲ ਜਾਵੇ, ਨਹੀਂ ਤਾਂ ਮਹਾਰਾਜ ਕਹਿੰਦੇ ਸੰਸਾਰ ਤੇ ਆਉਣ ਦਾ ਕੋਈ ਫਾਇਦਾ ਨਹੀਂ ਹੈ।

***ਧਾਰਨਾ - ਕਾਹਨੂੰ ਜੰਮਣਾ ਸੀ,***
***ਭਗਤੀ ਤੋਂ ਹੀਣਿਆਂ ਓਏ -2, 2.***

***ਜਿਨੀ ਐਸਾ ਹਰਿ ਨਾਮੁ ਨ ਚੇਤਿਓ***
***ਸੇ ਕਾਹੇ ਜਗਿ ਆਏ ਰਾਮ ਰਾਜੇ॥***
***ਇਹੁ ਮਾਣਸ ਜਨਮੁ ਦੁਲੰਭੁ ਹੈ***
***ਨਾਮ ਬਿਨਾ ਬਿਰਥਾ ਸਭੁ ਜਾਏ॥ ਪੰਨਾ - 450***

ਨਾਮ ਤੋਂ ਬਿਨਾਂ ਇਹ ਬਿਰਥਾ ਚਲਿਆ ਜਾਂਦਾ ਹੈ।

***ਮਾਨਸ ਜਨਮ ਦੁਲੰਭੁ ਗੁਰਮੁਖਿ ਪਾਇਆ॥***
***ਮਨੁ ਤਨੁ ਹੋਇ ਚੁਲੰਭੁ ਸਤਿਗੁਰ ਭਾਇਆ॥***
***ਚਲੈ ਜਨਮੁ ਸਵਾਰਿ ਵਖਰੁ ਸਚੁ ਲੈ॥***
***ਪਤਿ ਪਾਏ ਦਰਬਾਰਿ ਸਤਿਗੁਰ ਸਬਦਿ ਭੈ॥***
***ਮਨਿ ਤਨਿ ਸਚੁ ਸਲਾਹਿ ਸਾਚੇ ਮਨਿ ਭਾਇਆ॥***
***ਲਾਲਿ ਰਤਾ ਮਨੁ ਮਾਨਿਆ ਗੁਰੁ ਪੂਰਾ ਪਾਇਆ॥***
***ਪੰਨਾ - 751***

ਜੇ ਤਾਂ ਪੂਰਾ ਗੁਰੂ ਮਿਲ ਗਿਆ ਫੇਰ ਤਾਂ ਇਹ ਜਨਮ ਸਫਲ ਹੋ ਗਿਆ, ਨਹੀਂ ਤਾਂ ਇਹ ਖਤਮ ਹੈ।

***ਸਾਧ ਸੰਗਤਿ ਮਿਲਿ ਸਹਿਜ ਸਮਾਇਆ॥***
***ਭਾਈ ਗੁਰਦਾਸ ਜੀ, ਵਾਰ 26/2***

ਫੇਰ ਸੰਤਾਂ ਦੀ ਸੰਗਤ ਮਿਲ ਜਾਏ, ਪੂਰੇ ਸਾਧਨਾ ਸੰਪੰਨ ਵਿਅਕਤੀ ਦੀ ਸੰਗਤ ਮਿਲ ਜਾਏ, ਫੇਰ ਉਸ ਦੇ ਨਾਲ ਇਹ ਸਹਿਜ ਦੇ ਵਿਚ ਸਮਾ ਜਾਇਆ ਕਰਦਾ ਹੈ।

ਸੋ ਇਸ ਤਰ੍ਹਾਂ ਇਸ ਨਿਸ਼ਚੇ ਦੇ ਨਾਲ ਆਪ ਨੇ ਇਹ ਧਾਰਨ ਕਰ ਲਿਆ ਕਿ ਇਹ ਸਾਰੀ ਸ੍ਰਿਸ਼ਟੀ ਵਾਹਿਗੁਰੂ ਜੀ ਨੇ ਬਣਾਈ ਹੈ। ਆਪਾਂ ਸੋਚ ਕੇ ਦੇਖ ਲਓ, ਕਿਤੇ ਦੀ ਕਿਤੇ ਬਿਰਤੀ ਚਲੀ ਜਾਏਗੀ। ਅਸੀਂ ਸੋਚਦੇ ਨਹੀਂ ਹਾਂ, ਇਸੇ ਕਰਕੇ ਓਥੇ ਖੜ੍ਹੇ ਰਹਿੰਦੇ ਹਾਂ, ਤਾਂ ਹੀ ਨਹੀਂ ਲੰਘ ਰਹੇ। ਬੱਸ ਇਕੋ ਹੀ ਰਹਿੰਦਾ ਹੈ ਕਿ ਮੈਂ ਬਿਮਾਰ ਹਾਂ, ਮੈਨੂੰ ਦੁਖ ਹੈ, ਮੇਰਾ ਕੰਮ ਨਹੀਂ ਹੋਇਆ, ਮੇਰੇ ਧੀ ਨਹੀਂ ਹੈ, ਮੇਰੇ ਮੁੰਡਾ ਨਹੀਂ ਹੈ; ਸਾਰਾ ਦਿਨ ਸਾਰਾ ਸੰਸਾਰ ਰੋਂਦਾ ਫਿਰਦਾ ਹੈ -

***ਬਾਲੀ ਰੋਵੈ ਨਾਹਿ ਭਤਾਰੁ॥***
***ਨਾਨਕ ਦੁਖੀਆ ਸਭੁ ਸੰਸਾਰੁ॥***
***ਮੰਨੇ ਨਾਉ ਸੋਈ ਜਿਣਿ ਜਾਇ॥ ਪੰਨਾ - 954***

ਜੇ ਮੰਨ ਲਓ ਇਸ ਨਾਮ ਨੂੰ, ਤਾਂ ਹੁਣੇ ਜਿੱਤ ਜਾਓਗੇ, ਰੋਣੇ-ਧੋਣੇ ਸਾਰੇ ਖਤਮ ਹੋ ਜਾਂਦੇ ਨੇ, ਕੋਈ ਨਹੀਂ ਰਹਿੰਦਾ।

***ਮੰਨੇ ਨਾਉ ਸੋਈ ਜਿਣਿ ਜਾਇ॥***
***ਅਉਰੀ ਕਰਮ ਨ ਲੇਖੈ ਲਾਇ॥ ਪੰਨਾ - 954***

ਬਾਕੀ ਜ਼ੋਰ ਲਾ-ਲਾ ਕੇ, ਪੈਸੇ ਕਮਾ ਕੇ ਦੇਖ ਲਓ, ਕੋਠੀਆਂ ਪਾ ਕੇ ਦੇਖ ਲਓ, ਵੱਡੇ-ਵੱਡੇ ਕਰੋੜਾਂ ਏਕੜਾਂ ਦੇ ਫਾਰਮ ਬਣਾ ਲਉ, ਰਾਜ ਕਰਕੇ ਦੇਖ ਲਓ - ਮਹਾਰਾਜ ਕਹਿੰਦੇ, ਇਹ ਤਾਂ ਕੁਝ ਵੀ ਨਹੀਂ ਹੈ, ਇਹ ਤੂੰ ਗਲਤ ਗੱਲਾਂ ਕਰ ਰਿਹਾ ਹੈਂ। ਤੂੰ ਕੀ ਸਮਝਦਾ ਹੈਂ ਕਿ ਤੂੰ ਇਥੇ ਰਹਿਣਾ ਹੈ? ਪ੍ਰੇਮੀਆਂ! ਤੂੰ ਤਾਂ ਇਥੋਂ ਚਲੇ ਜਾਣਾ ਹੈ -

***ਕਹਾ ਬਿਸਾਸਾ ਇਸ ਭਾਂਡੇ ਕਾ ਇਤਨਕੁ ਲਾਗੈ ਠਨਕਾ॥***
***ਪੰਨਾ - 1253***

ਮਾੜ੍ਹਾ ਜਿਹਾ ਠਣਕਾ ਲੱਗਿਆ, ਉਸੇ ਵੇਲੇ ਸਭ ਕੁਝ ਖਤਮ ਹੋ ਜਾਂਦਾ ਹੈ, ਸਕੀਮਾਂ ਬਣਾਉਂਦਾ ਹੀ ਰਹਿ ਜਾਂਦਾ ਹੈ,

ਪ੍ਰੇਮੀਆਂ! ਅਸਲੀ ਕੰਮ ਕਰ ਜਿਸ ਦੇ ਵਾਸਤੇ ਆਇਆ ਹੈਂ। ਸੋ ਸਮਝਣ ਦਾ ਯਤਨ ਕਰ, ਪ੍ਰੇਮੀਆਂ! ਇਹ ਸ੍ਰਿਸ਼ਟੀ ਵਾਹਿਗੁਰੂ ਨੇ ਰਚੀ ਹੈ। ਲਹਿਣਾ ਜੀ ਨੇ ਇਹ ਬਾਤ ਸਮਝ ਲਈ। ਭਾਈ ਗੁਰਦਾਸ ਜੀ ਹੋਰ ਅੱਗੇ ਇਸ ਤੋਂ ਵੀ ਜ਼ਿਆਦਾ ਸਮਝਾਉਂਦੇ ਨੇ। ਕਈ ਪ੍ਰੇਮੀਆਂ ਦੇ ਮਨਾਂ ਵਿਚ ਸ਼ੰਕਾ ਉਠਦਾ ਹੈ ਕਿ ਜੇ ਵਾਹਿਗੁਰੂ ਹੀ ਹੈ, ਫੇਰ ਆਹ ਰੌਲਾ ਗੌਲਾ ਕਿਉਂ ਪੈਂਦਾ ਹੈ? ਇਹ ਮਾੜੇ ਬੰਦੇ ਕਿਉਂ ਨੇ? ਜਾਂ ਫਿਰ ਵਾਹਿਗੁਰੂ ਐਨਾ ਮਾੜਾ ਹੋ ਗਿਆ, ਐਨਾ ਗਲਤ ਹੋ ਗਿਆ? ਇਹ ਵੀ ਗੱਲ ਸਮਝ ਲਓ। ਵਾਹਿਗੁਰੂ ਜੀ ਤਾਂ ਸਾਰਿਆਂ ਨੂੰ ਸੱਤ੍ਹਾ ਦੇ ਰਹੇ ਨੇ, ਸਾਰਿਆਂ ਦੇ ਅੰਦਰ-ਬਾਹਰ ਐਨੇ ਓਤ-ਪੋਤ ਨੇ ਕਿ ਕਿਤੇ ਅੱਡ ਨਹੀਂ ਹੁੰਦੇ ਲੇਕਿਨ ਇਸ ਪ੍ਰਾਕਿਰਤੀ ਦੇ ਵਿਚ ਤਿੰਨ ਗੁਣ ਬਣੇ ਹੋਏ ਨੇ - ਇਕ ਰਜੋ ਗੁਣ, ਇਕ ਤਮੋ ਗੁਣ ਤੇ ਇਕ ਸਤੋ ਗੁਣ ਹੈ। ਇਨ੍ਹਾਂ ਦੇ ਨਾਲ ਸਾਡੇ ਸੁਭਾਅ ਬਣੇ ਹੋਏ ਨੇ, ਸੁਭਾਵਾਂ ਵਿਚ ਸਾਡੇ ਕਰਮ ਰਲੇ ਹੋਏ ਨੇ - ਕਰੋੜਾਂ ਜਨਮਾਂ ਦੇ। ਉਨ੍ਹਾਂ ਕਰਮਾਂ ਦੇ ਹਿਸਾਬ ਨਾਲ ਇੰਜਣ ਚਲੀ ਜਾਂਦਾ ਹੈ। 'ਸ੍ਵਾਂਤੀ ਬੂੰਦ' ਨੂੰ ਸਾਰੇ 'ਨਿਰਮਲ ਬੂੰਦ' ਕਹਿੰਦੇ ਨੇ। ਬੂੰਦ ਤਾਂ ਓਹੀ ਨਿਰਮਲ ਹੈ ਪਰ ਵੱਖਰੇ-ਵੱਖਰੇ ਥਾਵਾਂ ਤੇ ਅਸਰ ਵੱਖਰਾ-ਵੱਖਰਾ ਹੈ -

***ਸਮਸਰਿ ਵਰਸੈ ਸ੍ਵਾਂਤ ਬੂੰਦ ਜਿਉ ਸਭਨੀ ਥਾਈ॥***
***ਜਲ ਅੰਦਰਿ ਜਲੁ ਹੋਇ ਮਿਲੈ ਧਰਤੀ ਬਹੁ ਭਾਈ॥***

***ਭਾਈ ਗੁਰਦਾਸ ਜੀ, ਵਾਰ 2/5***

ਜਲ ਦੇ ਅੰਦਰ ਜਲ ਬਣ ਜਾਂਦੀ ਹੈ, ਧਰਤੀ ਤੇ ਡਿੱਗ ਕੇ ਧਰਤੀ ਨਾਲ ਰਲ ਜਾਂਦੀ ਹੈ।

***ਕਿਰਖ ਬਿਰਖ ਰਸ ਕਸ ਘਣੇ ਫਲੁ ਫੁਲੁ ਸੁਹਾਈ॥***

***ਭਾਈ ਗੁਰਦਾਸ ਜੀ, ਵਾਰ 2/5***

ਜੇ ਫਲਾਂ ਦੇ ਉਤੇ ਪੈਂਦੀ ਹੈ ਤਾਂ ਉਨ੍ਹਾਂ ਦੇ ਵਿਚ ਰਸ ਵਧ ਜਾਇਆ ਕਰਦਾ ਹੈ।

***ਕੇਲੇ ਵਿਚਿ ਕਪੂਰੁ ਹੋਇ ਸੀਤਲੁ ਸੁਖਦਾਈ॥***

***ਭਾਈ ਗੁਰਦਾਸ ਜੀ, ਵਾਰ 2/5***

ਜੇ ਕੇਲੇ ਵਿਚ ਗਿਰ ਜਾਵੇ ਤਾਂ ਕਪੂਰ ਜੋ ਮਿਲਦਾ ਨਹੀਂ ਕਿਤੇ ਵੀ, ਉਹ ਕਪੂਰ ਬਣ ਜਾਇਆ ਕਰਦੀ ਹੈ।

***ਮੋਤੀ ਹੋਵੈ ਸਿਪ ਮੁਹਿ ਬਹੁ ਮੋਲ ਮੁਲਾਈ॥***

***ਭਾਈ ਗੁਰਦਾਸ ਜੀ, ਵਾਰ 2/5***

ਜੇ ਸਿੱਪੀ ਦੇ ਮੂੰਹ ਵਿਚ ਗਿਰ ਜਾਏ ਤਾਂ ਮੋਤੀ ਹੋ ਜਾਂਦੀ ਹੈ। ਬੜਾ ਵੱਡਾ ਮੁੱਲ ਹੁੰਦਾ ਹੈ। ਜੇ ਕਿਤੇ ਸਪ ਦੇ ਮੂੰਹ ਵਿਚ ਗਿਰ ਜਾਵੇ ਫੇਰ ਇਹ ਜ਼ਹਿਰ ਬਣ ਜਾਂਦੀ ਹੈ ਤੇ ਫੇਰ ਉਹ ਸੱਪ ਫਰਾਂਟੇ ਮਾਰਦਾ ਫਿਰਦਾ ਹੈ -

***ਬਿਸੀਅਰ ਦੇ ਮੁਹਿ ਕਾਲਕੂਟ ਚਿਤਵੈ ਬੁਰਿਆਈ॥***

***ਭਾਈ ਗੁਰਦਾਸ ਜੀ, ਵਾਰ 2/5***

ਫੇਰ ਉਹ ਬੁਰਿਆਈ, ਡੰਗ ਮਾਰਨ ਨੂੰ ਚਿਤਵਦਾ ਹੈ।

***ਆਪੇ ਆਪਿ ਵਰਤਦਾ ਸਤਿਸੰਗਿ ਸੁਭਾਈ॥***

***ਭਾਈ ਗੁਰਦਾਸ ਜੀ, ਵਾਰ 2/5***

ਜਿਵੇਂ ਸੂਰਜ ਸਾਰੇ ਭਾਂਡਿਆਂ ਦੇ ਅੰਦਰ ਵਰਤਦਾ ਹੈ, ਅਨੇਕਾਂ ਬਰਤਨ ਪਾਣੀ ਦੇ ਭਰੇ ਹੋਏ ਨੇ, ਹਰੇਕ ਦੇ ਵਿਚ ਉਸ ਦਾ ਅਕਸ (ਪ੍ਰਤਿਬਿੰਬ) ਹੈ। ਸਾਰੇ ਪਦਾਰਥਾਂ ਤੇ ਚਮਕਦਾ ਹੈ ਪਰ ਜੇ ਸ਼ੀਸ਼ਾ ਰੱਖ ਦਿਓ ਤਾਂ ਸ਼ੀਸ਼ੇ ਤੇ ਬਹੁਤਾ ਚਮਕਦਾ ਹੈ। ਜਲ ਦੇ ਅੰਦਰ ਪ੍ਰਕਾਸ਼ਦਾ ਹੈ। ਇਸੇ ਤਰ੍ਹਾਂ ਦੇ ਨਾਲ ਜਿਸ ਦਾ ਅੰਤਸ਼ਕਰਣ ਸ਼ੁਧ ਹੈ, ਜਿਸ ਦੇ ਮਲ, ਵਿਖਸ਼ੇਪ ਤੇ ਆਵਰਨ ਤਿੰਨ ਦੋਸ਼ ਦੂਰ ਹੋ ਗਏ, ਉਥੇ ਵਾਹਿਗੁਰੂ ਪੂਰੇ ਬਲ ਨਾਲ ਪ੍ਰਕਾਸ਼ਦਾ ਹੈ। ਚਾਨਣੇ ਦਾ ਕੋਈ ਕਸੂਰ ਨਹੀਂ, ਚਾਨਣੇ ਦੇ ਵਿਚ ਨੇਕ ਬੰਦੇ ਨੇਕ ਕੰਮ ਕਰਦੇ ਨੇ; ਚਾਨਣਾ ਘਟ ਹੋਵੇ ਤਾਂ ਚੋਰ ਚੋਰੀ ਕਰਦੇ ਨੇ, ਚਾਨਣੇ ਦੇ ਵਿਚ ਹੀ ਕਤਲ ਹੁੰਦੇ ਨੇ, ਚਾਨਣੇ ਦੇ ਵਿਚ ਹੀ ਮਾੜੇ ਲੋਕ ਮਾੜੇ ਕੰਮ ਕਰਦੇ ਨੇ, ਬਲੈਕ ਕਰਦੇ ਨੇ, ਧੋਖੇ ਕਰਦੇ ਨੇ, ਰਿਸ਼ਵਤਾਂ ਲੈਂਦੇ ਨੇ; ਚਾਨਣੇ ਦਾ ਕੋਈ ਕਸੂਰ ਨਹੀਂ, ਚਾਨਣੇ ਨੇ ਤਾਂ ਰੋਸ਼ਨੀ ਦੇਣੀ ਸੀ। ਸੋ ਇਸ ਤਰ੍ਹਾਂ ਦੇ ਨਾਲ ਸੰਗਤ ਦਾ ਦੋਸ਼ ਹੈ। ਵਾਹਿਗੁਰੂ ਤਾਂ ਸਾਰੀ ਸ੍ਰਿਸ਼ਟੀ ਵਿਚ ਵਰਤਦਾ ਹੈ -

***ਧਾਰਨਾ - ਆਪੇ ਹੀ ਵਰਤਦਾ,***
***ਆਪਣੀ ਰਚਨਾ ਅੰਦਰ -2, 2.***
***ਆਪਣੀ ਰਚਨਾ ਅੰਦਰ -2, 2.***
***ਆਪੇ ਹੀ ਵਰਤਦਾ........-2, 2.***

***ਆਪੇ ਭੁਖਾ ਹੋਇਕੈ ਆਪਿ ਜਾਇ ਰਸੋਈ।***
***ਭੋਜਨ ਆਪਿ ਬਣਾਇਦਾ ਰਸ ਵਿਚਿ ਰਸ ਗੋਈ।***
***ਆਪੇ ਖਾਇ ਸਲਾਹਿਕੈ ਹੋਇ ਤ੍ਰਿਪਤਿ ਸਮੋਈ।***
***ਆਪੇ ਰਸੀਆ, ਆਪਿ ਰਸ, ਰਸੁ ਰਸਨਾ ਭੋਈ।***
***ਦਾਤਾ ਭੁਗਤਾ ਆਪਿ ਹੈ, ਸਰਬੰਗ ਸਮੋਈ।***
***ਆਪੇ ਆਪਿ ਵਰਤਦਾ ਗੁਰਮੁਖਿ ਸੁਖੁ ਹੋਈ।।***

***ਭਾਈ ਗੁਰਦਾਸ ਜੀ, ਵਾਰ 2/3***

ਜਿਨ੍ਹਾਂ ਨੇ ਬੰਦਗੀ ਕਰਕੇ ਮਲ, ਵਿਖਸ਼ੇਪ ਤੇ ਆਵਰਨ ਤਿੰਨ ਦੋਸ਼ ਖਤਮ ਕਰ ਦਿਤੇ, ਜਿਵੇਂ ਅੱਖਾਂ ਵਿਚੋਂ ਮੋਤੀਆ ਹਟ ਜਾਂਦਾ ਹੈ, ਇਸ ਤਰ੍ਹਾਂ ਉਨ੍ਹਾਂ ਨੂੰ ਸਾਰੀ ਸ੍ਰਿਸ਼ਟੀ ਵਿਚ ਵਾਹਿਗੁਰੂ ਹੀ ਨਜ਼ਰੀ ਪੈਂਦਾ ਹੈ ਕਿਉਂਕਿ ਅੰਦਰ ਪ੍ਰਕਾਸ਼ ਹੋ ਗਿਆ, ਗੁਰੂ ਨੇ ਹਨ੍ਹੇਰਾ ਦੂਰ ਕਰ ਦਿਤਾ -

***ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥***
***ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥***

***ਪੰਨਾ - 293***

ਨਾਮਦੇਵ ਜੀ ਪ੍ਰਸ਼ਾਦੇ ਲਾਹ ਰਹੇ ਨੇ। ਪ੍ਰਸ਼ਾਦੇ ਲਾਹ ਕੇ ਰੱਖ ਦਿਤੇ ਤੇ ਕੋਠੀ ਦੇ ਅੰਦਰ ਘਿਓ ਰੱਖਿਆ ਹੋਇਆ ਸੀ, ਆਪ ਘਿਓ ਲੈਣ ਵਾਸਤੇ ਜਾਂਦੇ ਨੇ, ਜਦੋਂ ਘਿਓ ਕੱਢ ਕੇ ਪਿਛੇ ਮੁੜ ਕੇ ਦੇਖਿਆ ਤਾਂ ਇਕ ਕੁੱਤਾ ਇਕ ਦਮ ਆਇਆ ਤੇ ਪੋਣੇ ਸਣੇ ਰੋਟੀਆਂ ਚੁਕ ਕੇ ਭੱਜ ਗਿਆ। ਉਸ ਵੇਲੇ ਨਾਮਦੇਵ ਜੀ ਐਸੇ ਬ੍ਰਹਮ ਭਾਵ ਵਿਚ ਸਨ -

***ਆਪੇ ਭੁਖਾ ਹੋਇਕੈ ਆਪਿ ਜਾਇ ਰਸੋਈ।***

***ਭਾਈ ਗੁਰਦਾਸ ਜੀ, ਵਾਰ 2/3***

ਉਸਦੇ ਪਿਛੇ ਹੀ ਦੌੜਦੇ ਨੇ, ਆਵਾਜ਼ਾਂ ਦਿੰਦੇ ਜਾਂਦੇ ਨੇ- ਪ੍ਰਭੂ! ਰੁਖੜੀ ਨਾ ਖਾਇਓ। ਇਕ ਤਾਂ ਪਖੰਡ ਨਾਲ ਕਹਿੰਦਾ ਹੈ, ਉਸ ਦੇ ਤਾਂ ਕੁਝ ਵੀ ਨਹੀਂ ਪੱਲੇ ਪੈਂਦਾ। ਨਾਮਦੇਵ ਨੂੰ

ਤਾਂ ਸਚਮੁਚ ਨਜ਼ਰ ਆਉਂਦਾ ਸੀ ਕਿ ਇਥੇ ਦੂਜਾ ਹੈ ਹੀ ਨਹੀਂ, ਆਪ ਹੀ ਆਪ ਹੈ। 3-4 ਮੀਲ ਦੌੜੇ ਹੀ ਚਲੇ ਗਏ; ਇਕੋ ਹੀ ਅਵਾਜ਼ ਹੈ ਕਿ ਪ੍ਰਭੂ! ਰੁਖੜੀ ਨਾ ਖਾਇਓ, ਮੈਥੋਂ ਭੁਲ ਹੋ ਗਈ, ਮੈਂ ਰੋਟੀ ਨਾਲ ਦੀ ਨਾਲ ਨਾ ਚੋਪੜੀ। ਉਥੇ ਹੀ ਕੁੱਤਾ ਠਹਿਰ ਗਿਆ, ਰੋਟੀ ਰੱਖ ਦਿਤੀ। ਆਪ ਰੋਟੀ ਚੋਪੜੀ ਜਾਂਦੇ ਨੇ ਤੇ ਕਪੜੇ ਤੇ ਰੱਖੀ ਜਾਂਦੇ ਨੇ। ਜਦੋਂ ਆਪ ਨੇ ਉਪਰ ਨੂੰ ਦੇਖਿਆ ਤਾਂ ਕੀ ਦੇਖਦੇ ਨੇ ਕਿ ਪ੍ਰਭੂ ਬੈਠੇ ਨੇ ਸਾਹਮਣੇ, ਮੁਸਕਰਾ ਰਹੇ ਨੇ।

ਕਹਿੰਦੇ, "ਨਾਮਦੇਵ! ਤੂੰ ਮੈਨੂੰ ਕੁੱਤੇ ਵਿਚ ਵੀ ਪਛਾਣ ਲਿਆ?"

ਕਹਿੰਦੇ, "ਪ੍ਰਭੂ! ਤੁਸੀਂ ਇਹ ਦਸੋ ਕਿ ਤੁਸੀਂ ਕਿਥੇ ਨਹੀਂ ਹੋ? ਤੁਸੀਂ ਤਾਂ ਹਰ ਥਾਂ ਤੇ ਹੋ।"

***ਆਪੇ ਭੁਖਾ ਹੋਇਕੈ ਆਪਿ ਜਾਇ ਰਸੋਈ।***
***ਭੋਜਨ ਆਪਿ ਬਣਾਇਦਾ ਰਸ ਵਿਚਿ ਰਸ ਗੋਈ।***
***ਆਪੇ ਖਾਇ ਸਲਾਹਿਕੈ ਹੋਇ ਤ੍ਰਿਪਤਿ ਸਮੋਈ।***
***ਆਪੇ ਰਸੀਆ, ਆਪਿ ਰਸ, ਰਸੁ ਰਸਨਾ ਭੋਈ।***
***ਦਾਤਾ ਭੁਗਤਾ ਆਪਿ ਹੈ, ਸਰਬੰਗ ਸਮੋਈ।***
***ਆਪੇ ਆਪਿ ਵਰਤਦਾ ਗੁਰਮੁਖਿ ਸੁਖੁ ਹੋਈ।***
***ਭਾਈ ਗੁਰਦਾਸ ਜੀ, ਵਾਰ 2/3***

ਸੋ ਕਹਿਣ ਲੱਗੇ, "ਹੇ ਪ੍ਰਭੂ! ਉਹ ਕੋਈ ਥਾਂ ਹੈ ਜਿਥੇ ਆਪ ਨਹੀਂ ਹੋ?" ਤੇ ਉਸ ਵੇਲੇ ਆਪ ਦੇ ਅਨੁਭਵ ਵਿਚੋਂ ਇਹ ਸ਼ਬਦ ਉਚਾਰਨ ਹੋਇਆ -

***ਧਾਰਨਾ - ਰਾਮ ਬੋਲੇ, ਰਾਮ ਬੋਲੇ, ਰਾਮ ਬੋਲਦੈ,***
***ਸਾਰੀਆਂ ਘਟਾਂ ਦੇ ਵਿਚ ਰਾਮ ਬੋਲਦੈ-2, 2.***
***ਸਭੈ ਘਟ ਰਾਮੁ ਬੋਲੈ ਰਾਮਾ ਬੋਲੈ ਰਾਮ ਬਿਨਾ ਕੋ ਬੋਲੈ ਰੇ॥***
***ਏਕਲ ਮਾਟੀ ਕੁੰਚਰ ਚੀਟੀ ਭਾਜਨ ਹੈਂ ਬਹੁ ਨਾਨਾ ਰੇ॥***
***ਪੰਨਾ - 988***

ਜਿੰਨਾ ਕੁਝ ਵੀ ਹੈ ਮਿੱਟੀ ਦਾ ਬਣਿਆ ਹੋਇਆ - ਭਾਵੇਂ ਹਾਥੀ ਹੈ, ਚਾਹੇ ਚੀਂਟੀ (ਕੀੜੀ) ਹੈ, ਸਾਰਿਆਂ ਦੇ ਵਿਚ ਇਕੋ ਹੀ ਪ੍ਰਮੇਸ਼ਰ ਸਮਾਇਆ ਹੋਇਆ ਹੈ। ਸਾਧ-ਸੰਗਤ ਜੀ! ਇਹ ਗੱਲ ਕਹਿਣੀ ਬਹੁਤ ਸੁਖਾਲੀ ਹੈ। ਕਈ ਬੰਦੇ ਦੇਖਾ-ਦੇਖੀ ਸੁਣ ਕੇ ਗੱਲ ਕਹਿਣ ਲੱਗ ਜਾਂਦੇ ਨੇ ਲੇਕਿਨ ਇਹ ਔਖੀ ਬਹੁਤ ਹੈ। ਜਿੰਨੀ ਸੁਖਾਲੀ ਮੂੰਹ ਵਿਚੋਂ ਕਹਿਣੀ ਹੈ, ਓਨੀ ਹੀ ਕਮਾਉਣੀ ਔਖੀ ਹੈ। ਇਕ ਮਿਸਾਲ ਦੇ ਨਾਲ ਗੱਲ ਸਮਝ ਆ ਜਾਏਗੀ।

ਇਕ ਸੰਤ ਸਾਡੇ ਕੋਲ ਰਹਿੰਦੇ ਸੀ। ਕੈਮਰੀ ਸਥਾਨ ਹੈ ਉਥੇ - ਯੂ.ਪੀ. ਦੇ ਵਿਚ, ਜਿਥੇ ਸਾਡਾ ਫਾਰਮ ਸੀ, ਉਥੋਂ ਕੋਈ 4-5 ਮੀਲ ਤੇ ਸੀ, ਉਨ੍ਹਾਂ ਦੇ ਪਾਸ ਡਾਕੂ ਆ ਗਏ। ਡਾਕੂਆਂ ਨੇ ਉਨ੍ਹਾਂ ਨੂੰ ਬਹੁਤ ਮਾਰਿਆ। ਕਦੇ-ਕਦੇ ਉਨ੍ਹਾਂ ਦਾ ਸੇਵਾਦਾਰ ਧਾਨ ਲੈਣ, ਕਣਕ ਲੈਣ ਆਇਆ ਕਰਦਾ ਸੀ। ਮੈਨੂੰ ਉਨ੍ਹਾਂ ਨੇ ਕਹਿਣਾ ਕਿ ਤੁਸੀਂ ਕਦੇ ਆਇਓ। ਕੋਲ ਹੀ ਰਹਿੰਦੇ ਸੀ ਪਰ ਕਦੇ ਦਰਸ਼ਨ ਨਹੀਂ ਸੀ ਕਰੇ। ਤੇ ਪਤਾ ਲੱਗਿਆ ਕਿ ਡਾਕੂ ਆ ਗਏ ਉਨ੍ਹਾਂ ਕੋਲ, ਡਾਕੂਆਂ ਨੇ ਬਹੁਤ ਮਾਰਿਆ - ਮਹਾਂਪੁਰਸ਼ਾਂ ਨੂੰ। ਖਬਰ ਲੈਣ ਮੈਂ ਚਲਿਆ ਗਿਆ।

ਮੈਂ ਕਿਹਾ, "ਮਹਾਂਪੁਰਸ਼ੋ! ਕਿਵੇਂ ਹੋਈ?"

ਕਹਿੰਦੇ, "ਭਗਵਾਨ ਆ ਗਏ ਥੇ।"

ਮੈਂ ਕਿਹਾ, "ਰੂਪ ਕਿਹੋ-ਜਿਹਾ ਸੀ?"

ਕਹਿੰਦੇ, "ਆਪ ਜਿਸ ਕੋ ਡਾਕੂ ਬੋਲਤੇ ਥੇ ਵੋ ਰੂਪ ਥਾ। ਵੋ ਕੁਛ ਕ੍ਰੂਰ ਰੂਪ ਮੇਂ ਥੇ। ਉਨਹੋਂਨੇ ਹਮ ਸੇ ਆ ਕਰ ਪੂਛਾ, ਸੰਤ ਜੀ! ਦੇ ਦੋ ਜੋ ਕੁਛ ਹੈ। ਹਮ ਨੇ ਕਹਾ ਭਗਵਾਨ! ਯੇ ਸ਼ਰੀਰ ਭੀ ਆਪ ਕਾ ਹੈ, ਸਵਾਸ ਭੀ ਆਪ ਕੇ ਹੈਂ। ਜੋ ਕੁਛ ਹੈ ਸਭ ਆਪ ਹੀ ਕਾ ਹੈ। ਆਪ ਦੇਖ ਲੋ, ਆਪ ਕੀ ਜੋ ਇਛਾ ਹੈ ਵੋ ਲੇ ਲੋ। ਹਮ ਨੇ ਤੋ ਕੋਈ ਤਾਲਾ ਨਹੀਂ ਲਗਾਇਆ ਔਰ ਨਾ ਲਗਾਤੇ ਹੈਂ। ਲੇਕਿਨ ਜੋ ਹਮਾਰੇ ਸੇਵਾਦਾਰ ਹੈਂ, ਇਨ ਕੋ ਡਾਕੂ ਨਜ਼ਰ ਆਏ ਔਰ ਯੇਹ ਭਾਗ ਗਏ। ਮੁਝੇ ਤੋ ਭਗਵਾਨ ਹੀ ਨਜ਼ਰ ਆਤੇ ਥੇ। ਹਮ ਨੇ ਕਹਾ ਕਿ ਆਜ ਭਗਵਾਨ ਦੂਸਰਾ ਰੂਪ ਧਾਰਨ ਕਰਕੇ ਆਏਂ ਹੈਂ, ਤੋ ਵੋ ਮੁਝੇ ਫਿਰ ਮਾਰਨੇ ਲਗ ਗਏ, ਕਾਫੀ ਮਾਰਤੇ ਰਹੇ। ਭਗਵਾਨ ਕੇ ਹਾਥ ਹਮ ਕੋ ਲਗੇ।"

ਮੈਂ ਕਿਹਾ, "ਤੇ ਫੇਰ ਕੀ ਹੋਇਆ?"

ਕਹਿੰਦੇ, "ਕੁਛ ਨਹੀਂ ਹੂਆ, ਫਿਰ ਜੋ ਚੀਜ਼ ਪੜੀ ਥੀ, ਵੋ ਬਾਅਦ ਮੇਂ ਲੇ ਗਏ।"

ਮੈਂ ਕਿਹਾ, "ਤੁਸੀਂ ਫੇਰ ਪੁਲਿਸ ਵਗੈਰਾ ਨੂੰ ਨਹੀਂ ਦੱਸਿਆ?"

ਕਹਿੰਦੇ, "ਭਗਵਾਨ! ਪੁਲਿਸ ਕਾ ਕਿਆ ਬਾਤ? ਸਭ ਬਾਤ ਭਗਵਾਨ ਕੀ ਹੋ ਰਹੀ ਹੈ, ਭਗਵਾਨ ਹੀ ਆਏ ਥੇ ਦਰਸ਼ਨ ਦੇਨੇ; ਕਭੀ ਦੂਸਰੀ ਤਰਹ ਦੇਤੇ ਹੈਂ, ਕਭੀ ਐਸੇ।"

ਇੰਨੇ ਨੂੰ ਮੈਂ ਅੰਦਰ ਜਾਣ ਲੱਗਿਆ ਕਿ ਦੇਖਾਂ ਉਹ ਕਿਧਰੋਂ ਦੀ ਵੜੇ ਸੀ।

ਮੈਨੂੰ ਉਹ ਕਹਿੰਦੇ, "ਅੰਦਰ ਭਗਵਾਨ ਲੇਟ ਰਹੇ ਹੈਂ, ਥੋੜਾ ਸੰਭਲ ਕੇ ਜਾਨਾ।"

ਮੈਂ ਕਿਹਾ, "ਕਿਹੜੇ ਭਗਵਾਨ ਨੇ?"

ਕਹਿੰਦੇ, "ਸਾਂਪ ਭਗਵਾਨ ਹੈਂ।"

ਜਦੋਂ ਮੈਂ ਦੇਖਿਆ ਤਾਂ ਸੱਪ ਪਿਆ ਅੰਦਰਲੇ ਪਾਸੇ। ਉਹੀ ਕੁਟੀਆ ਹੈ, ਉਸਦੇ ਵਿਚ ਹੀ ਸੱਪ ਰਹਿੰਦਾ ਹੈ।

ਮੈਂ ਕਿਹਾ, "ਜਦੋਂ ਤੁਸੀਂ ਅੰਦਰ ਸੌਂਦੇ ਹੋ, ਤਾਂ ਇਹ ਨਿਕਲ ਜਾਂਦਾ ਹੈ?"

ਕਹਿੰਦੇ, "ਮੈਂ ਤੋ ਯਹੀਂ ਸੋਤਾ ਹੂੰ ਬਾਹਰ ਹੀ - ਵਰਾਂਡੇ ਮੇਂ। ਭਗਵਾਨ ਆਪਨੀ ਮੌਜ ਸੇ ਆ ਜਾਤੇ ਹੈਂ, ਕਈ ਦਫਾ ਮੇਰੇ ਊਪਰ ਹੀ ਸੋ ਜਾਤੇ ਹੈਂ, ਕਭੀ ਮੇਰੇ ਸਾਥ ਲਗ ਕਰ ਸੋ ਜਾਤੇ ਹੈਂ।"

ਮੈਂ ਕਿਹਾ, "ਜਦੋਂ ਤੁਸੀਂ ਸਵੇਰੇ ਉਠਦੇ ਹੋ?"

ਕਹਿੰਦੇ, "ਫੇਰ ਹਮ ਭਗਵਨ ਕੋ ਬੇਨਤੀ ਕਰਤੇ ਹੈਂ ਕਿ ਭਗਵਾਨ! ਅਬ ਉਠਨੇ ਕਾ ਸਮਾਂ ਹੋ ਗਿਆ ਹੈ, ਅਬ ਹਮੇਂ ਆਗਿਆ ਦੋ; ਫਿਰ ਵੋ ਚਲੇ ਜਾਤੇ ਹੈ।"

ਇਹ ਬਿਰਤੀ ਕੋਈ ਆਸਾਨ ਨਹੀਂ ਸਾਧ-ਸੰਗਤ ਜੀ! ਬਹੁਤ ਔਖੀ ਹੈ। ਇਹ ਪੂਰੀਆਂ ਰੂਹਾਂ ਜਿਹੜੀਆਂ ਪਹੁੰਚੀਆਂ ਹੋਈਆਂ ਹਨ, ਉਹਨਾਂ ਨੂੰ ਤਾਂ ਇਹ ਪੁੱਗ ਜਾਂਦੀ ਹੈ; ਦੂਸਰਾ ਜੇ ਗੱਲਾਂ ਨਾਲ ਬਣ ਜਾਵੇ ਤਾਂ ਉਹ ਗੱਲ ਨਹੀਂ ਬਣਦੀ। ਇਸੇ ਕਰਕੇ ਮਹਾਰਾਜ ਜੀ ਨੇ ਇਸ ਤਰ੍ਹਾਂ ਫੁਰਮਾਨ ਕੀਤਾ ਹੈ –

***ਧਾਰਨਾ – ਗਲੀਂ ਅਸੀਂ ਚੰਗੀਆਂ –2, 2.***
***ਆਚਾਰੀਂ ਬੁਰੀਆਂ –2, 2.***
***ਮਨਹੁ ਕਸੁਧਾਂ ਕਾਲੀਆਂ –2, 2***
***ਬਾਹਰ ਚਿਟਵੀਆਂ –2, 2.***
***ਰੀਸਾਂ ਕਰੇ ਤਿਨਾੜੀਆਂ –2, 2.***
***ਜੋ ਸੇਵਹਿ ਦਰਿ ਖੜੀਆਂ –2, 2.***
***ਗਲੀਂ ਅਸੀਂ ਚੰਗੀਆਂ –2, 2.***

ਇਹ ਅਨੁਭਵ ਮਹਾਂਪੁਰਸ਼ਾਂ ਦਾ ਸੁਣ ਕੇ ਜੇ ਅਸੀਂ ਇਸ ਤਰ੍ਹਾਂ ਯਤਨ ਕਰਨ ਲਗੀਏ, ਸਾਡਾ ਨਹੀਂ ਪੁੱਗਦਾ ਕਿਉਂਕਿ ਸਾਡੇ ਅੰਦਰ ਨਿਹਚਾ ਨਹੀਂ ਹੈ। ਜਦੋਂ ਤੱਕ ਪ੍ਰਤੱਖ ਰੂਪ ਦੇ ਅੰਦਰ ਪ੍ਰਗਟ ਨਹੀਂ ਹੁੰਦਾ, ਓਨੀਂ ਦੇਰ ਤੱਕ ਇਸ ਦੇ ਉਤੇ ਚਲਣਾ ਬਹੁਤ ਔਖਾ ਹੈ –

***ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ॥***
***ਪੰਨਾ – 918***

ਸੋ ਜੋ ਅਨੁਭਵ ਮਹਾਂਪੁਰਸ਼ਾਂ ਦਾ ਹੈ, ਆਪ ਸਾਰੇ ਸ੍ਰਵਣ ਕਰ ਰਹੇ ਹੋ ਕਿ ਕਿਸ ਤਰ੍ਹਾਂ ਦੇ ਨਾਲ ਇਕ ਪਉੜੀ ਆਪ ਨੇ ਸ੍ਰਵਣ ਕੀਤੀ ਕਿ ਸਾਰਿਆਂ ਦੇ ਅੰਦਰ ਪ੍ਰਮੇਸ਼ਰ ਹੈ, ਇਸ ਨੂੰ ਹੋਰ ਸਪਸ਼ਟ ਕਰਦੇ ਹੋਏ ਭਾਈ ਸਾਹਿਬ ਇਸ ਤਰ੍ਹਾਂ ਲਿਖਦੇ ਹਨ –

***ਧਾਰਨਾ – ਰੂਪਾਂ ਰੰਗਾਂ ਦਾ ਭੁਲੇਖਾ ਪੈ ਗਿਆ,***
***ਸਭਨਾ ਅੰਦਰ ਇਕੋ ਜੋਤ ਹੈ –2, 2.***
***ਮੇਰੇ ਪਿਆਰੇ ਸਭਨਾਂ ਅੰਦਰ ਇਕੋ ਜੋਤ ਹੈ–2***
***ਰੂਪਾਂ ਰੰਗਾਂ ਦਾ ਭੁਲੇਖਾ ਪੈ ਗਿਆ....–2, 2.***

***ਪਾਣੀ ਕਾਲੇ ਰੰਗ ਵਿਚ ਜਿਉ ਕਾਲਾ ਦਿਸੈ॥***
***ਰਤਾ ਰਤੇ ਰੰਗ ਵਿਚਿ ਮਿਲਿ ਮੇਲਿ ਸਲਿਸੈ॥***
***ਪੀਲੈ ਪੀਲਾ ਹੋਇ ਮਿਲੈ ਹਿਤੁ ਜੇਹੀ ਵਿਸੈ॥***
***ਸਾਵਾ ਸਾਵੇ ਰੰਗ ਮਿਲਿ ਸਭਿ ਰੰਗ ਸਰਿਸੈ॥***
***ਤਤਾ ਠੰਢਾ ਹੋਇਕੈ ਹਿਤ ਜਿਤੈ ਤਿਸੈ॥***
***ਆਪੈ ਆਪਿ ਵਰਤਦਾ ਗੁਰਮੁਖਿ ਸੁਖ ਜਿਸੈ॥***
***ਭਾਈ ਗੁਰਦਾਸ ਜੀ, ਵਾਰ 2/9***

ਪਾਣੀ ਇਕੋ ਹੀ ਹੈ, ਜਿਹੋ ਜਿਹੀ ਸੰਗਤ ਵੈਸੀ ਹੀ ਰੰਗਤ। ਇਕੋ ਹੀ ਜੋਤ ਹੈ – ਚੋਰ ਦੇ ਵਿਚ ਚੋਰੀ ਦਾ ਕੰਮ ਕਰਦੀ ਹੈ, ਡਾਕੂ ਵਿਚ ਡਾਕੂ ਦਾ ਕੰਮ ਕਰਦੀ ਹੈ; ਬਦਮਾਸ਼ ਵਿਚ ਬਦਮਾਸ਼ ਦਾ ਕੰਮ ਕਰਦੀ ਹੈ; ਦੋਸ਼ ਸੰਗਤ ਦਾ ਹੈ। ਜੋਤ ਓਹੀ ਹੈ ਸਾਰਿਆਂ ਦੇ ਅੰਦਰ, ਉਸਦਾ ਕੋਈ ਭੁਲੇਖਾ ਨਹੀਂ ਪਰ ਇਸ ਦੇ ਵਿਚ ਇਕ 'ਮੈਂ' ਬਣੀ ਹੋਈ ਹੈ ਵਾਧੂ ਦੀ –

***.......ਅਣਹੋਂਦਾ ਆਪੁ ਗਣਾਇਦੇ॥ ਪੰਨਾ – 589***

ਜੇ ਤਾਂ 'ਮੈਂ' ਛਡ ਦੇਵੇ, ਫੇਰ ਤਾਂ ਇਹ ਲੰਘ ਗਿਆ, ਜੇ ਮੈਂ ਨਹੀਂ ਛਡਦਾ, ਫਿਰ ਇਸ ਦੇ ਉਤੇ ਅਸਰ ਪੈਂਦਾ ਹੈ। ਪਾਣੀ ਤਾਂ ਕਾਲਾ ਨਹੀਂ ਹੈ, ਪਾਣੀ ਦਾ ਤਾਂ ਕੋਈ ਰੰਗ ਨਹੀਂ ਹੈ; ਜੇ ਕਾਲੇ ਰੰਗ ਵਿਚ ਪਾ ਦਿਤਾ ਤਾਂ ਕਾਲਾ ਦਿਸਣ ਲੱਗ ਪੈਂਦਾ ਹੈ, ਲਾਲ ਰੰਗ ਪਾ ਦਿਉ ਤਾਂ ਲਾਲ ਹੋ ਜਾਂਦਾ ਹੈ, ਜੇ ਪੀਲੇ ਵਿਚ ਪਾਇਆ ਤਾਂ ਉਸ ਦੇ ਨਾਲ ਹੀ ਪੀਲਾ ਹੋ ਕੇ ਮਿਲ ਜਾਂਦਾ ਹੈ। ਕਿਸੇ ਨੂੰ ਗਰਮ ਚੰਗਾ ਲਗਦਾ ਹੈ, ਕਿਸੇ ਨੂੰ ਠੰਢਾ ਚੰਗਾ ਲਗਦਾ ਹੈ।

ਸੋ ਵਾਹਿਗੁਰੂ ਤਾਂ ਸਾਰਿਆਂ ਦੇ ਅੰਦਰ ਹੈ। ਪਰ ਇਹ ਭੁਲੇਖਾ ਬਣਿਆ ਹੋਇਆ ਹੈ, ਬਾਰ-ਬਾਰ ਭੁਲੇਖਾ ਪੈਂਦਾ ਹੈ। ਜਦੋਂ ਕੋਈ ਬਾਤ ਹੁੰਦੀ ਹੈ ਕਿ ਇਹ ਮਾੜੇ ਬੰਦੇ ਕਿਉਂ ਨੇ, ਵਾਹਿਗੁਰੂ ਤਾਂ ਸਾਰਿਆਂ ਨੂੰ ਸੱਤ੍ਹਾ ਦਿੰਦਾ ਹੈ। ਸਰੀਰ ਜਿਸ ਤਰ੍ਹਾਂ ਦੇ ਬਣੇ ਹੋਏ ਨੇ, ਜਿਹੋ-ਜਿਹੇ ਭਾਂਡੇ ਨੇ, ਓਹੋ ਜਿਹੀ ਹੀ ਇਸ ਦੇ ਵਿਚ ਚੇਤਨ ਕਲਾ ਆ ਕੇ ਇਸ ਨੂੰ ਹਰਕਤ ਦਿੰਦੀ ਹੈ। ਹਰਕਤ ਹੋ ਕੇ ਜਿਹੜੀ 'ਮੈਂ' ਬਣੀ ਹੋਈ ਹੈ, ਕਿਰਤ ਬਣੀ ਹੋਈ ਹੈ, ਸੁਭਾਅ ਬਣਿਆ ਹੋਇਆ ਹੈ, ਉਸ ਦੇ ਮੁਤਾਬਕ ਇਹ ਹਰਕਤ ਕਰਦਾ ਹੈ। ਇਕ ਹੋਰ ਮਿਸਾਲ ਦਿੰਦੇ ਨੇ ਕਿ –

***ਹੋਵੈ ਸੂਤ ਕਪਾਹ ਦਾ ਕਰਿ ਤਾਣਾ ਬਾਣਾ।***
***ਭਾਈ ਗੁਰਦਾਸ ਜੀ, ਵਾਰ 2/10***

ਸੂਤ ਤਾਂ ਬਾਅਦ ਵਿਚ ਬਣਿਆ; ਪਹਿਲਾਂ ਕਪਾਹ ਵਿਚੋਂ ਚੁਗਿਆ ਹੈ, ਕਪਾਹ ਵਿਚੋਂ ਫੁਟੀਆਂ ਚੁਗੀਆਂ ਨੇ, ਚੁਗ ਕੇ ਉਨ੍ਹਾਂ ਨੂੰ ਵੇਲਿਆ ਹੈ, ਵੇਲ ਕੇ ਉਨ੍ਹਾਂ ਨੂੰ ਪਿੰਜਾਇਆ ਹੈ, ਪਿੰਜਾ ਕੇ ਫੇਰ ਪੂਣੀਆਂ ਬਣੀਆਂ ਨੇ, ਪੂਣੀਆਂ ਬਣਾ ਕੇ ਕੱਤਿਆ ਹੈ, ਕਤ ਕੇ ਫੇਰ ਉਸ ਨੂੰ ਪੱਕਾ ਕਰਿਆ ਹੈ। ਉਸ ਦੇ ਨਾਲ ਫੇਰ ਤਾਣਾ ਬਣਾ ਲਿਆ।

***ਸੂਤਹੁ ਕਪੜ ਜਾਣੀਐ ਅਖਾਣ ਵਖਾਣਾ।***
***ਭਾਈ ਗੁਰਦਾਸ ਜੀ, ਵਾਰ 2/10***

ਤੇ ਸੂਤ ਤੋਂ ਫੇਰ ਕਪੜੇ ਬਣਨ ਲੱਗ ਗਏ, ਕੋਈ ਚੌਂਸੀ ਬਣ ਗਈ, ਚੌਤਾਰ ਬਣ ਗਿਆ –

***ਚਉਸੀ ਤੇ ਚਉਤਾਰ ਹੋਇ ਗੰਗਾ ਜਲੁ ਜਾਣਾ।***
***ਖਾਸਾ ਮਲਮਲ ਸਿਰੀਸਾਫੁ ਤਨਸੁਖ ਮਨਿ ਭਾਣਾ।***
***ਭਾਈ ਗੁਰਦਾਸ ਜੀ, ਵਾਰ 2/10***

ਕੋਈ ਸਿਰੀਸਾਫ ਬਣ ਗਿਆ ਕੱਪੜਾ, ਕੋਈ ਮਲਮਲ ਬਣ ਗਈ, ਕੋਈ ਪੱਗ ਬਣ ਗਈ, ਕੋਈ ਤਨਸੁਖ ਬਣ ਗਿਆ–

***ਪਗ ਦੁਪਟਾ ਚੋਲਣਾ ਪਟਕਾ ਪਰਵਾਣਾ।***
***ਆਪੇ ਆਪਿ ਵਰਤਦਾ ਗੁਰਮੁਖਿ ਰੰਗ ਮਾਣਾ॥***
***ਭਾਈ ਗੁਰਦਾਸ ਜੀ, ਵਾਰ 2/10***

ਸੋ ਇਸ ਤਰ੍ਹਾਂ ਦੇ ਨਾਲ ਜੋ ਇਕ ਪਉੜੀ ਆਪਾਂ ਪੜ੍ਹੀ

ਸੀ - 'ਆਪੀਨੈ ਆਪੁ ਸਾਜਿਓ' ਉਸਦਾ ਵਿਸਥਾਰ ਸਾਧ-ਸੰਗਤ ਜੀ! ਸਮਝ ਵਿਚ ਲਿਆਉਣ ਵਾਸਤੇ ਬੁੱਝਣਾ ਪੈਂਦਾ ਹੈ ਕਿਉਂਕਿ ਪੜ੍ਹਨ ਨਾਲ ਨਹੀਂ ਕੋਈ ਭੇਦ ਖੁਲ੍ਹਦਾ, ਕੋਈ ਬਾਤ ਬਣਿਆ ਨਹੀਂ ਕਰਦੀ-

***ਪੜਿਐ ਨਾਹੀ ਭੇਦੁ ਬੁਝਿਐ ਪਾਵਣਾ॥ ਪੰਨਾ - 148***

ਬੁਝਣ ਦੀ ਬਾਤ ਹੈ। ਜੋ ਬੰਦਗੀ ਕਰਦੇ ਨੇ, ਜਿਨ੍ਹਾਂ ਦੀਆਂ ਸੁਰਤਾਂ ਉਪਰ ਗਈਆਂ ਹੋਈਆਂ ਨੇ, ਇਥੇ ਰੁਕਣਾ ਨਹੀਂ ਹੈ, ਉਸ ਨੂੰ ਅਨੁਭਵ ਕਰਨਾ ਹੈ ਹਰੇਕ ਦੇ ਅੰਦਰ। ਸੋ ਇਸ ਤਰ੍ਹਾਂ ਦੇ ਨਾਲ ਆਪ ਨੇ ਸਾਰੀ ਚੀਜ਼ ਸਮਝੀ ਤੇ ਹੁਣ ਝੂਠੀ 'ਮੈਂ' ਦਾ ਪਤਾ ਲੱਗ ਗਿਆ - ਬਾਣੀ ਸੁਣਦੇ ਸਾਰ, ਕਿ ਅਸੀਂ ਫੇਰ ਕੀ ਹੋਏ? ਮਹਾਰਾਜ ਕਹਿੰਦੇ ਤੂੰ ਕੁਝ ਵੀ ਨਹੀਂ ਹੈਂ - ਐਵੇਂ ਹੀ ਬਣਿਆ ਹੋਇਆ ਹੈਂ ਖਾਹ-ਮਖਾਹ, 'ਮੈਂ' ਬਣ ਕੇ ਫਸਿਆ ਹੋਇਆ ਹੈਂ। ਮੈਂ ਛੱਡ ਦੇਹ, ਤੂੰ ਛੁਟ ਜਾਏਂਗਾ। ਇਹ ਪਰੀਪੂਰਨ 'ਆਤਮਾ' 'ਮੈਂ' ਕਰਕੇ ਹੀ ਜੀਵ ਬਣ ਗਈ, ਇਸ ਨੂੰ ਜੀਵ-ਆਤਮਾ ਕਹਿਣ ਲੱਗ ਗਏ। ਜੀਵ-ਆਤਮਾ ਦੀ ਉਪਾਧੀ ਧਾਰਨ ਕਰਕੇ ਫੇਰ ਇਸ ਨੂੰ ਸੰਗ-ਦੋਸ਼ ਲੱਗਣ ਲੱਗ ਗਿਆ। ਬੁੱਧੀ ਦੇ ਉਤੇ ਪ੍ਰਕਾਸ਼ ਪੈਂਦਾ ਹੈ ਆਤਮਾ ਦਾ। ਬੁੱਧੀ ਕਹਿੰਦੀ ਹੈ ਕਿ ਮੈਂ ਗੋਰਾ ਹਾਂ, ਮੈਂ ਕਾਲਾ ਹਾਂ, ਮੈਂ ਗਰੀਬ ਹਾਂ, ਮੈਂ ਅਮੀਰ ਹਾਂ, ਮੈਂ ਪੁੰਨੀ ਹਾਂ, ਮੈਂ ਪਾਪੀ ਹਾਂ, ਮੈਂ ਸਿਖ ਹਾਂ, ਮੈਂ ਹਿੰਦੂ ਹਾਂ, ਮੈਂ ਮੁਸਲਮਾਨ ਹਾਂ, ਮੈਂ ਈਸਾਈ ਹਾਂ, ਮੈਂ ਬੋਧੀ ਹਾਂ, ਮੈਂ ਜੈਨੀ ਹਾਂ, ਮੈਂ ਆਸਤਕ ਹਾਂ, ਮੈਂ ਨਾਸਤਕ ਹਾਂ। ਇਹ ਖਾਹਮਖਾਹ ਦਾ ਝਗੜਾ 'ਮੈਂ' ਨੇ ਖੜ੍ਹਾ ਕਰ ਦਿਤਾ। ਉਪਰਲੇ ਪਾਸੇ ਪ੍ਰਮੇਸ਼ਰ ਦੀ ਸਤ੍ਹਾ ਪੈ ਰਹੀ ਹੈ ਜਿਵੇਂ ਸੂਰਜ ਧਰਤੀ ਨੂੰ ਸੱਤ੍ਹਾ ਦੇ ਰਿਹਾ ਹੈ। ਇਹ ਵਿਚਾਲੇ-ਵਿਚਾਲੇ 'ਮੈਂ' ਬਣ ਕੇ ਦੁਖੀ ਹੁੰਦਾ ਤੁਰਿਆ ਫਿਰਦਾ ਹੈ। ਗੁਰੂ ਤੋਂ ਬਗੈਰ ਇਹ ਗੱਲ ਹਟਿਆ ਨਹੀਂ ਕਰਦੀ। ਸੋ ਇਸ ਦੇ ਨਾਲ ਫੇਰ ਸੁਖ-ਦੁਖ ਸਰੀਰ ਦੇ ਕਰਮਾਂ ਕਰਕੇ ਬੰਨ੍ਹੇ ਜਾਂਦੇ ਨੇ - 'ਮੈਂ' ਦੇ ਨਾਲ। 'ਮੈਂ' ਨਾਲ ਬੰਨ੍ਹੇ ਹੋਏ ਫੇਰ ਭੁਆਟਣੀਆਂ ਦਿੰਦੇ ਨੇ। ਆਹ ਗੱਲ ਤਾਂ ਲਹਿਣਾ ਜੀ ਨੇ ਚੰਗੀ ਤਰ੍ਹਾਂ ਸਮਝ ਲਈ ਕਿ ਇਥੇ ਵਾਹਿਗੁਰੂ ਹੀ ਹੈ ਤੇ ਅੱਗੇ ਆ ਕੇ ਹੋਰ ਵਿਸਥਾਰ ਦੇ ਨਾਲ ਸਮਝਿਆ -

***ਸਚੇ ਤੇਰੇ ਖੰਡ ਸਚੇ ਬ੍ਰਹਮੰਡ॥ ਪੰਨਾ - 463***

ਅਖੀਰ ਪਉੜੀ ਦੇ ਉਤੇ ਫੇਰ ਧਿਆਨ ਜੋੜ ਲਿਆ ਕਿ ਇਹ 'ਮੈਂ' ਜੋ ਹੈ ਇਹ ਕਰਮਾਂ ਨਾਲ ਚਿੰਬੜੀ ਹੋਈ ਹੈ। ਤੇ ਫੇਰ ਕਰਮਾਂ ਦੇ ਮੁਤਾਬਿਕ ਭੁਆਟਣੀਆਂ ਖਾਂਦਾ ਫਿਰਦਾ ਹੈ ਤੇ ਇਸ ਪਉੜੀ ਦੇ ਵਿਚ ਜਾ ਕੇ ਗੱਲ ਸਾਰੀ ਸਪਸ਼ਟ ਹੁੰਦੀ ਹੈ।

***ਧਾਰਨਾ - ਪਾਪੀ ਰੋਂਦੇ ਦੋਜਕਾਂ ਨੂੰ ਜਾਣਗੇ,***
***ਦਰਗਹ ਵਿਚੋਂ ਕੱਢੇ ਜਾਣਗੇ -2, 2.***
***ਮੇਰੇ ਪਿਆਰੇ, ਦਰਗਹ ਵਿਚੋਂ ਕੱਢੇ ਜਾਣਗੇ-2.***
***ਪਾਪੀ ਰੋਂਦੇ ਦੋਜਕਾਂ ਨੂੰ ਜਾਣਗੇ - 2.***

***ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ॥***
***ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ॥***
***ਥਾਉ ਨ ਪਾਇਨਿ ਕੂੜਿਆਰ ਮੁਹ ਕਾਲੈ ਦੋਜਕਿ ਚਾਲਿਆ॥***
***ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ॥***
***ਲਿਖਿ ਨਾਵੈ ਧਰਮੁ ਬਹਾਲਿਆ॥ ਪੰਨਾ - 463***

ਪਸਾਰਾ ਹੋ ਗਿਆ ਸ੍ਰਿਸ਼ਟੀ ਦਾ, 'ਮੈਂ' ਬਣ ਗਈ, 'ਮੈਂ' ਨੇ ਆਪਣੇ-ਆਪ ਦੇ ਨਾਲ ਕਰਮ ਬੰਨ੍ਹ ਲਏ - ਕੁਝ ਨੇਕ ਬੰਨ੍ਹ ਲਏ, ਕੁਝ ਮਾੜੇ ਬੰਨ੍ਹ ਲਏ। ਸੰਸਾਰ ਤੋਂ ਜਾਣਾ ਪਿਆ ਤੇ ਅਖੀਰ ਗਤੀ ਕੀ ਹੁੰਦੀ ਹੈ? ਜਿਹੜੇ ਬੰਦਗੀ ਕਰਦੇ ਨੇ -

***ਤੇਰੈ ਨਾਇ ਰਤੇ ਸੇ ਜਿਣਿ ਗਏ***
***ਹਾਰਿ ਗਏ ਸਿ ਠਗਣ ਵਾਲਿਆ॥ ਪੰਨਾ - 463***

ਜਿਨ੍ਹਾਂ ਨੇ ਤਾਂ ਆਪਣੇ ਆਪ ਨੂੰ ਮੂਲ ਵਲ ਮੋੜ ਲਿਆ, ਜਿਥੋਂ ਵਿਛੜਿਆ ਸੀ ਉਥੇ ਹੀ ਜੋੜ ਲਿਆ, ਉਹ ਤਾਂ ਪ੍ਰਵਾਨ ਹੋ ਜਾਣਗੇ ਦਰਗਾਹ ਦੇ ਅੰਦਰ, ਦੂਸਰਿਆਂ ਨੂੰ ਧੱਕੇ ਮਾਰ ਕੇ ਕੱਢ ਦਿਤਾ ਜਾਏਗਾ, ਪੈਰ ਰੱਖਣ ਨੂੰ ਥਾਂ ਨਹੀਂ ਮਿਲੇਗਾ।

ਸੋ ਦਰਗਾਹ ਕੀ ਹੁੰਦੀ ਹੈ? ਇਸ ਦੀ ਵਿਆਖਿਆ ਬਹੁਤ ਲੰਮੀ ਹੈ, ਅਗਲੇ ਸਤਿਸੰਗ ਵਿਚ ਫੇਰ ਵਿਚਾਰ ਕਰਾਂਗੇ ਕਿਉਂਕਿ ਲਹਿਣਾ ਜੀ, ਗੁਰੂ ਅੰਗਦ ਦੇਵ ਜੀ ਦੇ ਰੂਪ ਵਿਚ ਐਵੇਂ ਨਹੀਂ ਆ ਗਏ ਸੀ। ਕਾਫੀ ਉਮਰ ਆਪ ਦੀ ਬੀਤ ਗਈ ਸੀ - ਸੰਸਾਰ ਦੇ ਅੰਦਰ। ਉਨ੍ਹਾਂ ਦੇ ਮਨ ਤੇ ਕਿਵੇਂ ਅਸਰ ਹੋਇਆ ਤੇ ਸਾਡੇ ਕਿਉਂ ਨਹੀਂ ਹੁੰਦਾ ਕਿਉਂਕਿ ਸੁਣਦੇ ਤਾਂ ਅਸੀਂ ਵੀ ਹਾਂ ਜਿਹੜੇ ਉਨ੍ਹਾਂ ਨੇ ਸੁਣੇ ਸੀ, ਪਰ ਸਾਡੇ ਵਿਚ ਫਰਕ ਕਿਉਂ ਨਹੀਂ ਪੈਂਦਾ। ਅਗਲੇ ਸਤਿਸੰਗ ਵਿਚ ਪਹੁੰਚ ਕੇ ਇਹ ਵਿਚਾਰ ਸਰਵਣ ਕਰੋ।

-ਅਨੰਦ ਸਾਹਿਬ-

-ਗੁਰਸਤੋਤਰ-

-ਅਰਦਾਸ-

LLLLLL

---

(ਪੰਨਾ 22 ਦੀ ਬਾਕੀ)

***ਅੰਦਰੋਂ ਹਿਰਦੇ ਗਦ ਗਦ ਹੋ ਉਠੇ***
***ਆਹਮੋ ਸਾਹਮਣੇ ਜਦੋਂ ਹੋਏ ਫੇਰ***
***ਅਤੀਤ ਦੋਨਾਂ ਨੂੰ ਆਇਆ ਯਾਦ***
***ਦੋਨੋਂ ਬੈਠ ਗਏ ਕਰਨ ਗੱਲਾਂ ਪਿਛਲੀਆਂ***
***ਅੱਗ ਦੇ ਅਗੇ ਹੋਏ ਉਹ ਨਿੱਘੇ***
***ਗੁਰੂ ਜੀ ਹੋਏ ਬਹੁਤ ਹੀ ਆਰਾਮ ਵਿਚ***
***ਕੀਤੇ ਭਗਤ ਆਪਣੇ ਦੇ ਸ਼ੰਕੇ ਨਵਿਰਤ***
***ਗੁਰੂ ਹੋਇਆ ਜਦੋਂ ਦਿਆਲ***
***ਗੰਢਾਂ ਖੋਲ੍ਹੀਆਂ ਭਗਤ ਦੀਆਂ ਆਣ***
***ਗੁੱਝੇ ਭੇਤ ਖੋਲ੍ਹੇ ਆਣ***
***ਗਲ ਨਾਲ ਲਾ ਲਿਆ ਆਣ।***

***'ਚਲਦਾ'***

LLLLLL

# ਅਮਰ ਕਥਾ

***ਸੰਤ ਵਰਿਆਮ ਸਿੰਘ ਜੀ***
***ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ***

*(ਲੜੀ ਜੋੜਨ ਲਈ ਦੇਖੋ, ਅਪ੍ਰੈਲ ਅੰਕ, ਪੰਨਾ - 42)*

ਗੁਰੂ ਨਾਨਕ ਮਹਾਰਾਜ ਚਲਦੇ-ਚਲਦੇ ਕਈ ਥਾਂ ਜਾਂਦੇ ਹਨ। ਰਸਤੇ ਦੀਆਂ ਬੜੀਆਂ ਸਾਖੀਆਂ ਆਉਂਦੀਆਂ ਨੇ ਕਿ ਸਮੁੰਦਰ ਦੇ ਉੱਤੇ ਆਪ ਚਲੇ ਜਾ ਰਹੇ ਨੇ, ਕਿਤੇ ਮੱਛ ਦੇ ਉੱਤੇ ਤੁਰੇ ਜਾਂਦੇ ਹਨ। ਅਖੀਰ, ਮਹਾਰਾਜ ਜੀ ਰਾਜਾ ਸ਼ਿਵਨਾਭ ਦੇ ਬਾਗ ਵਿਚ ਆ ਕੇ ਉਤਰੇ ਤੇ ਉਸ ਵੇਲੇ ਬਾਗ ਸੁੱਕਾ ਪਿਆ ਸੀ, ਉਸ ਦੇ ਦਰਵਾਜ਼ੇ ਬੰਦ ਸੀ। ਕੋਈ ਜਾਂਦਾ ਨਹੀਂ ਸੀ ਕਿਉਂਕਿ ਸਾਰੇ ਹੀ ਦਰਖਤ ਸੁੱਕੇ ਹੋਏ ਸਨ, ਆਲੇ-ਦੁਆਲੇ ਚਾਰ ਦੀਵਾਰੀ ਸੀ। ਭਾਈ ਬਾਲਾ ਤੇ ਮਰਦਾਨਾ ਕਹਿੰਦੇ, ਪਾਤਸ਼ਾਹ! ਕਿਥੇ ਆਸਣ ਲਾਉਣਾ ਹੈ? ਕਹਿੰਦੇ, ਆਹ ਬਾਗ ਦੇ ਵਿਚ ਹੀ ਕਰ ਲੈਂਦੇ ਹਾਂ ਭਾਈ, ਦੇਖੋ ਜੇ ਕਿਤੇ ਖੁੱਲ੍ਹਾ ਹੈ। ਇਕ ਗੇਟ ਸੀ ਛੋਟਾ ਜਿਹਾ, ਉਸਦੇ ਵਿਚੋਂ ਮਹਾਰਾਜ ਜੀ ਲੰਘੇ, ਜਾ ਕੇ ਬਾਗ ਵਿਚ ਬੈਠ ਗਏ। ਬਾਗ ਵਿਚ ਬੈਠਣ ਦੀ ਦੇਰ ਸੀ, ਉਸ ਸੁੱਕੇ ਹੋਏ ਬਾਗ ਦੇ ਅੰਦਰ ਰਸ ਭਰ ਗਿਆ, ਦਰਖਤ ਸਾਰੇ ਰਸ ਵਿਚ ਆ ਗਏ, ਕੋਪਲਾਂ ਫੁੱਟ ਪਈਆਂ, ਟਾਹਣੀਆਂ ਫੈਲ ਗਈਆਂ। ਉਸ ਬਾਗ ਦਾ ਮਾਲੀ, ਜੋ ਬੇਰੁਜ਼ਗਾਰ ਹੋਇਆ ਬੈਠਾ ਸੀ, ਉਹ ਦੇਖਣ ਵਾਸਤੇ ਆਇਆ ਕਿ ਇਹ ਕੀ ਗੱਲ ਹੋ ਗਈ, ਮੇਰਾ ਬਾਗ ਹਰਾ ਹੋ ਰਿਹਾ ਹੈ, ਟਾਹਣੀਆਂ ਫੁੱਟ ਰਹੀਆਂ ਹਨ।

ਐਸੀ ਬਾਤ ਨਹੀਂ, ਸਾਧ ਸੰਗਤਿ ਜੀ, ਇਹ ਕੋਈ ਮਨੋਕਲਪਤ ਗੱਲ ਨਹੀਂ ਹੈ। ਬੇਅੰਤ ਮਹਾਤਮਾ ਹੋਏ ਨੇ; ਬਾਬਾ ਫਰੀਦ ਜੀ ਨੂੰ ਗ਼ੈਬ ਦੀ ਆਵਾਜ਼ ਆਈ ਕਿ -

***ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ।।***
***ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥***
***ਪੰਨਾ - 1378***

ਮੁਰਸ਼ਦ ਕੋਲ ਜਾਹ, ਮੁਰਸ਼ਦ-ਏ-ਕਾਮਲ ਦੀ ਸ਼ਰਨ ਵਿਚ ਜਾਹ, ਮੁਰਸ਼ਦ ਤੋਂ ਬਗੈਰ ਤੈਨੂੰ ਪਰਮੇਸ਼ਰ ਦੇ ਦੀਦਾਰ ਨਹੀਂ ਹੋਣੇ ਕਿਉਂਕਿ ਤੂੰ ਹੋਰ ਅੱਖੀਆਂ ਨਾਲ ਦਰਸ਼ਨ ਕਰਨੇ ਚਾਹੁੰਦਾ ਹੈਂ। ਉਹ ਅੱਖਾਂ ਹੋਰ ਨੇ ਜਿਨ੍ਹਾਂ ਨਾਲ ਵਾਹਿਗੁਰੂ ਦੇ ਦਰਸ਼ਨ ਹੁੰਦੇ ਹਨ। ਉਸ ਘਰ ਦੀ ਚਾਬੀ ਗੁਰੂ ਦੇ ਕੋਲ ਹੈ -

***ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ।।***
***ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ॥***
***ਪੰਨਾ - 205***

ਅਜਿਹੇ ਪੂਰੇ ਗੁਰੂ ਦੀ ਸ਼ਰਨ ਲਈ ਤਰਲੇ ਕੀਤੇ ਕਿ ਮੈਨੂੰ ਕੋਈ ਸਮਰੱਥ ਮਿਲ ਜਾਵੇ। ਕਹਿੰਦੇ ਜਾਹ, ਅਜਮੇਰ ਸ਼ਰੀਫ ਦੇ ਅੰਦਰ ਬੁਖਤਿਆਰ ਕਾਕੀ ਇਸ ਵੇਲੇ ਪੂਰੇ ਮਹਾਤਮਾ ਹਨ। ਅਧਿਕਾਰ ਹੈ ਉਨ੍ਹਾਂ ਨੂੰ ਨਾਮ ਦੇਣ ਦਾ, ਉਨ੍ਹਾਂ ਤੋਂ ਜਾ ਕੇ ਨਾਮ ਲੈ। ਤਪੀਆ ਸੀ, 24 ਸਾਲ ਦੀ ਤਪੱਸਿਆ ਕੀਤੀ ਸੀ। ਤਪ ਦਾ ਫਲ ਇਹ ਹੁੰਦਾ ਹੈ ਕਿ ਕਰਾਮਾਤਾਂ ਆ ਜਾਂਦੀਆਂ ਹਨ ਲੇਕਿਨ ਚਿੱਤ ਨਹੀਂ ਬਦਲਿਆ ਕਰਦਾ। ਸ਼ਕਤੀਆਂ ਆ ਗਈਆਂ, ਬਚਨ ਸਿੱਧ ਹੋਣ ਲੱਗ ਗਿਆ, ਅੰਤਰਜਾਮਤਾ ਆ ਗਈ। ਆਪਣੇ ਮੁਰਸ਼ਦ ਦੇ ਕੋਲ ਚਲੇ ਗਏ। ਆਪ ਵਡੇਰੀ ਉਮਰ ਦੇ ਸੀ ਲੇਕਿਨ ਬਾਲਕ ਬਣੇ ਹੋਏ ਨਜ਼ਰ ਆਉਂਦੇ ਨੇ। ਅੱਖਾਂ ਵਾਲਿਆਂ ਨੂੰ ਦਿਸਦੇ ਸੀ, ਪਰ ਬਾਬੇ ਫਰੀਦ ਨੂੰ ਬਾਲਕ ਦਿਸਦੇ ਸੀ। ਬਾਲਕਾਂ ਦੇ ਨਾਲ ਖੇਡ ਰਹੇ ਸੀ। ਉਥੇ ਕਿਸੇ ਨੇ ਪੁਛਿਆ ਕਿ ਭਾਈ ਤੂੰ ਕਿਸ ਨੂੰ ਮਿਲਣਾ ਹੈ ਤਾਂ ਫਰੀਦ ਜੀ ਕਹਿਣ ਲੱਗੇ ਕਿ ਭਾਈ ਮੈਂ ਬੁਖਤਿਆਰ ਕਾਕੀ ਸਾਹਿਬ ਮੁਰਸ਼ਦ ਨੂੰ ਮਿਲਣਾ ਹੈ।

"ਔਹ ਸਾਹਮਣੇ ਦੇਖੋ, ਉਹ ਜਿਹੜੇ ਗੇਂਦ ਉੱਪਰ ਨੂੰ ਸੁੱਟਦੇ ਨੇ, ਉਹ ਨੇ।"

"ਇਹ ਤਾਂ ਬਾਲਕ ਹੈ।"

"ਨਹੀਂ, ਬਾਲਕ ਨਹੀਂ, ਦੇਖ ਤਾਂ ਸਹੀ, ਸਫੈਦ ਦਾੜ੍ਹਾ ਹੈ।"

ਕਹਿਣ ਲੱਗਿਆ,"ਅੱਛਾ ਅੱਛਾ।" ਆਪਣੇ ਆਪ ਪਤਾ ਲੱਗ ਗਿਆ। ਉਨ੍ਹਾਂ ਨੇ ਗੇਂਦ ਉੱਪਰ ਨੂੰ ਮਾਰੀ। ਬਾਬਾ ਫਰੀਦ ਨੇ ਦੇਖੀ, ਓਥੇ ਹੀ ਰੋਕ ਲਈ। ਉਨ੍ਹਾਂ ਨੇ ਦੇਖਿਆ ਕਿ ਕੌਣ ਆ ਗਿਆ ਜਿਹੜਾ ਗੇਂਦ ਨੂੰ ਥੱਲੇ ਨਹੀਂ ਆਉਣ ਦਿੰਦਾ? ਮੁਰਸ਼ਦ ਨੇ ਦੇਖ ਲਿਆ ਕਿ ਔਹ ਦਰਵੇਸ਼ ਖੜ੍ਹਾ ਹੈ, ਕੋਈ ਅਭਿਮਾਨੀ ਪੁਰਸ਼ ਆ ਗਿਆ। ਅੰਦਰ ਦੀ ਗੱਲ ਜਾਣਨ ਦਾ ਯਤਨ ਕੀਤਾ। ਨਿਗ੍ਹਾ ਕੀਤੀ, ਉਸੇ ਵੇਲੇ ਗੇਂਦ ਹੇਠ ਆ ਗਈ। ਇਹ ਵੀ ਨੇੜੇ ਆ ਗਿਆ।

ਕਹਿਣ ਲੱਗੇ, "ਕਿਸ ਤਰ੍ਹਾਂ ਆਏ ਹੋ?"

"ਮੈਂ ਆਪ ਨੂੰ ਮੁਰਸ਼ਦ ਧਾਰਨ ਕਰਨਾ ਹੈ।"

"ਮੇਰਾ ਮੁਰਸ਼ਦ ਬਣਨ ਆਇਆ ਹੈਂ ਕਿ ਮੈਨੂੰ ਮੁਰਸ਼ਦ ਬਣਾਉਣ ਆਇਆ ਹੈਂ? ਇਸ ਤਰ੍ਹਾਂ ਕਰਾਮਾਤਾਂ ਦਿਖਾ ਕੇ ਨਹੀਂ ਮੁਰਸ਼ਦ ਕੋਲ ਆਈਦਾ। ਜੇ ਮੁਰਸ਼ਦ ਕੋਲ ਆਉਣਾ ਹੈ ਤਾਂ ਰਹਿਤ ਧਾਰਨੀ ਪੈਂਦੀ ਹੈ। ਜੇ ਰਹਿਤ ਧਾਰ ਕੇ ਆਵੇਂਗਾ, ਫਿਰ ਗੱਲ ਬਣੇਂਗੀ।"

"ਕੀ ਰਹਿਤ ਹੈ?" ਇਸ ਤਰ੍ਹਾਂ ਫੁਰਮਾਨ ਹੈ -

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥***
***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥***
***ਪੰਨਾ - 1102***

ਕਹਿੰਦੇ ਇਹ ਜਿਹੜੀ ਤੇਰੀ ਹੰਗਤਾ ਤੇ ਮਮਤਾ ਹੈ, ਅੰਦਰ ਮੈਂ ਹੈ (I am), ਮੈਂ ਬੜਾ ਦਰਵੇਸ਼, ਮੈਂ 24 ਸਾਲ ਤਪੱਸਿਆ ਕੀਤੀ, ਮੈਂ ਚਿੜੀਆਂ ਮਾਰ ਦਿਤੀਆਂ, ਜਿਉਂਦੀਆਂ ਕਰ ਦਿਤੀਆਂ। 'ਮੈਂ' ਨੂੰ ਮਾਰ ਲੈ, ਪ੍ਰੇਮੀਆਂ! ਜੇ ਗੁਰੂ ਧਾਰਨ ਕਰਨਾ ਹੈ। ਤੇ ਦੂਸਰੀ ਰਹਿਤ ਹੈ ਕਿ ਸਭ ਤੋਂ ਪਿਛਲੀ ਲਾਇਨ ਵਿਚ ਖੜ੍ਹ ਜਾ -

***ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥***
***ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ।।***
***ਪੰਨਾ - 1364***

***ਹਮ ਨਹੀ ਚੰਗੇ ਬੁਰਾ ਨਹੀ ਕੋਇ।। ਪੰਨਾ - 728***

ਇਸ ਲਾਇਨ ਤੇ ਖੜ੍ਹ ਜਾ। ਇਸ ਲਾਇਨ ਤੇ ਖੜ੍ਹ ਕੇ – ***'ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥' (ਪੰਨਾ - 1102)।*** ਤੂੰ ਤਾਂ ਸ਼ਕਤੀਆਂ ਦਿਖਾਉਣ ਆਇਆ ਹੈਂ ਸਾਨੂੰ। ਵਾਪਿਸ ਮੋੜ ਦਿਤਾ, ਕਹਿਣ ਲੱਗੇ, ਇਸ ਤਰ੍ਹਾਂ ਨਹੀਂ ਆਈਦਾ।

ਬਾਬਾ ਫਰੀਦ ਜਦ ਦੂਜੀ ਵਾਰੀ ਆਇਆ, ਬੁਖਤਿਆਰ ਕਾਕੀ ਜੀ ਇਕ ਸੁੱਕੇ ਹੋਏ ਦਰਖਤ ਦੇ ਥੱਲੇ ਬੈਠੇ ਸਨ। ਸਵੇਰ ਦੇ ਬੈਠੇ ਸਨ, ਪ੍ਰਭੂ ਪ੍ਰੇਮ ਦੇ ਅੰਦਰ ਸਮੇਂ ਦਾ ਪਤਾ ਨਾ ਰਿਹਾ, ਧੁੱਪ ਚੜ੍ਹਦੀ ਗਈ। ਹੌਲੀ-ਹੌਲੀ ਉਥੇ ਵੀ ਧੁੱਪ ਆ ਗਈ। ਟੁੰਡ ਖੜ੍ਹਾ ਸੀ ਦਰਖਤ ਦਾ। ਬਾਬਾ ਫਰੀਦ ਜਦ ਆਇਆ, ਦੇਖ ਲਿਆ ਕਿ ਔਹ ਬੈਠੇ ਨੇ ਮੁਰਸ਼ਦ ਤੇ ਉਸ ਵੇਲੇ ਮਨ ਵਿਚ ਸੇਵਾ ਭਾਵਨਾ ਜਾਗੀ ਲੇਕਿਨ ਅੰਦਰ 'ਮੈਂ' ਸੀ। ਭਾਵਨਾ ਕੀ ਜਾਗੀ ਕਿ ਮੁਰਸ਼ਦ ਧੁੱਪੇ ਬੈਠੇ ਨੇ। ਨਿਗ੍ਹਾ ਕਰ ਦਿਤੀ, ਉਸੇ ਵੇਲੇ ਸਾਰਾ ਦਰਖਤ ਟਾਹਣੀਆਂ ਪੱਤਿਆਂ ਦੇ ਨਾਲ ਭਰ ਗਿਆ, ਨਵੀਂਆ ਟਾਹਣੀਆਂ ਨਿਕਲ ਆਈਆਂ, ਲਹਿਲਹਾਉਣ ਲੱਗ ਗਿਆ। ਬਖਤਿਆਰ ਕਾਕੀ ਜੀ ਨੇ ਜਦ ਦੇਖਿਆ ਕਿ ਠੰਢ ਲੱਗੀ ਹੈ, ਉਸੇ ਵੇਲੇ ਨੇਤਰ ਖੋਲ੍ਹੇ। ਨਾਲ ਦੀ ਨਾਲ ਦੇਖ ਲਿਆ ਕਿ ਇਹ ਦਰਵੇਸ਼ ਫੇਰ ਆ ਗਿਆ। ਨਿਗ੍ਹਾ ਕੀਤੀ ਉੱਤੇ ਨੂੰ, ਸਾਰੀਆਂ ਟਾਹਣੀਆਂ ਸੁੱਕ ਗਈਆਂ, ਮੁੜ ਕੇ ਦਰਖਤ ਫੇਰ ਟੁੰਡ ਬਣਾ ਦਿਤਾ।

ਇਸੇ ਤਰ੍ਹਾਂ ਹੀ ਗੁਰੂ ਨਾਨਕ ਪਾਤਸਾਹ ਬਾਗ ਵਿਚ ਆ ਕੇ ਬੈਠ ਗਏ। ਗੁਰੂ ਨਾਨਕ ਦੇਵ ਜੀ ਦੇ ਬੈਠਣ ਸਾਰ, ਸਾਰੇ ਹੀ ਦਰੱਖਤ ਰਸ ਨਾਲ ਭਰ ਗਏ, ਪੱਤੇ ਨਿਕਲ ਆਏ, ਟਾਹਣੀਆਂ ਆ ਗਈਆਂ ਤੇ ਹੁਲਾਰੇ ਮਾਰਨੇ ਸ਼ੁਰੂ ਕਰ ਦਿਤੇ। ਇਸ ਤਰ੍ਹਾਂ ਪੜ੍ਹੋ ਸਾਰੇ –

***ਧਾਰਨਾ - ਸੁੱਕੇ ਬਾਗ ਨੇ ਹੁਲਾਰੇ ਮਾਰੇ,***
***ਜਦੋਂ ਸਤਿਗੁਰ ਆਣ ਬੈਠ ਗਏ - 2, 2.***
***ਮੇਰੇ ਪਿਆਰੇ, ਜਦੋਂ ਸਤਿਗੁਰ ਆਣ ਬੈਠ ਗਏ - 2***
***ਸੁੱਕੇ ਬਾਗ ਨੇ ਹੁਲਾਰੇ ਮਾਰੇ - 2***

***ਸੂਕੇ ਹਰੇ ਕੀਏ ਖਿਨ ਮਾਹੇ॥ ਪੰਨਾ - 191***

***ਸਾ ਧਰਤੀ ਭਈ ਹਰੀਆਵਲੀ ਜਿਥੈ ਮੇਰਾ ਸਤਿਗੁਰੁ ਬੈਠਾ ਆਇ॥***
***ਸੇ ਜੰਤ ਭਏ ਹਰੀਆਵਲੇ ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ॥***
***ਪੰਨਾ - 310***

ਮਾਲੀ ਆ ਗਿਆ, ਦਰਸ਼ਨ ਕੀਤੇ, ਹੈਰਾਨ ਹੋ ਗਿਆ ਕਿ ਅੱਗੇ ਸਾਧੂ ਤਾਂ ਬਹੁਤ ਦੇਖੇ ਪਰ ਆਹ ਜਿਹੜਾ ਦਰਸ਼ਨ ਕਰਨ ਤੇ ਰਸ ਹੁਣ ਮੈਨੂੰ ਮਿਲਿਆ ਹੈ, ਇਹ ਸ਼ਾਂਤੀ ਮੈਨੂੰ ਮਿਲੀ ਹੈ, ਇਹ ਤਾਂ ਮੈਂ ਕਦੇ ਵੀ ਨਹੀਂ ਦੇਖੀ। ਵਿਚਾਰਨ ਲੱਗ ਗਿਆ ਕਿ ਕਿਤੇ ਇਹ ਇਸ ਗੱਲ ਦੀ ਸ਼ਾਂਤੀ ਤਾਂ ਨਹੀਂ ਹੈ ਕਿ ਮੇਰਾ ਬਾਗ ਹਰਾ ਹੋ ਗਿਆ, ਮੈਨੂੰ ਫੇਰ ਚੰਗੀ ਨੌਕਰੀ ਮਿਲ ਜਾਏਗੀ। ਕਹਿਣ ਲੱਗਿਆ, ਮੇਰੇ ਅੰਦਰ ਕੁਛ ਹੋ ਰਿਹਾ ਹੈ, ਮੇਰੇ ਅੰਦਰ ਕੋਈ ਧੁਨ ਉੱਠ ਰਹੀ ਹੈ, ਮੇਰੇ ਅੰਦਰੋਂ ਕੋਈ ਆਪੇ ਹੀ ਅੱਖਰ ਆ ਰਿਹਾ ਹੈ। ਸਮਝਣ ਦਾ ਯਤਨ ਕੀਤਾ। ਹੈਰਾਨ ਹੋ ਗਿਆ ਕਿ 'ਵਾਹਿਗੁਰੂ ਵਾਹਿਗੁਰੂ' ਹੋ ਰਿਹਾ ਹੈ। ਸਮਝ ਗਿਆ ਕਿ ਇਹ ਤਾਂ ਕੋਈ ਪੂਰਾ ਹੈ। ਜਾ ਕੇ ਰਾਜੇ ਨੂੰ ਖਬਰ ਦਿਤੀ ਕਿ ਰਾਜਨ! ਸੁੱਕੇ ਬਾਗ ਦੇ ਅੰਦਰ ਕੋਈ ਮਹਾਤਮਾ ਬੈਠ ਗਏ ਆ ਕੇ, ਤਿੰਨ ਬੈਠੇ ਨੇ। ਉਨ੍ਹਾਂ ਦੇ ਚਰਨ ਪਾਉਣ ਦੀ ਦੇਰ ਸੀ ਕਿ ਬਾਗ ਲਹਿਲਹਾ ਉੱਠਿਆ, ਸਗੂਫੇ ਨਿਕਲ ਆਏ, ਟਾਹਣੀਆਂ ਨਿਕਲ ਆਈਆਂ, ਘਣੀ ਛਾਂ ਹੋ ਗਈ ਹੈ, ਪੰਛੀਆਂ ਨੇ ਆ ਕੇ ਚਹਿਚਹਾ ਲਾ ਦਿਤੀ। ਹਰ ਕਿਸਮ ਦੇ ਪੰਛੀ ਉਥੇ ਆ ਗਏ, ਖੁਸ਼ੀਆਂ ਹੀ ਖੁਸ਼ੀਆਂ ਫੈਲ ਗਈਆਂ ਤੇ ਮੈਨੂੰ ਇਉਂ ਲਗਦਾ ਹੈ ਕਿ ਜਿਸ ਨੂੰ ਤੁਸੀਂ ਉਡੀਕਦੇ ਹੋ, ਉਹ ਆ ਗਏ। ਰਾਜੇ ਨੇ ਸੁਣਿਆ। ਮਾਲੀ ਕਹਿਣ ਲੱਗਿਆ, "ਮਹਾਰਾਜ! ਇਕ ਗੱਲ ਹੋਰ ਮੈਂ ਦੱਸਾਂ – ਜਿਹੜੇ ਦੋ ਸਾਥੀ ਨੇ ਉਹ ਤਾਂ ਜਾ ਕੇ ਛਕ-ਛਕਾ ਆਉਂਦੇ ਨੇ ਪਰ ਇਕ ਨੇ, ਜਦੋਂ ਦੇ ਬੈਠੇ ਨੇ, ਨਾ ਨੇਤਰ ਖੋਲ੍ਹੇ ਹਨ, ਨਾ ਉੱਠੇ ਹਨ। ਨਾ ਉਨ੍ਹਾਂ ਦੇ ਸਰੀਰ ਤੇ ਕੋਈ ਅਸਰ ਪਿਆ ਹੈ। ਤਿੰਨ ਦਿਨ ਦੇ ਨਿਰ-ਆਹਾਰ ਬੈਠੇ ਨੇ। ਚਿਹਰਾ ਲਸ-ਲਸ ਕਰਦਾ ਹੈ। ਚਿਹਰੇ ਦੇ ਉੱਤੇ ਕੋਈ ਰੋਸ਼ਨੀ ਦਾ ਗੋਲ ਚੱਕਰ ਦਾ ਐਨਾ ਪ੍ਰਕਾਸ ਹੈ ਕਿ ਦੇਖਿਆ ਨਹੀਂ ਜਾਂਦਾ, ਅੱਖਾਂ ਚੁੰਧਿਆਉਂਦੀਆਂ ਨੇ ਜਦ ਮਸਤਕ ਵਲ ਦੇਖੀਦਾ ਹੈ। ਅੰਦਰੋਂ ਪਿਆਰ ਫੁਹਾਰ ਝਰ ਰਹੀ ਹੈ।"

ਰਾਜੇ ਦੇ ਮਨ ਵਿਚ ਬੜੀ ਖੁਸ਼ੀ ਆਈ, ਹਿਰਦਾ ਉਮਾਹ ਦੇ ਨਾਲ ਭਰ ਗਿਆ, ਹਿਲਜੁੱਲ ਹੋ ਗਈ, ਝੁਣਝੁਣੀ ਛਿੜਨ ਲੱਗ ਗਈ, ਰੂਹਾਨੀ ਝੁਣਝੁਣਾਹਟ ਹੋ ਗਈ, ਲਹਿਰਾਂ ਉੱਠ ਖੜ੍ਹੀਆਂ ਲੇਕਿਨ ਕੰਟਰੋਲ ਕਰ ਲਈਆਂ ਸਹਿ ਕੇ। ਕਹਿਣ ਲੱਗਿਆ, ਮਤਾਂ ਕੋਈ ਕਰਾਮਾਤੀ ਹੋਵੇ, ਪਰਖਣਾ ਠੀਕ ਹੈ। ਫੇਰ ਅੰਦਰੋਂ ਆਵਾਜ਼ ਆਈ ਕਿ ਜੇ ਸਤਿਗੁਰੂ ਨਾਨਕ ਹੋਏ, ਫੇਰ ਤਾਂ ਮੈਂ ਅਵੱਗਿਆ ਕਰੂੰ। ਮਜ਼ਬੂਰ ਹੋ ਗਿਆ ਕਿ ਇਹ ਮਸਤਕ ਮੈਂ ਗੁਰੂ ਨਾਨਕ ਦੇ ਚਰਨਾਂ ਤੋਂ ਬਗੈਰ ਕਿਤੇ ਹੋਰ ਨਹੀਂ ਨਿਵਾਉਣਾ। ਅੱਖਾਂ ਵਿਚ ਜਲ ਆ ਗਿਆ, ਪਾਤਸ਼ਾਹ! ਬੜਾ ਭੁੱਲਿਆ ਮੈਂ, ਇਕ ਪਾਖੰਡੀ ਦੇ ਪੈਰਾਂ ਤੇ ਮੱਥਾ ਟੇਕ ਦਿਤਾ। ਮੇਰਾ ਮਸਤਕ ਸੁੱਚਾ ਨਹੀਂ ਰਿਹਾ। ਖਿਮਾ ਕਰਨੀ, ਤੇਰੇ ਵਾਸਤੇ ਸੁੱਚਾ ਮਸਤਕ ਰੱਖਣ ਵਾਸਤੇ ਕਿ ਮੈਂ ਕਿਸੇ ਪਾਖੰਡੀ ਸਾਧੂ ਦੇ ਅੱਗੇ ਨਿਵਾਂ ਨਾ, ਮੈਂ ਟੈਸਟ ਲੈਣੇ ਸ਼ੁਰੂ ਕਰ ਦਿਤੇ। ਮੇਰੀ ਭੁੱਲ ਮੁਆਫ ਕਰ ਦਈਂ। ਉਸ ਵੇਲੇ ਪਰਸਰਾਮ ਵਜ਼ੀਰ ਸੀ ਉਸ ਦਾ। ਵਜ਼ੀਰ ਨੂੰ ਪੁੱਛਿਆ। ਵਜ਼ੀਰ ਕਹਿਣ ਲੱਗਿਆ, ਮਹਾਰਾਜ! ਸ਼ਹਿਰ ਦੇ ਬਹੁਤ ਲੋਕ ਗਏ ਨੇ ਤੇ ਸ਼ਹਿਰ ਵਿਚੋਂ ਆਵਾਜ਼ ਆ ਰਹੀ ਹੈ ਕਿ ਕੋਈ ਪੂਰਾ ਉਤਰ ਆਇਆ ਹੈ ਇਸ ਟਾਪੂ ਵਿਚ। ਜਿਹੜਾ ਜਾਂਦਾ ਹੈ, ਪੁੱਛਣ ਵਾਸਤੇ ਜਾਂਦਾ ਹੈ ਪਰ ਬਿਨਾਂ ਪੁੱਛੇ ਹੀ ਸਭ ਗੱਲਾਂ ਪੂਰੀਆਂ ਹੋ ਜਾਂਦੀਆਂ ਹਨ। ਬੋਲਿਆ ਨਹੀਂ ਜਾਂਦਾ, ਅੰਦਰ ਰਸ ਨਾਲ ਹੀ ਭਰ ਜਾਂਦਾ ਹੈ, ਚਿੰਤਾ ਖਤਮ ਹੋ ਜਾਂਦੀ ਹੈ। ਦੁਖੀ ਹੋਏ ਹੋਏ ਜਾਂਦੇ ਹਨ, ਖਾਲੀ ਹਿਰਦੇ ਨਾਲ ਜਾਂਦੇ ਹਨ, ਭਰੇ-ਭਰੇ ਵਾਪਿਸ ਆਉਂਦੇ ਹਨ। ਜਿਵੇਂ ਬਾਗ ਹਰਾ ਹੋ ਗਿਆ ਹੈ, ਇਸੇ ਤਰ੍ਹਾਂ ਦੱਸਦੇ ਹਨ ਕਿ ਸਾਡੇ ਹਿਰਦਿਆਂ ਵਿਚ ਹਰਿਆਵਲ ਆ ਗਈ। ***'ਸੇ ਜੰਤ ਭਏ ਹਰੀਆਵਲੇ ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ॥' (ਪੰਨਾ – 310)*** ਜੇ ਆਗਿਆ ਹੋਵੇ ਤਾਂ ਆਪ ਪਧਾਰੋ, ਬੱਘੀ ਬਗੈਰਾ ਦਾ ਬੰਦੋਬਸਤ ਜਾਂ ਹੋਰ ਕੋਈ ਬੰਦੋਬਸਤ ਕਰੀਏ। ਰਾਜਾ ਕਹਿਣ ਲੱਗਿਆ, "ਨਹੀਂ ਪਰਸਰਾਮ! ਹੋ ਸਕਦਾ ਹੈ ਮੇਰੇ ਸਤਿਗੁਰੂ ਹੀ ਹੋਣ, ਪਰ ਜਿੰਨਾਂ ਚਿਰ ਕਸਵੱਟੀ ਨਹੀਂ ਲਾਈ ਜਾਂਦੀ, ਓਨਾਂ ਚਿਰ ਮੇਰਾ ਜਾਣਾ ਠੀਕ ਨਹੀਂ। ਜਦੋਂ ਕਸਵੱਟੀ ਲੱਗ ਗਈ ਫੇਰ ਸ਼ਿਵਨਾਭ ਦਾ ਅੰਗ-ਅੰਗ, ਰੋਮ ਰੋਮ ਵਿਕ ਜਾਏਗਾ। ਜਾਓ ਕਸਵੱਟੀ ਲਾਓ।" ਸੋ ਪਰਸਰਾਮ ਮੋਤੀਆਂ ਦੇ ਭਰੇ ਹੋਏ ਥਾਲ ਲੈ ਕੇ ਸੇਵਾ ਵਾਸਤੇ ਹਾਜ਼ਰ ਹੋ ਗਿਆ, ਪਕਵਾਨ ਲੈ ਆਇਆ। ਜਾ ਕੇ ਬੇਨਤੀ ਕੀਤੀ ਕਿ ਮਹਾਰਾਜ ਕੁਝ ਛਕੋ, ਪਤਾ ਲੱਗਿਆ ਹੈ ਕਿ ਆਪ ਕਈ ਦਿਨ ਦੇ ਨਿਰ-ਆਹਾਰ ਹੋ।

ਗੁਰੂ ਮਹਾਰਾਜ ਨੇ ਫੁਰਮਾਨ ਕੀਤਾ, "ਅਸੀਂ ਤਾਂ ਛਕਦੇ ਨਹੀਂ ਹਾਂ ਭਾਈ, ਸਦਾ ਹੀ ਰੱਜੇ ਰਹਿੰਦੇ ਹਾਂ, ਸਾਨੂੰ ਨਹੀਂ ਕਦੇ ਭੁੱਖ ਲਗਦੀ, ਭੁੱਖ ਦੁਨੀਆਂ ਨੂੰ ਲਗਦੀ ਹੈ ਪਦਾਰਥਾਂ ਦੀ – ਕਿਸੇ ਨੂੰ ਪੁੱਤਰ ਦੀ ਭੁੱਖ ਹੈ, ਕਿਸੇ ਨੂੰ ਨੌਕਰੀ ਦੀ ਭੁੱਖ ਹੈ, ਕਿਸੇ ਨੂੰ ਇਸਤਰੀ ਦੀ ਭੁੱਖ ਹੈ, ਕਿਸੇ ਨੂੰ ਮਾਣ ਦੀ ਭੁੱਖ ਹੈ। ਸਾਰਾ ਸੰਸਾਰ ਭੁੱਖਾ ਫਿਰਦਾ ਹੈ। ਸਾਨੂੰ ਨਹੀਂ ਭੁੱਖ ਲਗਦੀ। ਇਸ ਤਰ੍ਹਾਂ ਨਾ ਕਹਿ ਕਿ ਅਸੀਂ ਭੁੱਖੇ ਹਾਂ, ਅਸੀਂ ਤਾਂ ਸਦਾ ਰੱਜੇ ਹਾਂ।"

ਕਹਿਣ ਲੱਗਿਆ, "ਮਹਾਰਾਜ! ਸਾਡੇ ਮਹਾਰਾਜੇ ਦਾ ਹੁਕਮ ਹੈ ਕਿ ਜਦੋਂ ਕੋਈ ਸਾਧੂ ਮਹਾਂਪੁਰਸ਼ ਆਵੇ ਤਾਂ ਉਸਦੀ ਆਉਭਗਤ ਪੂਰੀ ਤਰ੍ਹਾਂ ਕਰੋ। ਇਸ ਦੇਸ਼ ਦੇ ਰਿਵਾਜ ਮੁਤਾਬਿਕ ਉਸ ਨੂੰ ਖਾਣ ਲਈ ਮਾਸ ਤੇ ਪੀਣ ਲਈ ਮਦਰਾ ਆਦਿ ਨਾਲ ਸੇਵਾ ਕਰੋ ਅਤੇ ਮਨੋਰੰਜਨ ਲਈ ਨਾਚ ਮੁਜਰੇ ਦਾ ਬੰਦੋਬਸਤ ਕਰੋ। ਹੋਰ ਹਰ ਤਰ੍ਹਾਂ ਸਾਧੂ ਨੂੰ ਪ੍ਰਸੰਨ ਕਰੋ। ਇਥੇ ਕਈ ਨਾਥ ਪੰਥੀ ਆਉਂਦੇ ਹਨ, ਉਹ ਮਦਰਾ ਨੂੰ ਬਹੁਤ ਪਸੰਦ ਕਰਦੇ ਹਨ ਅਤੇ ਰਾਤ ਬਿਸਰਾਮ ਲਈ ਸੁੰਦਰੀਆਂ ਤੋਂ ਸੇਵਾ ਲੈਂਦੇ ਹਨ।" ਐਨੇ ਨੂੰ ਬਹੁਤ ਸੁੰਦਰ ਬਸਤਰਾਂ ਵਾਲੀਆਂ ਖੂਬਸੂਰਤ ਅਧਨੰਗੇਜ ਵਾਲੇ ਨਚਣ ਵਾਲੇ ਪਤਲੇ ਬਸਤਰ ਪਹਿਨ ਕੇ ਇਸਤਰੀਆਂ ਹਾਵ-ਭਾਵ ਕਰਦੀਆਂ ਹੋਈਆਂ ਮਹਾਰਾਜ ਜੀ ਦੇ ਕੋਲ ਪਹੁੰਚ ਗਈਆਂ। ਪਾਤਸ਼ਾਹ! ਇਹ ਆਪ ਦੀ ਸੇਵਾ ਵਿਚ ਏਥੇ ਰਾਤ ਨੂੰ ਰਹਿਣਗੀਆਂ ਤੇ ਜੋ ਆਗਿਆ ਹੋਵੇ, ਜਿਸ ਪਦਾਰਥ ਦੀ ਇੱਛਾ ਹੋਵੇ – ਮਦਰਾ ਦੀ ਹੋਵੇ, ਮਾਸ ਦੀ ਹੋਵੇ, ਉਹ ਫੌਰਨ ਪੂਰੀ ਕੀਤੀ ਜਾਏਗੀ। ਸੋ ਆਪ ਕਿਰਪਾ ਕਰਕੇ ਹੁਕਮ ਕਰੋ।

ਆਪ ਮੁਸਕਰਾ ਪਏ। ਕਹਿਣ ਲੱਗੇ, "ਪਰਸਰਾਮ! ਇਹ ਕੀ ਲੈ ਕੇ ਆਇਆ ਹੈਂ; ਨਾਚੀਆਂ?

***ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ॥***
***ਪੰਨਾ – 642***

ਇਹਨਾਂ ਦਾ ਸੰਗ ਕਰਕੇ ਕੁੰਭੀ ਨਰਕ ਦਾ ਟਿਕਟ ਮਿਲਦਾ ਹੈ। ਉਤੋਂ ਸੋਹਣੀਆਂ ਨੇ ਲੇਕਿਨ ਅੰਦਰ ਇਨ੍ਹਾਂ ਦੇ ਵਿਸ਼ੇ-ਵਿਕਾਰਾਂ ਦੀ ਵਿਹੁ ਭਰੀ ਪਈ ਹੈ। ਇਸ ਤਰ੍ਹਾਂ ਫੁਰਮਾਨ ਕਰਦੇ ਹਨ –

***ਧਾਰਨਾ – ਇਹ ਤਾਂ ਵਿਹੁ ਦੀਆਂ ਭਰੀਆਂ ਹੋਈਆਂ ਗੰਦਲਾਂ,***
***ਖੰਡ 'ਚ ਲਬੇੜ ਰੱਖੀਆਂ – 2, 2.***
***ਮੇਰੇ ਪਿਆਰੇ, ਖੰਡ 'ਚ ਲਬੇੜ ਰੱਖੀਆਂ – 2***
***ਇਹ ਤਾਂ ਵਿਹੁ ਦੀਆਂ ਭਰੀਆਂ ਹੋਈਆਂ,....2***

***ਫਰੀਦਾ ਏ ਵਿਸੁ ਗੰਦਲਾ ਧਰੀਆਂ ਖੰਡੁ ਲਿਵਾੜਿ॥***
***ਇਕਿ ਰਾਹੇਦੇ ਰਹਿ ਗਏ ਇਕਿ ਰਾਧੀ ਗਏ ਉਜਾੜਿ॥***
***ਪੰਨਾ – 1379***

ਕਹਿਣ ਲੱਗੇ, ਪਰਸਰਾਮ! ਦੇਖਣ ਨੂੰ ਸੋਹਣੀਆਂ ਲਗਦੀਆਂ ਹਨ, ਬਸਤਰ ਸੁਹਣੇ ਹਨ, ਸਾਰੀਆਂ ਪਦਮਨੀਆਂ ਨੇ ਲੇਕਿਨ ਅੰਦਰ ਕੀ ਹੈ? ਵਿਸ਼ੇ ਵਿਕਾਰ ਭਰੇ ਪਏ ਹਨ। ਉਸ ਤਰ੍ਹਾਂ ਦੀਆਂ ਨਹੀਂ ਹਨ ਜਿਹੋ ਜਿਹੀਆਂ ਉਪਰੋਂ ਹਨ। ਜਿਨ੍ਹਾਂ ਦੇ ਹਿਰਦੇ ਦੇ ਅੰਦਰ ਪ੍ਰਭੂ ਦਾ ਪਿਆਰ ਹੋਵੇ, ਨਾਮ ਦਾ ਰਸ ਹੋਵੇ ਅੰਦਰ, ਆਤਮ ਵਿਚਾਰ ਹੋਵੇ, ਉਹ ਪੂਜਨੀਕ ਨੇ, ਮਸਤਕ ਨਿਵਾਉਂਦੇ ਹਾਂ ਉਨ੍ਹਾਂ ਨੂੰ। ਜਿਨ੍ਹਾਂ ਦੇ ਹਿਰਦੇ ਦੇ ਅੰਦਰ ਵਿਸ਼ਿਆਂ ਦੀ, ਵਿਕਾਰਾਂ ਦੀ ਵਿਹੁ ਹੈ, ਉਨ੍ਹਾਂ ਨਾਲ ਤਾਂ ਸਿੱਧਾ ਹੀ ਨਰਕਾਂ ਦਾ ਟਿਕਟ ਮਿਲਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਭੁਲੇਖਾ ਪਿਆ ਹੋਇਆ ਹੈ ਦੇਹ ਅਧਿਆਸ ਦਾ।

ਇਕ ਵਾਰੀ ਬਾਬਾ ਫਰੀਦ ਜੀ ਚਲੇ ਜਾ ਰਹੇ ਹਨ ਤੇ ਜਾਂਦੇ-ਜਾਂਦੇ ਇਕ ਥਾਂ ਤੋਂ ਚੀਕ ਦੀ ਆਵਾਜ਼ ਆਈ, ਚੀਕ ਮਾਰੀ ਕਿਸੇ ਨੇ। ਹਿਰਦੇ ਨੂੰ ਵਿੰਨ੍ਹਦੀ ਚਲੀ ਗਈ। ਬੰਦਗੀ

ਕਰਨ ਵਾਲਿਆਂ ਦੇ ਹਿਰਦੇ ਬਹੁਤ ਨਰਮ ਹੋਇਆ ਕਰਦੇ ਹਨ, ਦੂਸਰੇ ਦਾ ਦੁੱਖ ਦੇਖ ਕੇ ਸਹਿ ਨਹੀਂ ਸਕਿਆ ਕਰਦੇ। ਇਸੇ ਕਰਕੇ ਗੁਰੂ ਮਹਾਰਾਜ ਨੇ ਚਾਰੇ ਸਾਹਿਬਜ਼ਾਦੇ ਸ਼ਹੀਦ ਕਰਾ ਦਿਤੇ, ਪਿਤਾ ਸ਼ਹੀਦ ਕਰਾ ਦਿਤਾ, ਮਾਤਾ ਸ਼ਹੀਦ ਕਰਾ ਦਿਤੀ, ਆਪ ਸ਼ਹੀਦ ਹੋ ਗਏ; ਕਿਸ ਵਾਸਤੇ? ਉਹ ਆਪ ਦੁਖੀ ਨਹੀਂ ਸਨ ਪਰ ਸਾਡਾ ਦੁਖ ਨਹੀਂ ਸੀ ਸਹਿ ਸਕਦੇ। ਜ਼ੋਰ ਨਾਲ ਧਰਮ ਬਦਲਿਆ ਜਾ ਰਿਹਾ ਸੀ, ਜਨੇਊ ਲਾਹੇ ਜਾ ਰਹੇ ਸੀ, ਟਿੱਕਾ ਮਿਟਾਇਆ ਜਾ ਰਿਹਾ ਸੀ, ਗਊ ਮਾਰੀ ਜਾ ਰਹੀ ਸੀ, ਹਾਇ ਕੁਰਲਾਹਟ ਮਚੀ ਹੋਈ ਸੀ, ਜ਼ੋਰ-ਜਬਰ ਨਾਲ ਧਰਮ ਬਦਲਿਆ ਜਾ ਰਿਹਾ ਸੀ। ਸਹਿ ਨ ਸਕੇ ਗੁਰੂ ਮਹਾਰਾਜ।

ਜਦੋਂ ਦੁਖੀ ਬ੍ਰਾਹਮਣਾਂ ਦੇ ਨੁਮਾਇੰਦੇ ਨੌਂਵੇਂ ਪਾਤਸ਼ਾਹ ਦੇ ਹਜ਼ੂਰ, ਭਾਰਤ ਵਿਚੋਂ, ਕਸ਼ਮੀਰ ਵਿਚੋਂ ਚਲ ਕੇ, ਆਪਣੇ ਦੁਖ ਨੂੰ ਦੂਰ ਕਰਨ ਲਈ ਅਨੰਦਪੁਰ ਸਾਹਿਬ ਆਏ ਤਾਂ ਗੁਰੂ ਮਹਾਰਾਜ ਜੀ ਦੁਖ ਸੁਣ ਕੇ ਗੰਭੀਰ ਹੋ ਗਏ ਤੇ ਖਾਮੋਸ਼ ਹੋ ਗਏ। ਬਾਲ ਗੋਬਿੰਦ ਰਾਏ ਜੀ ਬਾਹਰ ਖੇਲ੍ਹ ਕੇ ਆਏ ਤਾਂ ਸਾਰਿਆਂ ਦੇ ਸਹਿਮੇਂ ਹੋਏ ਚਿਹਰੇ ਤੱਕ ਕੇ ਗੁਰੂ ਨੌਂਵੇਂ ਪਾਤਸ਼ਾਹ ਨੂੰ ਪੁਛਿਆ, "ਪਾਤਸ਼ਾਹ! ਆਪ ਚੁੱਪ ਕਰਕੇ ਕਿਉਂ ਬੈਠੇ ਹੋ?"

ਕਹਿਣ ਲੱਗੇ, "ਲਾਲ ਜੀ, ਇਹ ਦੁਖੀ ਆਏ ਨੇ ਕਸ਼ਮੀਰ ਤੋਂ - ਬ੍ਰਾਹਮਣ, ਹੋਰ ਵੀ ਨਾਲ ਆਏ ਨੇ ਸਾਰੇ। ਇਨ੍ਹਾਂ ਦੀਆਂ ਦਰਦਨਾਕ ਕਹਾਣੀਆਂ ਸੁਣੀਆਂ ਨਹੀਂ ਜਾਂਦੀਆਂ। ਜ਼ੋਰ ਜਬਰ ਦੇ ਨਾਲ ਧਰਮ ਬਦਲਿਆ ਜਾ ਰਿਹਾ ਹੈ। ਭਾਵੇਂ ਸਾਨੂੰ, ਸਾਡੇ ਪ੍ਰੇਮੀਆਂ ਨੂੰ ਕੋਈ ਖਤਰਾ ਨਹੀਂ ਹੈ ਪਰ ਅੱਜ ਇਨ੍ਹਾਂ ਤੇ ਜ਼ੁਲਮ ਕੀਤਾ ਜਾ ਰਿਹਾ ਹੈ। ਇਹ ਜਨੇਊ ਪਹਿਨਦੇ ਨੇ, ਠੀਕ ਹੈ, ਇਹਨਾਂ ਨੂੰ ਪਿਆਰ ਦੇ ਨਾਲ ਸਮਝਾ ਦਿਉ -

***ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥***
***ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥***
***ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ॥***
***ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ॥***
***ਪੰਨਾ - 471***

ਪਰ ਲਾਹੋ ਨਾ ਜ਼ੋਰ ਨਾਲ। ਦੱਸ ਦਿਓ ਕਿ ਇਸ ਤੋਂ ਸ੍ਰੇਸ਼ਟ ਜਨੇਊ ਇਕ ਹੋਰ ਹੈ, ਪਹਿਨਣਾ ਚਾਹੁੰਦੇ ਹੋ ਤਾਂ ਪਹਿਨ ਲਉ ਤੇ ਇਹ ਕੀ ਮਤਲਬ ਕਿ ਜ਼ੋਰ ਦੇ ਨਾਲ ਬੰਦੇ ਕਤਲ ਕਰ ਦਿਤੇ ਜਾਣ। ਜਦੋਂ ਧਰਮ ਦੀ ਤਬਦੀਲੀ ਜ਼ੋਰ ਤੇ ਹੋਏਗੀ, ਕੋਈ ਅਸੂਲ ਨਹੀਂ ਬਣਾਏ ਜਾਣਗੇ, ਉਸ ਦੀ ਬੁਨਿਆਦ ਕੱਚੀ ਹੁੰਦੀ ਹੈ। ਜਦੋਂ ਜ਼ੋਰ ਹਟ ਜਾਏਗਾ ਉਸੇ ਵੇਲੇ ਧੜੰਮ ਦੇ ਕੇ ਜਿਵੇਂ ਮਹਿਲ ਗਿਰਦਾ ਹੈ, ਧਾਰਿਆ ਹੋਇਆ ਧਰਮ ਆਪਣੇ ਅਸੂਲਾਂ ਤੋਂ ਗਿਰ ਜਾਂਦਾ ਹੈ। ਧਰਮ ਜ਼ੋਰ ਨਾਲ ਨਹੀਂ ਚੱਲਿਆ ਕਰਦਾ। ਫੇਰ ਸਿੱਖ ਧਰਮ ਅੰਤਰਮੁਖੀ ਧਰਮ ਹੈ, ਇਹ negative approach (ਨਾਂਹ-ਵਾਚੀਆਂ) ਦਾ ਧਰਮ ਨਹੀਂ ਹੈ। ਇਸ ਦੇ ਵਿਚ ਜੀਵਨ ਬਨਾਉਣਾ ਦੱਸਿਆ ਹੈ। ਬੜਾ ਔਖਾ ਹੈ, ਚੜ੍ਹਾਈ ਹੈ ਇਸ ਦੇ ਵਿਚ, ਉਤਰਾਈ ਨਹੀਂ ਹੈ ਕਿਤੇ ਵੀ।

ਸੋ ਇਸ ਤਰ੍ਹਾਂ ਬਾਬੇ ਫਰੀਦ ਜੀ ਦੇ ਅੰਦਰ ਦਰਦ ਆਇਆ, ਖੜ੍ਹ ਕੇ ਦਰਵਾਜ਼ਾ ਖਟਖਟਾਇਆ। ਅੰਦਰੋਂ ਇਕ ਬੀਬੀ ਆਈ ਜਿਸਦੀਆਂ ਅੱਖਾਂ ਲਾਲ ਹੋਈਆਂ ਪਈਆਂ ਨੇ, ਕ੍ਰੋਧ ਦੇ ਨਾਲ, ਹੱਥ ਵਿਚ ਹੰਟਰ ਹੈ। ਉਸ ਨੇ ਦਰਵਾਜ਼ਾ ਖੋਲ੍ਹਿਆ, ਕਹਿਣ ਲੱਗੀ, "ਦਰਵੇਸ਼! ਕੀ ਗੱਲ? ਇਹ ਤਾਂ ਵੇਸ਼ਵਾ ਦਾ ਘਰ ਹੈ।" ਆਪ ਨੇ ਕਿਹਾ, "ਬੀਬੀ! ਸਾਡੇ ਲਈ ਸੰਸਾਰ ਵਿਚ ਕੋਈ ਵੇਸ਼ਵਾ ਨਹੀਂ ਹੈ, ਸਾਨੂੰ ਤਾਂ ਸਭ ਦੇ ਵਿਚ ਪ੍ਰਭੂ ਦੀ ਜੋਤਿ ਨਜ਼ਰ ਆਉਂਦੀ ਹੈ। ਅਸੀਂ ਹੀ ਸਭ ਤੋਂ ਬੁਰੇ ਹਾਂ, ਸਾਥੋਂ ਭਲੇ ਹੀ ਭਲੇ ਨੇ ਸਾਰੇ। ਕੀ ਗੱਲ, ਇਹ ਆਵਾਜ਼ ਕਾਹਦੀ ਹੈ - ਐਨੀ ਦੁੱਖ ਭਰੀ ਹੋਈ?" ਕਹਿਣ ਲੱਗੀ, "ਤੈਂ ਕੀ ਲੈਣੈ ਦਰਵੇਸ਼। ਇਹ ਸਾਡੇ ਕੰਮ ਨੇ, ਅਸੀਂ ਜਾਣਦੇ ਹਾਂ। ਸੁਰਮਾ ਦਿਤਾ ਸੀ ਇਸ ਨੂੰ - ਰਗੜਨ ਵਾਸਤੇ, ਮੋਟਾ ਰਹਿ ਗਿਆ, ਜਦ ਮੈਂ ਅੱਖ ਦੇ ਵਿਚ ਪਾਇਆ ਤਾਂ ਉਹ ਜਿਹੜੀ ਕਜਲੇ ਦੀ ਧਾਰ ਸੀ, ਅੱਖ ਵਿਚੋਂ ਪਾਣੀ ਨਿਕਲ ਆਇਆ ਤੇ ਆਹ ਦੇਖ ਕਿਵੇਂ ਧਾਰ ਚੌੜੀ ਕਰ ਦਿਤੀ ਇਸ ਨੇ। ਸੋ ਮੈਂ ਇਸ ਨੂੰ ਮੱਤ ਦੇ ਰਹੀ ਹਾਂ।" ਬਾਬਾ ਫਰੀਦ ਨੇ ਕਿਹਾ, "ਬੀਬੀ! ਇਹ ਦੇਹ ਅਧਿਆਸ ਹੈ, ਇਸ ਦੇਹੀ ਨੇ ਤਾਂ ਖਾਕ ਬਣ ਜਾਣਾ ਹੈ, ਇਸ ਦੇ ਵਿਚ ਤਾਂ ਕੁਛ ਨਹੀਂ ਹੈ ਤੇ ਐਨਾ ਜੋਬਨ ਦਾ ਮਾਣ ਨਹੀਂ ਚਾਹੀਦਾ। ਸਰੀਰ ਢਲ ਜਾਣਾ ਹੈ, ਬੁੱਢਾ ਹੋ ਜਾਣਾ ਹੈ, ਉਸ ਵੇਲੇ ਇਹ ਅੱਖਾਂ ਜਿਹੜੀਆਂ ਨੇ ਇਹ ਚਲੀਆਂ ਜਾਣਗੀਆਂ -

***ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ॥***
***ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ॥ ਪੰਨਾ - 1381***

ਕੰਨ ਸੁਣਨ ਤੋਂ ਹਟ ਗਏ, ਅੱਖਾਂ ਦੇਖਣ ਤੋਂ ਹਟ ਗਈਆਂ, ਜ਼ੁਬਾਨ ਬੋਲਣ ਵੇਲੇ ਥਥਲਾਉਣ ਲੱਗ ਪਈ, ਪੈਰ ਤੁਰਦੇ ਨਹੀਂ ਹਨ, ਸਹਾਰਾ ਮੰਗਦੇ ਹਨ, ਹੱਥ ਕੰਬਦੇ ਨੇ, ਪਾਣੀ ਮੂੰਹ ਵਿਚ ਨਹੀਂ ਪੈਂਦਾ, ਪਿਆਲਾ ਅੱਧਾ ਡੁੱਲ੍ਹ ਜਾਂਦਾ ਹੈ। ਇਹ ਹਾਲ ਹੋ ਜਾਣਾ ਹੈ। ਇਹ ਕਾਹਦਾ ਅਭਿਮਾਨ ਕਰਦੀ ਹੈਂ ਬੀਬੀ! ਇਹ ਤਾਂ ਛਿਨਭੰਗਰ ਹੈ -

***ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ॥***
***ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ॥***
***ਪੰਨਾ - 254***

ਕੀ ਪਤਾ ਹੈ ਕਦੋਂ ਚਲਾ ਜਾਵੇ।

ਕਹਿਣ ਲੱਗੀ, "ਦਰਵੇਸ਼ ਸਾਂਈ! ਇਹ ਉਪਦੇਸ਼ ਏਥੇ ਨਾ ਦੇਹ, ਇਹ ਉਪਦੇਸ਼ ਜਾ ਕੇ ਤੂੰ ਆਪਣੇ ਮੁਰੀਦਾਂ ਵਿਚ ਦੇਹ, ਉਹ ਸੁਣਨਗੇ। ਜਿਹੜਾ ਸੁਣਦਾ ਨਾ ਹੋਵੇ, ਉਸ ਨੂੰ ਨਹੀਂ ਗੱਲ ਦੱਸੀਦੀ ਹੁੰਦੀ। ਜਾਹ, ਤੂੰ ਆਪਣਾ ਕੰਮ ਕਰ, ਅਸੀਂ ਆਪਣਾ ਕੰਮ ਕਰਦੇ ਹਾਂ।"

ਫਰੀਦ ਜੀ ਚਲੇ ਗਏ। ਸਮਾਂ ਬਹੁਤ ਬੀਤ ਗਿਆ। ਅਖੀਰ, ਇਕ ਦਿਨ ਕੀ ਦੇਖਦੇ ਹਨ ਕਿ ਇਕ ਸਰੀਰ ਦੇ ਕੁਛ ਛਾਤੀ ਦੇ ਉਪਰਲੇ ਹੱਡ ਟੁੱਟੇ ਪਏ ਹਨ, ਝਾੜਾਂ ਵਿਚ ਪਏ ਨੇ ਤੇ ਅੱਖਾਂ ਵਿਚੋਂ ਬੱਚੇ ਚੁੰਝਾਂ ਕੱਢ-ਕੱਢ ਕੇ ਬਾਹਰ ਨੂੰ ਦੇਖ ਰਹੇ ਹਨ। ਉਸ ਖੋਪੜੀ ਵਿਚ ਆਲ੍ਹਣਾ ਪਾਇਆ ਹੋਇਆ ਹੈ। ਬਾਬਾ ਫਰੀਦ ਜੀ ਉਥੇ ਬੈਠ ਕੇ ਅੰਤਰ ਧਿਆਨ ਹੋਏ। ਸਾਮ੍ਹਣੇ ਵੇਸਵਾ ਦਾ ਸਰੀਰ ਆ ਗਿਆ, ਉਹੀ ਦਿਨ ਆ ਗਿਆ ਜਦੋਂ ਉਸ ਨੂੰ ਕਿਹਾ ਸੀ ਕਿ ਬੀਬੀ ਦੇਹ ਦਾ ਮਾਣ ਨ ਕਰ, ਇਹ ਕੁਛ ਵੀ ਨਹੀਂ ਹੈ ਤੇ ਉਸ ਨੇ ਬੜੇ ਰੋਹਬ ਨਾਲ ਕਿਹਾ ਸੀ

ਕਿ ਜਾਹ ਫਕੀਰ ਸਾਂਈ! ਤੂੰ ਆਪਣਾ ਕੰਮ ਕਰ, ਅਸੀਂ ਆਪਣਾ ਕਰਦੇ ਹਾਂ। ਸਿਜਦਾ ਕੀਤਾ ਆਪ ਨੇ। ਮੁਰੀਦਾਂ ਨੇ ਪੁੱਛਿਆ, "ਬਾਬਾ ਜੀ! ਕ੍ਰਿਪਾ ਕਰਕੇ ਇਹ ਗੈਬ ਦੀ ਬਾਤ ਦਾ ਸਾਨੂੰ ਵੀ ਕੁਛ ਪਤਾ ਦਿਓ, ਸਾਨੂੰ ਵੀ ਪਤਾ ਲੱਗੇ ਕਿ ਆਪ ਨੇ ਸਿਜਦਾ ਕੀਤਾ ਹੈ, ਕੀ ਕਾਰਣ ਹੈ?" ਫਰੀਦ ਜੀ ਕਹਿਣ ਲੱਗੇ, "ਇਹ ਬੀਬੀ ਉਹੀ ਹੈ, ਉਸਦਾ ਹੀ ਸਰੀਰ ਹੈ। ਕਿਸੇ ਨੇ ਆਦਰ ਨਾਲ ਇਸ ਦਾ ਸਰੀਰ ਨਹੀਂ ਦਫਨਾਇਆ ਬੇਦਿਲੀ ਨਾਲ ਦਫਨਾਇਆ ਹੈ, ਜਾਨਵਰਾਂ ਨੇ ਕੱਢ ਲਈਆਂ ਹੱਡੀਆਂ, ਇਹ ਉਸ ਦੇ ਧੜ ਦਾ ਗਰਦਨ ਤੋਂ ਉਪਰਲਾ ਹਿੱਸਾ ਝਾੜਾਂ ਵਿਚ ਫਸਿਆ ਪਿਆ ਹੈ। ਇਸ ਦੇ ਵਿਚ ਕਿਸੇ ਪੰਛੀ ਨੇ ਆਲ੍ਹਣਾ ਪਾ ਲਿਆ। ਉਹ ਅੱਖਾਂ, ਜਿਨ੍ਹਾਂ ਵਿਚ ਜ਼ਰਾ ਕੁ ਮੋਟਾ ਜਿਹਾ ਸੁਰਮਾ ਸਹਿ ਨਹੀਂ ਸੀ ਸਕੀ ਤੇ ਕਹਿੰਦੀ ਸੀ ਕਿ ਮੇਰੀ ਅੱਖ ਦੇ ਵਿਚੋਂ ਪਾਣੀ ਚੱਲ ਕੇ ਕਜਲੇ ਦੀ ਧਾਰ ਖਰਾਬ ਕਰ ਦਿਤੀ, ਇਹ ਦੇਖੋ, ਹੁਣ ਕਿਹਨੂੰ ਕਹੇਗੀ? ਉਸ ਵੇਲੇ ਆਪ ਨੇ ਇਸ ਤਰ੍ਹਾਂ ਦੇ ਨਾਲ ਸ਼ਬਦ ਉਚਾਰਨ ਕੀਤਾ –

***ਧਾਰਨਾ – ਜਿਹੜੀਆਂ ਕੱਜਲ ਰੇਖ ਨਾ ਸੀ ਸਹਿੰਦੀਆਂ,***
***ਪੰਛੀਆਂ ਨੇ ਪਾ ਲਏ ਆਲ੍ਹਣੇ-2***
***ਪਿਆਰਿਓ, ਪੰਛੀਆਂ ਨੇ ਪਾ ਲਏ ਆਲ੍ਹਣੇ – 2***
***ਜਿਹੜੀਆਂ ਕੱਜਲ ਰੇਖ ਨਾ ਸੀ ਸਹਿੰਦੀਆਂ,..।***

***ਫਰੀਦਾ ਜਿਨ ਲੋਇਣ ਜਗੁ ਮੋਹਿਆ ਸੇ ਲੋਇਣ ਮੈ ਡਿਠੁ॥***
***ਕਜਲ ਰੇਖ ਨ ਸਹਦਿਆ ਸੇ ਪੰਖੀ ਸੂਇ ਬਹਿਠੁ॥***

***ਪੰਨਾ – 1378***

ਹੁਣ ਆਪਣੀਆਂ ਅੱਖਾਂ ਨਾਲ ਮੈਂ ਦੇਖ ਲਿਆ। ਕੋਈ ਵਕਤ ਸੀ ਜਦ ਇਹੀ ਅਖਾਂ ਕੱਜਲ ਨਹੀਂ ਸੀ ਸਹਿ ਸਕੀਆਂ ਤੇ ਹੁਣ ਕਿਸ ਨੂੰ ਕਹੇਗੀ ਇਹ, ਕਿਸ ਨੂੰ ਮਾਰੇਗੀ, ਹੰਟਰ ਕਿਥੋਂ ਲਿਆਏਗੀ?

ਸੋ ਇਸ ਤਰ੍ਹਾਂ ਦੇਹ ਅਧਿਆਸ ਬੁਰੀ ਚੀਜ਼ ਹੈ। ਬੰਦਾ ਭੁੱਲ ਦੇ ਨਾਲ ਇਸ ਦੇਹ ਨੂੰ ਹੀ ਸਭ ਕੁਛ ਮੰਨੀ ਬੈਠਾ ਹੈ। ਇਹ ਹੈ ਕੀ, ਪੰਜ ਤੱਤ ਦੀ ਇਕ ਮਸ਼ੀਨ ਬਣਾਈ ਹੋਈ ਹੈ। ਇਸ ਦੇ ਵਿਚ ਇੱਕ ਪੰਛੀ ਰਹਿੰਦਾ ਹੈ, ਉਸ ਦੇ ਵਾਸਤੇ –

***ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ॥***

***ਪੰਨਾ – 659***

***ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੂੰਦ ਕਾ ਗਾਰਾ॥***

***ਪੰਨਾ – 659***

ਗਾਰਾ ਗੁੰਨ੍ਹ ਲਿਆ – ਰਕਤ ਦਾ ਤੇ ਬਿੰਦ ਦਾ। ਜਲ ਦੀ ਕੰਧ ਹੈ ਤੇ ਪਉਣ ਦਾ ਥੰਭਾ ਦਿਤਾ ਹੋਇਆ ਹੈ। ਸਾਹ ਚੱਲੇ ਤਾਂ ਕਾਇਮ ਹੈ, ਜੇ ਸਾਹ ਹਟ ਜਾਏ, ਧੜੰਮ ਗਿਰ ਜਾਏਗਾ। ***'ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ॥' (ਪੰਨਾ – 659)*** ਇਸ ਪਿੰਜਰੇ ਨੂੰ ਕਹਿੰਦਾ ਹੈ ਕਿ ਮੈਂ ਹਾਂ। ਬੜਾ ਭਾਰੀ ਭੁਲੇਖਾ ਪਿਆ ਹੋਇਆ ਹੈ ਬੰਦੇ ਨੂੰ, ਸਾਰਿਆਂ ਨੂੰ ਹੀ ਪਿਆ ਹੋਇਆ ਹੈ। ਕਹਿੰਦੇ ਨੇ, ਮੈਂ ਕਾਲਾ ਹਾਂ, ਮੈਂ ਗੋਰਾ ਹਾਂ, ਮੈਂ ਅਮੀਰ ਹਾਂ, ਮੈਂ ਗਰੀਬ ਹਾਂ, ਮੈਂ ਇਸ ਤਰ੍ਹਾਂ ਦਾ ਹਾਂ, ਮੈਂ ਉਸ ਤਰ੍ਹਾਂ ਦਾ ਹਾਂ; ਬੜਾ ਭੁਲੇਖਾ ਪਿਆ ਹੋਇਆ ਹੈ। ਮਹਾਰਾਜ ਕਹਿੰਦੇ ਕਿ ਸੋਚਿਆ ਤਾਂ ਕਰ। ਇਹ ਪੰਜ ਤੱਤ ਦਾ ਮਸਾਲਾ ਗੁੰਨ੍ਹਿਆ ਹੋਇਆ ਹੈ, ਮਿੱਟੀ ਗੁੰਨ੍ਹੀ ਹੋਈ ਹੈ, ਮਿੱਟੀ ਫੁੱਲੀ ਹੋਈ ਹੈ। ਹੋਰ ਤਾਂ ਕੁਛ ਨਹੀਂ ਹੈ। ਮਿੱਟੀ ਦੇ ਨਾਲ ਵਧੀ ਹੋਈ ਹੈ। ਕਣਕ ਖਾਂਦੇ ਹਾਂ, ਕਿਥੋਂ ਆਉਂਦੀ ਹੈ, ਮਿੱਟੀ ਵਿਚੋਂ ਆਉਂਦੀ ਹੈ। ਫਲ ਖਾਂਦੇ ਹਾਂ, ਕਿਥੋਂ ਆਉਂਦੇ ਹਨ, ਮਿੱਟੀ ਵਿਚੋਂ ਆਉਂਦੇ ਹਨ, refined ਹੋ ਕੇ ਆਉਂਦੇ ਨੇ। ਦੁੱਧ ਪੀਂਦੇ ਹਾਂ, ਕਿਥੋਂ ਆਉਂਦਾ ਹੈ। ਚਾਰਾ ਖਾਂਦੇ ਨੇ ਡੰਗਰ, ਉਸ ਤੋਂ ਦੁੱਧ ਬਣਦਾ ਹੈ, refined ਹੋ ਕੇ ਆਉਂਦਾ ਹੈ। ਉਹੀ ਘਾਹ-ਫੂਸ ਜੇ ਤੈਨੂੰ ਖਾਣ ਨੂੰ ਮਿਲ ਜਾਵੇ, ਤੇਰੇ ਹਜ਼ਮ ਨਹੀਂ ਹੋਣਾ। ਲੇਕਿਨ ਵਾਹਿਗੁਰੂ ਨੇ ਕਿੱਡੀ ਬੜੀ ਕੁਦਰਤਿ ਕਰੀ ਹੈ ਕਿ ਪਸ਼ੂ ਇਸ ਚਾਰੇ ਨੂੰ ਖਾਂਦੇ ਨੇ, ਫੇਰ ਉਹ ਪਸ਼ੂ ਤੇਰੇ ਨਾਲੋਂ ਕਿੰਨੇ ਚੰਗੇ ਹਨ। ਉਹ ਘਾਹ ਫੂਸ ਤੋਂ ਦੁੱਧ ਬਣਾਉਂਦੇ ਹਨ, ਉਹ ਦੁੱਧ ਤੂੰ ਪੀਂਦਾ ਹੈਂ। ਉਹ ਵੀ ਮਿੱਟੀ ਵਿਚੋਂ ਹੀ ਆਉਂਦਾ ਹੈ। ਮਿੱਟੀ ਵਿਚੋਂ ਹੀ ਮਿੱਟੀ ਵਧਦੀ ਤੁਰੀ ਆਉਂਦੀ ਹੈ। **ਕਹਿੰਦੇ ਪੰਜ ਤੱਤ ਨੇ, 25 ਪ੍ਰਕ੍ਰਿਤੀਆਂ ਨੇ, ਪੰਜ ਪ੍ਰਾਣ ਨੇ, ਇਸ ਦੇ ਵਿਚ ਮਨ ਹੈ, ਚਿੱਤ ਹੈ, ਬੁੱਧੀ ਹੈ ਤੇ ਮੈਂ ਭਾਵ ਹੈ। ਇਹ ਸਰੀਰ ਦੇ ਵੱਖਰੇ-ਵੱਖਰੇ ਪੁਰਜੇ ਹਨ। ਜੇ ਤਾਂ ਇਹਦੇ ਵਿਚ ਹੀ ਫਸਿਆ ਹੋਇਆ ਹੈਂ ਤਾਂ ਤੂੰ ਕੁਛ ਵੀ ਨਹੀਂ ਹੈਂ; ਜੇ ਇਸ ਦੇ ਵਿਚ ਇਕ ਜਿਹੜੀ ਆਤਮ-ਵਸਤੂ ਹੈ, ਉਸ ਦਾ ਤੈਨੂੰ ਪਤਾ ਲੱਗ ਗਿਆ, ਤਾਂ ਤੂੰ ਪੂਜਨੀਕ ਹੈਂ। ਜਿਥੇ ਚਰਨ ਧਰੇਂਗਾ ਉਹ ਚਰਨ-ਧੂੜ ਰੋਗ ਦੂਰ ਕਰੇਗੀ, ਬੁੱਧੀ ਦੀ ਮੈਲ ਦੂਰ ਕਰੇਗੀ, ਪਰਮੇਸ਼ਰ ਨਾਲ ਪਿਆਰ ਲਾ ਦਏਗੀ। ਇਸ ਸਰੀਰ ਦੇ ਵਿਚ ਜਿਹੜੀ ਨਿਗ੍ਹਾ ਹੈ, ਜਦ ਦੇਖੇਂਗਾ ਨੇਤਰ ਠੰਢ ਪਾ ਦੇਣਗੇ। ਉਨ੍ਹਾਂ ਵਿਚ ਸ਼ਕਤੀ ਹੋਏਗੀ, ਦ੍ਰਿਸ਼ਟੀ ਕਰਕੇ ਰੋਗ ਮੇਟ ਦੇਵੇਂਗਾ।**

ਗੁਰੂ ਨਾਨਕ ਪਾਤਸ਼ਾਹ ਠੱਗਾਂ ਦੇ ਪਿੰਡ ਵਿਚ ਠਹਿਰ ਜਾਂਦੇ ਹਨ। ਉਹ ਸੇਵਾ ਨਹੀਂ ਕਰਦੇ, ਮਾਰਨ ਦੀਆਂ ਵਿਉਂਤਾਂ ਬਣਾ ਰਹੇ ਨੇ। ਗੁਰੂ ਮਹਾਰਾਜ ਤਾਂ ਸਾਰੀ ਰਾਤ ਕੀਰਤਨ ਕਰੀ ਗਏ। ਅੰਮ੍ਰਿਤ ਵੇਲੇ ਉਠੇ, ਇਸ਼ਨਾਨ ਕੀਤਾ, ਆਪ ਨੇ ਫੇਰ

ਆਸਾ ਦੀ ਵਾਰ ਦਾ ਕੀਰਤਨ ਸ਼ੁਰੂ ਕਰ ਦਿਤਾ। ਉਹ ਪਾਪੀ ਪਹਿਲੀ ਰਾਤ ਵਿਚ ਵਿਉਂਤਾਂ ਬਣਾਈ ਗਏ, ਪਿਛਲੀ ਰਾਤ ਦੇ ਅੰਦਰ ਸੌਂ ਗਏ ਕਿਉਂਕਿ ਪਾਪ ਕਰਨ ਵਾਲੇ ਨੂੰ ਹਮੇਸ਼ਾਂ ਨੀਂਦ ਪਿਛਲੀ ਰਾਤ ਆਏਗੀ –

***ਬੁਰੇ ਕਾਮ ਕਉ ਊਠਿ ਖਲੋਇਆ।।***
***ਨਾਮ ਕੀ ਬੇਲਾ ਪੈ ਪੈ ਸੋਇਆ॥*** ***ਪੰਨਾ – 738***

ਫੇਰ ਨਹੀਂ ਇਹ ਦੇਖਦਾ –

***ਚੰਗਿਆਈ ਆਲਕੁ ਕਰੇ ਬੁਰਿਆਈ ਹੋਇ ਸੇਰੁ॥***
***ਪੰਨਾ – 518***

ਬੁਰਿਆਂ ਕੰਮਾਂ ਨੂੰ ਸ਼ੇਰ ਵਰਗਾ ਇਰਾਦਾ ਕਰ ਲੈਂਦਾ ਹੈ। ਗੁਰੂ ਮਹਾਰਾਜ ਕੀਰਤਨ ਦੀ ਸਮਾਪਤੀ ਕਰਕੇ ਤੁਰ ਪਏ। ਮਰਦਾਨਾ ਕਹਿਣ ਲੱਗਿਆ, "ਮਹਾਰਾਜ ਜੀ, ਇਹ ਤਾਂ ਜਾਗੇ ਨਹੀਂ।"

"ਮਰਦਾਨਿਆਂ! ਮਾੜੇ ਭਾਗਾਂ ਵਾਲੇ ਨੇ।"

"ਮਹਾਰਾਜ! ਫੇਰ ਕੀਰਤਨ ਕਿਸ ਨੇ ਸੁਣਿਆ ਹੈ?"

"ਇਹ ਦਰਖਤਾਂ ਨੇ, ਪੰਛੀਆਂ ਨੇ। ਜਿਥੇ ਜਿਥੇ ਵੀ ਕੀਰਤਨ ਦੀ ਆਵਾਜ਼ ਗਈ ਹੈ, ਉਨ੍ਹਾਂ ਸਾਰਿਆਂ ਦਾ ਉਧਾਰ ਹੋ ਜਾਣਾ ਹੈ, ਇਹ ਤਾਸੀਰ ਹੈ ਗੁਰੂ ਦੀ ਬਾਣੀ ਵਿਚ।"

***ਪਸੂ ਪਰੇਤ ਮੁਗਧ ਕਉ ਤਾਰੇ ਪਾਹਨ ਪਾਰਿ ਉਤਾਰੈ।***
***ਪੰਨਾ – 802***

ਮੂਰਖਾਂ ਦਾ ਉਧਾਰ ਕਰਦੀ ਹੈ, ਪ੍ਰੇਤਾਂ ਦਾ ਉਧਾਰ ਕਰਦੀ ਹੈ–

***ਗੁਰੁ ਨਾਨਕ ਜਿਨ ਸੁਣਿਆ ਪੇਖਿਆ***
***ਸੇ ਫਿਰਿ ਗਰਭਾਸਿ ਨ ਪਰਿਆ ਰੇ।।*** ***ਪੰਨਾ – 612***

ਗਰਭ ਵਿਚ ਨਹੀਂ ਆਉਂਦਾ ਜਿਸ ਨੇ ਗੁਰੂ ਦੇ ਮੁੱਖ ਤੋਂ ਬਾਣੀ ਸ੍ਰਵਣ ਕਰ ਲਈ।

ਸੋ ਇਸ ਤਰ੍ਹਾਂ ਮਹਾਰਾਜ ਕਹਿਣ ਲੱਗੇ, "ਭਾਈ ਮਰਦਾਨਾ! ਇਸ ਵਾਤਾਵਰਣ ਵਿਚ ਚਲੀ ਗਈ ਬਾਣੀ। ਇਹ ਸ਼ਬਦ ਕਦੇ ਮਰਿਆ ਨਹੀਂ ਕਰਦਾ, ਸ਼ਬਦ ਸਦਾ–ਸਦਾ ਜਿਉਂਦਾ ਰਹਿੰਦਾ ਹੈ। ਸਭ ਚੀਜ਼ਾਂ ਮਰ ਜਾਂਦੀਆਂ ਹਨ, ਸ਼ਬਦ ਨਹੀਂ ਮਰਿਆ ਕਰਦਾ। ਇਹ ਸ਼ਬਦ ਬ੍ਰਹਿਮੰਡਾਂ ਵਿਚ ਫੈਲ ਜਾਣਾ ਹੈ। ਏਥੇ ਹੀ ਨਹੀਂ ਫੈਲਣਾ, ਇਸ ਸੰਸਾਰ ਵਿਚ ਕ੍ਰੋੜਾਂ ਬ੍ਰਹਿਮੰਡਾਂ ਵਿਚ ਜਾਣਾ ਹੈ ਇਸ ਲਹਿਰ ਨੇ। ਜਿਥੋਂ–ਜਿਥੋਂ ਦੀ ਲੰਘਦੀ ਜਾਣਾ ਹੈ, ਉਥੇ–ਉਥੇ ਸ਼ਾਂਤੀ ਹੁੰਦੀ ਜਾਏਗੀ।"

ਮਰਦਾਨਾ ਕਹਿਣ ਲੱਗਿਆ, "ਮਹਾਰਾਜ! ਇਹ ਠੱਗਾਂ ਨੇ ਵੀ ਸੁਣੀ ਹੈ, ਇਨ੍ਹਾਂ ਦਾ ਵੀ ਉਧਾਰ ਹੋ ਜਾਏਗਾ?"

ਮਹਾਰਾਜ ਕਹਿੰਦੇ, ਹਾਂ, ਬਾਣੀ ਬੀਜੀ ਹੋਈ ਬਿਰਥੀ ਨਹੀਂ ਜਾਂਦੀ; ਹਿਰਦੇ ਵਿਚ ਜਾਏਗੀ, ਉਥੇ ਜਾ ਕੇ ਆਪਣਾ ਕੰਮ ਸ਼ੁਰੂ ਕਰ ਦੇਵੇਗੀ, ਪਾਪਾਂ ਨੂੰ ਦੂਰ ਕਰੇਗੀ –

***ਭਰੀਐ ਮਤਿ ਪਾਪਾ ਕੈ ਸੰਗਿ।।***
***ਓਹੁ ਧੋਪੈ ਨਾਵੈ ਕੇ ਰੰਗਿ॥*** ***ਪੰਨਾ – 4***

ਨਾਮ ਨੇ ਧੋਣਾ ਹੈ, ਬਾਣੀ ਨੇ ਪਾਪਾਂ ਨੂੰ ਧੋਣਾ ਹੈ, ਹਿਰਦਾ ਨਿਰਮਲ ਕਰ ਦੇਣਾ ਹੈ। ਆਪਾਂ ਬੀਜ ਪਾ ਚੱਲੇ ਹਾਂ ਮਰਦਾਨਿਆਂ, ਚਾਹੇ ਜਾਗਦੇ ਨੇ ਚਾਹੇ ਸੁੱਤੇ ਪਏ ਨੇ, ਸ਼ਬਦ ਅੰਦਰ ਚਲਿਆ ਗਿਆ ਇਨ੍ਹਾਂ ਦੇ। ਚੱਲ ਚੱਲੀਏ ਆਪਾਂ। ਮਹਾਰਾਜ ਤੁਰ ਜਾਂਦੇ ਨੇ, ਪਿਛੋਂ ਉਨ੍ਹਾਂ ਨੂੰ ਜਾਗ ਆਉਂਦੀ ਹੈ, ਉਬਾਸੀਆਂ ਲੈਂਦੇ ਹਨ। ਯਾਦ ਆਇਆ ਕਿ ਕਿੱਧਰ ਚਲੇ ਗਏ ਰਾਤ ਵਾਲੇ ਸਾਧੂ, ਚਕਮਾ ਦੇ ਗਏ। ਦੂਜਾ ਕਹਿੰਦਾ ਉਹ ਜਾਦੂਗਰ ਨੇ, ਤੀਜਾ ਕਹਿੰਦਾ ਜਦ ਮੈਂ ਉਨ੍ਹਾਂ ਦੇ ਨੇਤਰਾਂ ਵੱਲ ਦੇਖਿਆ, ਮੈਨੂੰ ਕੁਛ ਹੋਇਆ ਸੀ। ਅੱਜ ਪਹਿਲੀ ਵਾਰੀ ਮੈਂ ਦੇਖਿਆ ਹੈ, ਮੈਂ ਤਾਂ ਕਦੇ ਡਰਿਆ ਨਹੀਂ ਸੀ ਕਿਸੇ ਤੋਂ। ਕੁਛ ਅੰਦਰ ਡਰ ਜਿਹਾ ਪੈਦਾ ਹੋ ਗਿਆ। ਇਕ ਕਹਿੰਦਾ, ਗੱਲਾਂ ਛੱਡੋ ਹੁਣ, ਪਹਿਲਾਂ ਚੱਲ ਕੇ ਉਨ੍ਹਾਂ ਨੂੰ ਘੇਰ ਕੇ ਲਿਆਓ। ਸੋ ਅੱਠ ਦਸ ਮੁੰਡੇ ਤੁਰ ਪਏ, ਬਰਛੇ ਮੋਢਿਆਂ ਤੇ ਲੈ ਕੇ, ਗੰਡਾਸੇ ਧਰੇ ਹੋਏ ਨੇ, ਛਬੀਆਂ ਧਰੀਆਂ ਹੋਈਆਂ ਨੇ ਮੋਢਿਆਂ ਤੇ। ਦੌੜੇ ਜਾਂਦੇ ਨੇ, ਖੁਰਾ ਦੱਬੀਂ ਜਾਂਦੇ ਹਨ। ਐਧਰ ਗਏ, ਖੁਰਾ ਦੱਬ ਕੇ ਫੇਰ ਖੁਰਾ ਦੇਖਦੇ ਹਨ, ਫੇਰ ਨਜ਼ਰ ਆ ਜਾਂਦਾ ਹੈ। ਕਹਿਣ ਲੱਗੇ, ਔਹ ਬੰਦੇ ਨਿਗ੍ਹਾ ਵਿਚ ਪੈ ਗਏ, ਉਹ ਜਾ ਰਹੇ ਨੇ। ਦੂਰੋਂ ਹੀ ਆਵਾਜ਼ ਦਿੱਤੀ, ਕਹਿਣ ਲੱਗੇ, ਠਹਿਰ ਜਾਓ, ਹੁਣ ਜਾਉ ਨਾ; ਓਥੇ ਤਾਂ ਧੋਖਾ ਦੇ ਆਏ, ਹੁਣ ਨਹੀਂ ਤੁਹਾਨੂੰ ਜਾਣ ਦਿੰਦੇ।

ਗੁਰੂ ਮਹਾਰਾਜ ਚੁੱਪ ਕਰਕੇ ਖੜ੍ਹ ਗਏ। ਮਰਦਾਨਾ ਕਹਿਣ ਲੱਗਿਆ, ਮਹਾਰਾਜ! ਆਪਾਂ ਤਿੰਨ ਜਣੇ ਹਾਂ, ਤਕੜੇ ਹਾਂ ਇਨ੍ਹਾਂ ਨਾਲੋਂ। ਪੰਜਾਬੀ ਸਰੀਰ ਵੈਸੇ ਹੀ ਤਕੜਾ ਹੁੰਦਾ ਹੈ। ਫੇਰ ਕੁਛ ਹੱਥੋ ਪਾਈ ਕਰੀਏ? ਕਹਿੰਦੇ, ਨਾ ਮਰਦਾਨਿਆਂ, ਕਰਤਾਰ ਦੇ ਰੰਗ ਦੇਖ, ਆਪਾਂ ਨੂੰ ਕੁਛ ਕਰਨ ਦੀ ਲੋੜ ਨਹੀਂ –

***ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥***
***ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ॥***
***ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ॥***
***ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ।।***
***ਪ੍ਰਤਿਪਾਲੈ ਅਪਿਆਉ ਦੇਇ ਕਛੁ ਊਨ ਨ ਹੋਈ।।***
***ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ॥*** ***ਪੰਨਾ – 677***

ਕਹਿੰਦੇ ਉਹ ਸ੍ਵਾਸ–ਸ੍ਵਾਸ ਸੰਭਾਲਣ ਵਾਲਾ ਸਾਡੇ ਨਾਲ ਹੈ ਮਰਦਾਨਿਆਂ। ਨਿਰਭਉ ਨੂੰ ਜਪਣ ਵਾਲਾ ਨਿਰਭਉ ਹੁੰਦਾ ਹੈ। ਡਰ ਕਿਥੋਂ ਆਉਂਦਾ ਹੈ –

***ਨਿਰਭਉ ਸੰਗਿ ਤੁਮਾਰੈ ਬਸਤੇ***
***ਇਹੁ ਡਰਨੁ ਕਹਾ ਤੇ ਆਇਆ॥*** ***ਪੰਨਾ – 206***

ਕਰਤਾਰ ਦੀ ਯਾਦ ਵਿਚ ਰਹਿ। ਠੱਗ ਨੇੜੇ ਆ ਗਏ, ਕਹਿਣ ਲੱਗੇ, ਤੁਸੀਂ ਸਾਨੂੰ ਧੋਖਾ ਦੇ ਕੇ ਆ ਗਏ।

ਗੁਰੂ ਮਹਾਰਾਜ ਨੇ ਕਿਹਾ, ਅਸੀਂ ਧੋਖਾ ਦੇ ਕੇ ਨਹੀਂ ਆਏ, ਤੁਸੀਂ ਸੁੱਤੇ ਪਏ ਸੀ। ਤੁਸੀਂ ਹੀ ਸੌਂ ਗਏ, ਅਸੀਂ ਤਾਂ ਜਾਗਦੇ ਰਹੇ ਹਾਂ, ਤੁਸੀਂ ਹਰੀ ਦਾ ਜਸ ਵੀ ਨਹੀਂ ਸੁਣਿਆ। ਦੱਸੋ ਕੀ ਗੱਲ ਹੈ?

ਕਹਿੰਦੇ, "ਅਸੀਂ ਤੁਹਾਨੂੰ ਮਾਰਨਾ ਹੈ।"

ਆਪ ਨੇ ਕਿਹਾ, "ਬੜੀ ਖੁਸ਼ੀ ਨਾਲ ਮਾਰ ਦਿਓ ਪਰ ਇਕ ਗੱਲ ਸਾਡੀ ਵੀ ਸੁਣ ਲਓ। ਜੇ ਸਾਨੂੰ ਮਾਰ ਕੇ ਏਥੇ ਹੀ ਸੁੱਟ ਦਿਤਾ, ਇਹ ਰਸਤਾ ਵਗਦਾ ਹੈ, ਕਿਸੇ ਸਰਕਾਰੀ ਬੰਦੇ

ਨੇ ਦੇਖ ਲਿਆ, ਤੁਹਾਡਾ ਪਿੰਡ ਘੇਰਿਆ ਜਾਊ, ਕੁੱਟ ਮਾਰ ਹੋਊ, ਤੁਸੀਂ ਮੰਨ ਜਾਣਾ ਹੈ। ਤੁਸੀਂ ਮਾਰ ਤਾਂ ਦਿਓਂਗੇ ਸਾਨੂੰ, ਇਸ ਦੇ ਬਚਣ ਦਾ ਵੀ ਸਾਧਨ ਸੋਚੋ।

"ਇਹ ਤੂੰ ਦੱਸ ਦੇ।"

"ਦੇਖੋ, ਔਹ ਕਿੰਨੀਆਂ ਲੱਕੜਾਂ ਦਾ ਢੇਰ ਹੈ, ਮਾਰ ਕੇ ਸਾਨੂੰ ਇਨ੍ਹਾਂ ਤੇ ਰੱਖ ਦੇਣਾ।"

"ਅੱਗ ਕਿਥੋਂ ਲਿਆਈਏ ?"

"ਆਹ ਦੇਖੋ, ਸਿਵਾ ਜਲਦਾ ਹੈ ਸਾਹਮਣੇ।" ਦ੍ਰਿਸ਼ਟੀ ਕਰ ਦਿਤੀ।

"ਲੈ ਬਈ ਤੁਸੀਂ ਰੋਕ ਕੇ ਰੱਖਿਓ, ਅਸੀਂ ਦੋ ਜਣੇ ਜਾਂਦੇ ਹਾਂ।"

ਦੋ ਜਣੇ ਚਲੇ ਗਏ। ਜਾ ਕੇ ਕੀ ਦੇਖਦੇ ਹਨ, ਬੜੇ ਹੀ ਭਿਆਨਕ ਕਿਸਮ ਦੇ ਜਿਹੜੇ ਦੇਖੇ ਹੀ ਨਹੀਂ ਸੀ ਕਦੇ, ਮਨੁੱਖ ਵਰਗੇ ਕੁਛ ਖੜ੍ਹੇ ਨੇ ਤੇ ਦੂਜਿਆਂ ਦੇ ਨਾਲ ਝਗੜਾ ਕਰ ਰਹੇ ਨੇ, ਇਕ ਨੂੰ ਫੜਿਆ ਹੋਇਆ ਹੈ ਵਿਚ। ਉਹ ਸਹਿਮਿਆ ਹੋਇਆ ਹੈ, ਬਹੁਤ ਸਹਿਮ ਵਿਚ ਪਿਆ ਹੈ। ਇਹ ਵੀ ਖੜ ਕੇ ਦੇਖਣ ਲੱਗ ਗਏ ਤੇ ਉਹ ਆਪਸ ਵਿਚ ਝਗੜਦੇ ਹਨ। ਇਹ ਨੇੜੇ ਹੋਏ ਤੇ ਪੁਛਣ ਲੱਗੇ, "ਤੁਸੀਂ ਝਗੜਦੇ ਕਿਉਂ ਹੋ ? ਤੁਹਾਨੂੰ ਦੇਖ ਕੇ ਤਾਂ ਡਰ ਲਗਦਾ ਹੈ, ਇਨ੍ਹਾਂ ਨੂੰ ਦੇਖ ਕੇ ਨਹੀਂ ਲਗਦਾ, ਪਤਾ ਨਹੀਂ ਕਿਹੜੀ ਦੁਨੀਆਂ ਦੇ ਤੁਸੀਂ ਬੰਦੇ ਹੋ, ਅਸੀਂ ਤਾਂ ਦੇਖੇ ਹੀ ਨਹੀਂ ਅਜਿਹੇ ?" ਉਹ ਕਹਿਣ ਲੱਗੇ, "ਪ੍ਰੇਮੀਓਂ! ਝਗੜਾ ਸਾਡਾ ਇਹ ਸੀ ਕਿ ਇਹ ਮਹਾਂ-ਪਾਪੀ ਸੀ ਤੇ ਸਾਨੂੰ ਹੁਕਮ ਦਿਤਾ ਸੀ ਧਰਮਰਾਜ ਨੇ ਦਰਗਾਹ ਵਿਚੋਂ -

***ਧਰਮਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ।।***
***ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ॥***
***ਪੰਨਾ - 38***

ਇਹ ਦੁਸ਼ਟ ਪੁਰਸ਼ ਸੀ, ਅਸੀਂ ਇਸ ਨੂੰ ਲੈਣ ਵਾਸਤੇ ਆਏ ਹਾਂ, ਸਾਨੂੰ ਜਮਦੂਤ ਕਹਿੰਦੇ ਹਨ, ਤੁਸੀਂ ਕਦੇ ਸਾਡਾ ਨਾਉਂ ਨਹੀਂ ਸੁਣਿਆ ? ਤੁਹਾਨੂੰ ਵੀ ਅਸੀਂ ਲੈ ਕੇ ਜਾਣਾ ਹੈ, ਕਰ ਲਓ ਪਾਪ ਜਿੰਨੇ ਕਰਨੇ ਨੇ।

"ਹੁਣ ਰੌਲਾ ਕੀ ਪੈ ਗਿਆ ?"

ਕਹਿਣ ਲੱਗੇ, "ਇਸਦੇ ਪਾਪ ਹੁਣ ਸਾਰੇ ਹੀ ਝੜ ਗਏ।"

"ਕਾਹਦੇ ਨਾਲ ?"

"ਗੁਰੂ ਨਾਨਕ ਨੇ ਦ੍ਰਿਸ਼ਟੀ ਕਰ ਦਿਤੀ ਇਸ ਦੇ ਉਤੇ।"

"ਉਹ ਕੌਣ ਹੈ ਜਿਸ ਦੀ ਦ੍ਰਿਸ਼ਟੀ ਕਰਨ ਦੇ ਨਾਲ ਸਾਰੇ ਹੀ ਪਾਪ ਝੜ ਗਏ ?"

"ਉਹ ਹੈ ਜਿਸ ਨੂੰ ਮਾਰ ਕੇ ਤੁਸੀਂ ਅੱਗ ਦੇ ਨਾਲ ਜਾਲਣ ਲਈ ਜਲਦੀ ਚਿਖਾ ਵਿਚੋਂ ਅੱਗ ਲੈਣ ਆਏ ਹੋ।"

"ਹੈਂ! ਉਹ ਹੈ ?"

ਕਹਿੰਦੇ, ਭੋਲਿਓ ਜੇ ਉਹ ਜੇ ਇਕ ਨਿਗ੍ਹਾ ਕਰ ਦੇਵੇ, ਤੁਹਾਨੂੰ ਸਾਰੇ ਹੀ ਪਿੰਡ ਨੂੰ ਖਾਕ ਬਣਾ ਦੇਵੇ। ਉਹ ਸਾਰੀਆਂ ਸ਼ਕਤੀਆਂ ਦਾ ਮਾਲਕ ਹੁੰਦਾ ਹੋਇਆ ਮਨੁੱਖਾਂ ਵਾਂਗਣ ਵਰਤ ਰਿਹਾ ਹੈ। ਜਾਓ, ਜਾ ਕੇ ਉਸ ਦੀ ਚਰਨ ਸ਼ਰਨ ਲਓ; ਕਿਉਂ ਹੋਰ ਪਾਪ ਕਰਦੇ ਹੋ, ਪਹਿਲਾਂ ਹੀ ਬਹੁਤ ਨੇ। ਬਖਸ਼ਾਓ ਜਾ ਕੇ ਪਾਪ।

ਇਹ ਦੂਰੋਂ ਹੀ ਹਾਕਾਂ ਮਾਰਦੇ ਹਨ, ਦੇਖਿਓ, ਦੇਖਿਓ, ਮਾਰਿਓ ਨਾ, ਸਾਡੀ ਗੱਲ ਸੁਣ ਲਓ। ਨੇੜੇ ਚਲੇ ਗਏ, ਲੰਮੇ ਪੈ ਗਏ, ਉੱਚੀ-ਉੱਚੀ ਰੋਂਦੇ ਨੇ। ਕਹਿਣ ਲੱਗੇ, ਤੂੰ ਕੋਈ ਪੂਰਾ ਆ ਗਿਆ। ਬਾਕੀ ਸਾਰੇ ਕਹਿਣ ਲੱਗੇ, ਤੁਹਾਨੂੰ ਕੀ ਹੋ ਗਿਆ, ਸਾਨੂੰ ਵੀ ਦੱਸੋ। ਕਹਿੰਦੇ, ਦੱਸੀਏ ਕੀ ? ਜੇ ਤਾਂ ਸਾਡੀ ਗੱਲ ਸੱਚੀ ਮੰਨ ਲਓ, ਫੇਰ ਅਸੀਂ ਦੱਸਦੇ ਹਾਂ। ਕਹਿੰਦੇ, ਦੱਸੋ ਤਾਂ ਸਹੀ। ਸਾਰੀ ਗੱਲ ਦੱਸੀ। ਕਹਿੰਦੇ, ਚਰਨ ਫੜ ਲਓ। ਮਹਾਰਾਜ ਦੀ ਦ੍ਰਿਸ਼ਟੀ ਪੈ ਗਈ, ਸਾਰਿਆਂ ਤੇ ਕ੍ਰਿਪਾ ਦ੍ਰਿਸ਼ਟੀ ਹੋ ਗਈ, ਪਾਪ ਝੜ ਗਏ, ਚਰਨ ਫੜ ਲਏ। ਪਾਤਸ਼ਾਹ! ਨਗਰ ਵਿਚ ਵੀ ਹੁਣ ਚਲੋ, ਉਨ੍ਹਾਂ ਦਾ ਵੀ ਉਧਾਰ ਕਰੋ, ਉਨ੍ਹਾਂ ਨੂੰ ਵੀ ਸ਼ਾਂਤੀ ਦਿਓ। ਮਹਾਰਾਜ ਗਏ, ਜਾ ਕੇ ਸੁਮੱਤ ਦਿਤੀ।

ਸੋ ਜਿਸ ਨੇ ਪਛਾਣ ਲਿਆ ਆਪਣੇ ਸਰੂਪ ਨੂੰ, ਆਪਣੇ ਪਰਮਾਤਮ ਸਰੂਪ ਨੂੰ, ਜਿਹੜਾ ਹਿਰਦੇ ਵਿਚ ਹੀ ਵਸਦਾ ਹੈ, ਉਹ ਤਾਂ ਦੇਹ ਪਵਿੱਤਰ ਹੈ। ਨਹੀਂ ਤਾਂ ਇਹ ਦੇਹ ਕੀ ਹੈ ? ਇਹ ਤਾਂ ਗੰਦਗੀ ਦਾ ਥੈਲਾ (ਗਾਰਬੇਜ ਬੈਗ) ਹੈ। ਗਾਰਬੇਜ ਬੈਗ ਕਸਨੂੰ ਕਹਿੰਦੇ ਨੇ ? ਗੰਦ-ਮੰਦ ਭਰਨ ਵਾਲੇ ਬੋਰੇ ਨੂੰ ਕਹਿੰਦੇ ਹਨ। ਕੋਈ ਗਾਰਬੇਜ ਬੈਗ ਰੱਖਿਆ ਹੋਵੇ, ਚਾਹੇ ਲੱਕੜੀ ਦਾ ਹੋਵੇ, ਚਾਹੇ ਪਲਾਸਟਿਕ ਦਾ ਹੋਵੇ, ਚਾਹੇ ਕਾਗਜ਼ ਦਾ ਹੋਵੇ, ਉਸ ਦੇ ਵਿਚ ਬੱਚੇ ਦਾ ਮਲ-ਮੂਤਰ ਪਾਈ ਜਾਓ। ਬਹੁਤ ਸੋਹਣਾ ਵਧੀਆ ਹੋਵੇ, ਉੱਤੇ ਰੇਸ਼ਮ ਦਾ ਕੱਪੜਾ ਵਲੇਟਿਆ ਹੋਵੇ, ਉੱਤੇ ਪੇਂਟ ਬਹੁਤ ਹੀ ਵਧੀਆ ਕਰਿਆ ਹੋਵੇ। ਉਸ ਨੂੰ ਕਿਸੇ ਨੂੰ ਹੱਥ ਲਾਉਣ ਨੂੰ ਕਹੋ ਤਾਂ ਕੋਈ ਹੱਥ ਨਹੀਂ ਲਾਉਂਦਾ, ਕਹਿੰਦਾ ਮੈਂ ਨਹੀਂ ਇਸ ਨੂੰ ਹੱਥ ਲਾਉਂਦਾ ਇਹ ਤਾਂ ਗੰਦੀ ਚੀਜ਼ ਹੈ, ਗੰਦਮੰਦ ਹੈ ਇਸ ਦੇ ਵਿਚ। ਮਹਾਰਾਜ ਕਹਿੰਦੇ, ਤੂੰ ਨਹੀਂ ਸੋਚਿਆ, ਤੇਰੇ ਅੰਦਰ ਕੀ ਹੈ ? ਇਉਂ ਦੱਸਦੇ ਨੇ, ਪੜ੍ਹੋ ਸਾਰੇ-

***ਧਾਰਨਾ - ਗੰਦ ਮੰਦ ਹੈ ਵਲੇਟਿਆ ਵਿਚ ਚੰਮ ਦੇ,***
***ਦੇਹੀ ਦਾ ਤੂੰ ਮਾਣ ਕਰਦੈਂ - 2***
***ਮੇਰੇ ਪਿਆਰੇ, ਦੇਹੀ ਦਾ ਤੂੰ ਮਾਣ ਕਰਦੈਂ - 2***
***ਗੰਦ ਮੰਦ ਹੈ ਵਲੇਟਿਆ ਵਿਚ ਚੰਮ ਦੇ,...2***

***ਪੁਤਰੀ ਤੇਰੀ ਬਿਧਿ ਕਰਿ ਥਾਟੀ॥***
***ਜਾਨੁ ਸਤਿ ਕਰਿ ਹੋਇਗੀ ਮਾਟੀ।। ਪੰਨਾ - 374***

ਇਹ ਜਿਹੜਾ ਸਰੀਰ ਹੈ, ਤੇਰੀ ਪੁਤਲੀ ਹੈ, ਇਹ ਬੜੇ ਢੰਗ ਨਾਲ ਪਰਮੇਸ਼ਰ ਨੇ ਬੜੇ ਤਰੀਕੇ ਦੇ ਨਾਲ ਇਸ ਦੀ ਥਾਪਣਾ ਕਰੀ ਹੈ। ਪੰਜ ਤੱਤ ਨੇ, 25 ਪਰਕ੍ਰਿਤੀਆਂ ਦੇ ਨਾਲ ਇਕੱਲੇ-ਇਕੱਲੇ ਗਿਆਨ ਇੰਦ੍ਰੇ, ਅੱਖ, ਨੱਕ, ਕੰਨ, ਰਸਨਾ ਆਦਿ ਨੂੰ, ਪੰਜ-ਪੰਜ ਪ੍ਰਕ੍ਰਿਤਕ ਤੱਤ ਲੱਗੇ ਹੋਏ ਹਨ। ਅੱਖਾਂ ਬਣਾਈਆਂ ਹਨ, ਤੇਜ 1/2, ਬਾਕੀ ਚਾਰ ਤੱਤ 1/8, 1/8, 1/8, 1/8; ਜੁਬਾਨ ਬਣਾਈ ਹੈ, ਇਸ ਦੇ ਵਿਚ ਪਾਣੀ 1/2 (ਅੱਧਾ), ਬਾਕੀ 1/8; ਕੰਨ ਬਣਾਏ ਹਨ, ਆਕਾਸ਼ ਤੱਤ 1/2 ਤੇ ਬਾਕੀ ਦੇ ਤੱਤ ਅੱਠਵਾਂ-ਅੱਠਵਾਂ ਹਿੱਸਾ। ਇਸੇ ਤਰ੍ਹਾਂ ਨਾਸਕਾ ਸੁਗੰਧੀ ਦੀ ਚੀਜ਼ ਬਣਾਈ ਹੈ, ਇਸ ਦੇ ਵਿਚ ਮਿੱਟੀ ਹੈ 1/2,

ਬਾਕੀ ਚਾਰ ਤੱਤ 1/8 ਹਿੱਸਾ; ਸਪਰਸ਼ ਬਣਾਇਆ ਹੈ, ਹਵਾ ਇਸਦੇ ਵਿੱਚ ਅੱਧੀ ਤੇ ਬਾਕੀ ਦੇ ਤੱਤ ਉਸੇ ਤਰ੍ਹਾਂ ਹਨ। ਇਸ ਦੀ ਮਿੱਟੀ ਗੁੰਨ੍ਹ-ਗੁੰਨ੍ਹ ਕੇ ਪੰਜ ਗਿਆਨ ਇੰਦਰੇ ਬਣਾਏ ਹਨ ਤੇ ਤਮੋ ਗੁਣ - ਉਸ ਦੇ ਨਾਲ ਪੰਜ ਕਰਮ ਇੰਦਰੇ ਬਣਾਏ ਹਨ। ਫੇਰ ਇਸ ਦੇ ਵਿਚ ਪੰਜ vital forces ਰੱਖੀਆਂ ਹਨ ਜਿਨ੍ਹਾਂ ਨੂੰ ਪੰਜ ਪ੍ਰਾਣ ਕਹਿੰਦੇ ਹਨ - ਪ੍ਰਾਣ, ਉਦਾਨ, ਵਿਆਨ, ਸਮਾਨ, ਅਪਾਨ। ਇਹ ਵੱਖਰਾ-ਵੱਖਰਾ ਕੰਮ ਕਰਦੇ ਹਨ। ਇਹ ਜਿਹੜੀ ਧੌਂਕਣੀ ਜਿਹੀ ਲੱਗੀ ਹੋਈ ਹੈ ਜਿਸ ਨੂੰ ਫੇਫੜੇ ਕਹਿੰਦੇ ਹਨ, ਇਸ ਦਾ ਬਾਹਰ ਜਾਣ ਵਾਲਾ। ਸਾਹ, ਇਹ ਹਵਾ ਬਾਹਰ ਨੂੰ ਕੱਢ ਦਿੰਦਾ ਹੈ ਤੇ ਅੰਦਰ ਨੂੰ ਖਿੱਚ ਲੈਂਦਾ ਹੈ। ਜਿਸ ਦਿਨ ਬੰਦ ਹੋ ਜਾਂਦਾ ਹੈ, ਕਹਿੰਦੇ ਪ੍ਰਾਣ ਨਿਕਲ ਗਏ। ਇਕ ਪ੍ਰਾਣ ਹੈ ਜਿਹੜਾ ਦਿਲ ਨੂੰ ਹਰ ਵਕਤ ਚਲਾਉਂਦਾ ਹੈ, ਇਕ ਪ੍ਰਾਣ ਹੈ ਜਿਹੜਾ ਮਿਹਦੇ ਵਿਚ ਕੰਮ ਕਰਦਾ ਹੈ, ਇਕ ਉਹ ਹੈ ਜਿਹੜਾ ਦੇਹੀ ਦੇ ਸਾਢੇ ਤਿੰਨ ਕਰੋੜ ਰੋਮਾਂ ਵਿਚੋਂ ਹਰ ਵਕਤ ਮੈਲ ਬਾਹਰ ਨੂੰ ਕੱਢਦਾ ਹੈ। ਨਹਾ ਕੇ ਆ ਜਾਓ, ਥੋੜ੍ਹੀ ਦੇਰ ਬਾਅਦ ਹੱਥ ਫੇਰ ਕੇ ਜੀਭ ਲਾ ਦੇ ਦੇਖ ਲਓ, ਸਲੂਣਾ ਹੋ ਜਾਂਦਾ ਹੈ ਕਿਉਂਕਿ ਮੈਲ ਕੱਢ ਦਿਤੀ ਅੰਦਰੋਂ। ਇਸ ਤਰ੍ਹਾਂ ਸਾਢੇ ਤਿੰਨ ਕ੍ਰੋੜ ਰੋਮਾਂ ਵਿਚੋਂ ਹਰ ਵਕਤ ਮੈਲ ਕੱਢਦਾ ਰਹਿੰਦਾ ਹੈ। ਇਕ ਸਮਾਨ ਪ੍ਰਾਣ ਹੈ ਜਿਹੜਾ ਇਸ ਦੇ ਟੈਂਪਰੇਚਰ ਨੂੰ ਕਾਇਮ ਰੱਖਦਾ ਹੈ - 98.4 ਡਿਗਰੀ ਤੇ। ਬੜੀ ਵਿਉਂਤ ਨਾਲ ਬਣਾਇਆ ਹੈ। ਕਹਿੰਦੇ, ਬਲਿਹਾਰ ਜਾਂਦੇ ਹਾਂ ਉਸ ਦੀ ਸ਼ਾਨ ਤੋਂ ਜਿਸ ਨੇ ਇਹ ਬਣਾਇਆ ਹੈ ਤੇ ਅੱਡੋ-ਅੱਡ ਹੱਡੀਆਂ ਦੇ ਜੋੜ ਜੋੜੇ ਨੇ। ਜੁਗਤ ਦੇ ਨਾਲ ਜੋੜ, ਜੋੜ ਦਿਤੇ ਤੇ ਸਾਰੇ ਸਰੀਰ ਦੀ ਸਫਾਈ ਕਰੀ ਪਈ ਹੈ। ਇਹ ਉੱਪਰੋਂ ਐਨਾ ਵਧੀਆ ਲਗਦਾ ਹੈ ਕਿ ਆਦਮੀ ਭੁਲੇਖਾ ਖਾ ਜਾਂਦਾ ਹੈ। ਭੁਲੇਖਾ ਖਾ ਕੇ ਹਮੇਸ਼ਾ ਗਲਤ ਕੰਮ ਕਰਦਾ ਹੈ -

***ਪਾਪੀ ਹੀਐ ਮੈ ਕਾਮੁ ਬਸਾਇ।।***
***ਮਨੁ ਚੰਚਲੁ ਯਾ ਤੇ ਗਹਿਓ ਨ ਜਾਇ।।***
***ਜੋਗੀ ਜੰਗਮ ਅਰੁ ਸੰਨਿਆਸ॥***
***ਸਭ ਹੀ ਪਰਿ ਡਾਰੀ ਇਹ ਫਾਸ॥*** ***ਪੰਨਾ - 1186***

ਮਾੜੀ ਬਿਰਤੀ ਧਾਰਨ ਕਰਦਾ ਹੈ, ਕਾਮ ਵਾਸ਼ਨਾ ਵਿਚ ਆ ਕੇ ਦੇਖਦਾ ਨਹੀਂ ਕਿ ਨੀਤੀ ਬੇ-ਨੀਤੀ ਕੀ ਹੈ। ਸੋ ਮਹਾਰਾਜ ਕਹਿੰਦੇ ਨੇ, ਦੇਖ ਤਾਂ ਸਹੀ, ***'ਪੁਤਰੀ ਤੇਰੀ ਬਿਧਿ ਕਰਿ ਥਾਟੀ।'*** ਕਿਹੜੇ ਤਰੀਕੇ ਦੇ ਨਾਲ ਬਣਾਇਆ ਹੈ। ਇਸ ਦਾ ਮਾਣ ਕਰਦਾ ਹੈਂ -

***ਚਲਤ ਕਤ ਟੇਢੇ ਟੇਢੇ ਟੇਢੇ॥***
***ਅਸਤਿ ਚਰਮ ਬਿਸਟਾ ਕੇ ਮੂੰਦੇ ਦੁਰਗੰਧ ਹੀ ਕੇ ਬੇਢੇ॥***
***ਪੰਨਾ - 1124***

ਕੀ ਹੈ ਤੇਰੇ ਕੋਲ; ਬਦਬੂ ਹੈ। ਜੇ ਥੋੜ੍ਹੀ ਦੇਰ ਨਾ ਇਸ਼ਨਾਨ ਕਰੇਂ, ਦੇਖ ਲੈ ਬਿਨਾਂ ਨ੍ਹਾਤਿਆਂ ਤੋਂ ਨੱਕ ਬੰਦ ਕਰਨਾ ਪੈਣਾ ਹੈ, ਐਨੀ ਬਦਬੂ ਹੈ ਅੰਦਰ। ਦੋ ਦਿਨ ਨਾ ਨਹਾ, ਕੱਪੜੇ ਵੀ ਮੈਲੇ ਹੋ ਜਾਣਗੇ। ਕੱਪੜਾ ਨਾਲ ਲੱਗ ਜਾਂਦਾ ਹੈ, ਸੁਕਾਇਆ ਨ ਜਾਵੇ ਤਾਂ ਘਰ ਭਰ ਜਾਂਦਾ ਹੈ ਬਦਬੂ ਨਾਲ। ਐਨੀ ਗੰਦਗੀ ਹੈ, ਦੁਰਗੰਧ ਹੈ ਤੇਰੇ ਵਿਚ। ਪਾਉਡਰ ਲਗਾਉਂਦਾ ਹੈਂ, ਸਪ੍ਰੇਆਂ ਕਰਦਾ ਹੈਂ, ਫੇਰ ਨਹਾਉਂਦਾ ਹੈਂ; ਇਸ ਦਾ ਮਾਣ ਕਰਦਾ ਹੈਂ? ਇਸ ਦਾ ਮਾਣ ਨਾ ਕਰ ਪ੍ਰੇਮੀਆਂ! ***'ਜਾਨੁ ਸਤਿ ਕਰਿ ਹੋਇਗੀ ਮਾਟੀ।।'*** ਇਸ ਨੇ ਤਾਂ ਮਿੱਟੀ ਬਣ ਜਾਣਾ ਹੈ। ਇਸ ਦੇ ਵਿਚ ਇਕ ਚੀਜ਼ ਹੈ ਜਿਸ ਦੇ ਕਰਕੇ ਇਹ ਉੱਤਮ ਹੈ। ਉਹ 'ਆਤਮ ਵਸਤੂ' ਹੈ। ਜੇ ਤਾਂ ਤੂੰ ਉਹਨੂੰ ਬੁੱਝ ਲਿਆ ਫੇਰ ਤਾਂ ਤੂੰ ਜਿਸ ਕੈਦਖਾਨੇ ਵਿਚ ਰਹਿੰਦਾ ਹੈਂ, ਇਸ ਵਿਚੋਂ ਮੁਕਤੀ ਪ੍ਰਾਪਤ ਕਰਕੇ ਪਰਮ ਸੁਖੀ ਹੋ ਜਾਵੇਂਗਾ। ਜੇ ਨ ਬੁੱਝਿਆ ਤਾਂ ਪ੍ਰੇਮੀਆਂ, ਜਿਥੇ ਅੱਗੇ ਲੱਖਾਂ ਵਾਰੀ ਲੱਖਾਂ ਜੂਨਾਂ ਵਿਚ ਘੁੰਮਦਾ ਰਿਹਾ ਹੈਂ, ਕਰੋੜਾਂ ਵਾਰੀ ਅੱਗੇ ਨੂੰ ਵੀ ਇਸ ਤਰ੍ਹਾਂ ਹੀ ਹੁੰਦਾ ਰਹੇਗਾ। ਹੁਣ ਛੁਟਣ ਦੀ ਵਾਰੀ ਹੈ, ਮਾਨਸ ਜਨਮ ਵਿਚ ਜੇ ਆਪਣੇ ਆਤਮ ਸਰੂਪ ਨੂੰ ਨਾ ਬੁੱਝਿਆ ਤਾਂ ਜਨਮ ਬਿਰਥਾ ਗੁਆ ਕੇ ਜੂਨਾਂ ਵਿਚ ਦੁਖ ਪਾਵੇਂਗਾ।

***ਮੂਲੁ ਸਮਾਲਹੁ ਅਚੇਤ ਗਵਾਰਾ॥***
***ਇਤਨੇ ਕਉ ਤੁਮ ਕਿਆ ਗਰਬੇ॥*** ***ਪੰਨਾ - 374***

ਇਸਦੇ ਵਿਚ ਮੂਲ ਹੈ 'ਆਤਮਾ', ਤੂੰ 'ਜੀਵ ਆਤਮਾ' ਬਣਿਆ ਹੋਇਆ ਹੈਂ। ਜੀਵ ਭਾਵ ਖਤਮ ਕਰ ਦੇ, ਆਤਮਾ ਬਣ ਜਾ। ਕਹਿੰਦੇ, ਇਹ ਆਪਣੇ ਆਪ ਨਹੀਂ ਹੋਣਾ -

***ਏਕੋ ਏਕੁ ਕਹੈ ਸਭੁ ਕੋਈ ਹਉਮੈ ਗਰਬ ਵਿਆਪੈ॥***
***ਪੰਨਾ - 930***

ਜਦ ਤੱਕ ਪੂਰਾ ਗੁਰੂ ਨਹੀਂ ਮਿਲਦਾ, ਹਉਮੈ ਦਾ ਨਾਸ਼ ਨਹੀਂ ਹੁੰਦਾ। ਉਸ ਮੂਲ ਨੂੰ ਸੰਭਾਲਣ ਦਾ ਯਤਨ ਕਰ ਕਿ ਮੈਨੂੰ ਪਤਾ ਲੱਗ ਜਾਵੇ ਮੇਰੇ ਮੂਲ ਦਾ, ਕਿ ਮੈਂ ਕੌਣ ਹਾਂ -

***ਤੀਨਿ ਸੇਰ ਕਾ ਦਿਹਾੜੀ ਮਿਹਮਾਨੁ॥***
***ਅਵਰ ਵਸਤੁ ਤੁਝ ਪਾਹਿ ਅਮਾਨ॥*** ***ਪੰਨਾ - 374***

ਕੱਚਾ ਤਿੰਨ ਸੇਰ। ਪਾਣੀ ਲੈ ਲਉ, ਦੁੱਧ ਲੈ ਲਓ, ਲੱਸੀ ਲੈ ਲਓ, ਦਹੀਂ ਲੈ ਲਓ, ਸਬਜ਼ੀ ਲੈ ਲਓ। ਕਹਿੰਦੇ ਤਿੰਨ ਸੇਰ ਦੀ ਖੁਰਾਕ ਹੈ ਤੇਰੀ ਸਾਰੀ। ਬਾਕੀ ਜਿਹੜਾ ਤੂੰ ਐਨਾ ਜੋੜੀਂ ਫਿਰਦਾ ਹੈਂ, ਬੈਂਕ ਵਿਚ ਕਿੰਨੇ ਰੁਪਈਏ ਨੇ, ਇਹ ਤਾਂ ਅਮਾਨਤ ਰੱਖੀਂ ਬੈਠਾ ਹੈਂ, ਵਾਧੂ ਦਾ ਰਾਖੀ ਬੈਠਾ ਹੈਂ -

***ਦਮੜਾ ਤਿਸੀ ਕਾ ਜੋ ਖਰਚੈ ਅਰ ਖਾਇ॥***
***ਦੇਵੈ ਦਿਲਾਵੈ ਰਜਾਵੈ ਖੁਦਾਇ॥***
***ਹੋਤਾ ਨ ਰਾਖੈ ਅਕੇਲਾ ਨ ਖਾਇ॥***
***ਤਹਕੀਕ ਦਿਲਦਾਨੀ ਵਹੀ ਭਿਸ਼ਤ ਜਾਇ॥***
***ਨਸੀਹਤਨਾਮਾ***

ਜੇ ਪ੍ਰਮੇਸ਼ਰ ਨੇ ਬਹੁਤਾ ਦਿਤਾ ਹੈ ਤਾਂ ਵੰਡ ਦੇ, ਸੇਵਾ ਕਰ। ਗਰੀਬਾਂ ਵੱਲ ਦੇਖ ਜਿਨ੍ਹਾਂ ਕੋਲ ਇਕ ਦਮੜਾ ਨਹੀਂ ਹੈ। ਬਿਮਾਰ ਹੋਇਆ ਫਿਰਦਾ ਹੈਂ, ਦਵਾਈ ਮਿਲਦੀ ਨਹੀਂ ਹੈ। ਦੇ ਦੇ ਉਨ੍ਹਾਂ ਨੂੰ ਦਵਾਈ ਵਾਸਤੇ, ਤੇਰੀ ਨੇਕੀ ਫਲੇਗੀ। ਕਿਉਂ ਫਲੇਗੀ? ਤੈਨੂੰ ਪਤਾ ਨਹੀਂ ਕਿ ਉਹ ਦਵਾਈ ਕਿਸ ਨੂੰ ਗਈ ਹੈ। ਜੇ ਪਤਾ ਲੱਗ ਜਾਵੇ -

***ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ॥***
***ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ॥***
***ਪੰਨਾ - 1428***

ਪਤਾ ਲੱਗ ਗਿਆ ਕਿ ਫਲਾਣੇ ਵਿਦਿਆਰਥੀ ਦੇ ਮੈਂ ਪੈਸੇ

ਦਿਤੇ ਨੇ, ਸੋਚਦਾ ਹੈ ਕਿ ਉਹ ਮੇਰੀ ਕੋਠੀ ਤਾਂ ਆਉਂਦਾ ਹੀ ਨਹੀਂ; ਪੈ ਗਿਆ ਨਾ ਉਲਟਾ ਪਿੱਟਣਾ - ਦਾਨ ਦੇ ਕੇ, ਰਾਗ ਦ੍ਵੈਸ਼ ਮਨ ਵਿਚ ਜਾਗ ਪਈ। ਕਰਿਆ ਤਾਂ ਨੇਕੀ ਦਾ ਕੰਮ ਸੀ ਪਰ ਇਸ ਕਰਕੇ ਦ੍ਵੈਸ਼ ਜਾਗ ਪਈ ਕਿ ਹੁਣ ਮੇਰਾ ਧੰਨਵਾਦ ਨਹੀਂ ਕਰਨ ਆਉਂਦਾ। ਸਿਆਣੇ ਕਹਿੰਦੇ ਹਨ 'ਨੇਕੀ ਕਰ ਦਰਿਆ ਮੇਂ ਡਾਲ' ਭੁੱਲ ਜਾ ਨੇਕੀ ਕਰਕੇ। ਕਿਸ ਦੇ ਕੋਲ ਜਾਂਦੀ ਹੈ, ਕਿਸ ਦੇ ਵਾਸਤੇ ਕਰਦਾ ਹੈਂ; ਇਸ ਗੱਲ ਦਾ ਧਿਆਨ ਨਾ ਕਰ, ਫੇਰ ਸਫਲ ਹੁੰਦੀ ਹੈ, ਨਹੀਂ ਨੀ ਹੁੰਦੀ। ਜੇ ਤੈਨੂੰ ਵਾਹਿਗੁਰੂ ਨੇ ਵਾਧੂ ਦੇ ਦਿਤੀ, ਦੇ ਦੇ ਗਰੀਬਾਂ ਵਾਸਤੇ। ਬਾਕੀ ਤਾਂ ਅਮਾਨਤ ਹੀ ਹੈ ਤੇਰੇ ਕੋਲ। ਤੂੰ ਆਪਣੇ ਆਪ ਨੂੰ ਕਹਿੰਦਾ ਹੈਂ -

***ਬਿਸਟਾ ਅਸਤ ਰਕਤੁ ਪਰੇਟੇ ਚਾਮ॥***
***ਇਸੁ ਊਪਰਿ ਲੇ ਰਾਖਿਓ ਗੁਮਾਨ॥ ਪੰਨਾ - 374***

ਵਿਸ਼ਟਾ ਹੈ, ਹੱਡੀਆਂ ਹਨ, ਮਾਸ ਹੈ, ਮਿੱਝ ਹੈ, ਪਿਸ਼ਾਬ ਵਗੈਰਾ ਸਾਰੀਆਂ ਇੰਦ੍ਰੀਆਂ ਵਿਚੋਂ, ਨੱਕ ਵਿਚੋਂ ਕੀ ਨਿਕਲਦਾ ਹੈ, ਕੰਨ ਵਿਚੋਂ ਕੀ ਨਿਕਲਦਾ ਹੈ। ਕਹਿੰਦੇ ਇਸਦਾ ਗੁਮਾਨ ਰੱਖਦਾ ਹੈਂ? ***ਏਕ ਵਸਤੁ ਬੂਝਹਿ ਤਾਂ ਹੋਵਹਿ ਪਾਕ॥ ਬਿਨੁ ਬੂਝੇ ਤੂੰ ਸਦਾ ਨਾਪਾਕ।'***

ਜੇ ਤੂੰ ਬੁੱਝਦਾ ਨਹੀਂ ਪ੍ਰੇਮੀਆਂ! ਤਾਂ ਤੂੰ ਪਾਕ ਨਹੀਂ, ਨਾਪਾਕ ਹੈਂ।

***ਕਹੁ ਨਾਨਕ ਗੁਰ ਕਉ ਕੁਰਬਾਨੁ॥***
***ਜਿਸ ਤੇ ਪਾਈਐ ਹਰਿ ਪੁਰਖੁ ਸੁਜਾਨੁ॥ ਪੰਨਾ - 374***

ਮਿਲ ਲੈ ਪੂਰੇ ਮੁਰਸ਼ਦ ਨੂੰ, ਬਾਣੀ ਕਮਾ ਲੈ ਗੁਰੂ ਦੀ, ਗੁਰੂ ਗ੍ਰੰਥ ਸਾਹਿਬ ਦੇ ਸ਼ਬਦ ਨੂੰ ਹਿਰਦੇ ਵਿਚ ਵਸਾ ਲੈ। ਜਿੰਨਾਂ ਚਿਰ ਮਨ ਨਹੀਂ ਮੰਨਦਾ, ਓਨਾਂ ਚਿਰ ਗੁਰੂ ਨਾਲ ਸਾਂਝ ਨਹੀਂ ਪੈਂਦੀ। ਜੇ ਗੁਰੂ ਉੱਤੇ ਨਿਸ਼ਚਾ ਆ ਜਾਵੇ - ਪੂਰਾ ਨਿਸ਼ਚਾ ਕਿ ਇਹ ਤਾਂ ਵਾਹਿਗੁਰੂ ਹੀ ਗੁਰੂ ਗ੍ਰੰਥ ਸਾਹਿਬ ਵਿਚ ਬੋਲਦਾ ਹੈ ਤੇ ਵਾਹਿਗੁਰੂ ਨੂੰ ਹੀ ਮਿਲਣ ਦੀ ਚਾਹ ਹੋਵੇ, ਫੇਰ ਤਾਂ ਇੱਕ-ਇੱਕ ਅੱਖਰ ਅੰਦਰ ਬੈਠਦਾ ਚਲਿਆ ਜਾਏਗਾ। ਮੇਰਾ ਰਾਮ ਇਸ ਤਰ੍ਹਾਂ ਮਿਲਦਾ ਹੈ, ਕੁਰਬਾਨੀ ਕਰਨੀ ਪੈਂਦੀ ਹੈ। 'ਮੈਂ' ਮਰਦੀ ਹੈ, ਫੇਰ ਮਿਲਦਾ ਹੈ ਇਸਨੂੰ।

ਸੋ ਇਸ ਤਰ੍ਹਾਂ ਮਹਾਰਾਜ ਕਹਿੰਦੇ, ਤੂੰ ਕਾਹਦਾ ਮਾਣ ਕਰਦਾ ਹੈਂ ਪ੍ਰੇਮੀਆਂ, ਇਸ ਨੂੰ ਸੋਧ, ਦੇਹ ਅਧਿਆਸ ਵਿਚ ਨਾ ਪੈ। ਦੇਹ ਅਧਿਆਸ ਨੇ ਹੀ ਤੈਨੂੰ ਦੁਖੀ ਕਰਿਆ ਹੋਇਆ ਹੈ, ਸਮਝ -

***ਧਾਰਨਾ - ਤੇਰੀ ਦੇਹੀ ਨੇ ਖਾਕ ਬਣ ਜਾਣੈ,***
***ਜਿਸ ਦਾ ਤੂੰ ਮਾਣ ਕਰਦੈਂ -2***
***ਮੇਰੇ ਪਿਆਰੇ, ਜਿਸਦਾ ਤੂੰ ਮਾਣ ਕਰਦੈਂ - 2, 2.***
***ਤੇਰੀ ਦੇਹੀ ਨੇ ਖਾਕ ਬਣ ਜਾਣੈ,...........।***

***ਕਾਹੇ ਰੇ ਨਰ ਗਰਬੁ ਕਰਤ ਹਹੁ ਬਿਨਸਿ ਜਾਇ ਝੂਠੀ ਦੇਹੀ॥***
***ਪੰਨਾ - 692***

***ਕਬੀਰਾ ਧੂਰਿ ਸਕੇਲਿ ਕੈ ਪੁਰੀਆ ਬਾਂਧੀ ਦੇਹ॥***
***ਦਿਵਸ ਚਾਰਿ ਕੋ ਪੇਖਨਾ ਅੰਤਿ ਖੇਹ ਕੀ ਖੇਹ॥***
***ਪੰਨਾ - 1374***

ਇਸ ਨੇ ਤਾਂ ਖੇਹ ਬਣ ਜਾਣਾ ਹੈ ਪ੍ਰੇਮੀਆਂ! ਇਸ ਦਾ ਮਾਣ ਨ ਕਰ। ਇਸਨੂੰ ਚਿੱਟੇ ਪੋਚੇ ਨਾਲ ਪੋਚਿਆ ਹੋਇਆ ਮੁਨਾਰਾ ਸਮਝ। ਬੜਾ ਸੋਹਣਾ ਪੋਚਾ ਹੈ, ਕਿਸੇ ਨਾ ਕਿਸੇ ਤਰ੍ਹਾਂ ਦਾ ਪੋਚਾ। ਇਹ ਸਾਢੇ ਤਿੰਨ ਹੱਥ ਦਾ ਮੁਨਾਰਾ ਪੋਚਿਆ ਪਿਆ ਹੈ -

***ਅੰਦਰ ਲਹੂ ਪਾਕ ਮਲਮੂਤਰ ਭਰ ਗੰਦਾ।***
***ਬੰਦਾ ਉਸ ਦਾ ਹੋ ਕੇ ਕਰੇ ਬੰਦਗੀ ਤਾਂ ਬੰਦਾ ਚੰਗਾ।***
***ਬੰਦਗੀ ਤੋਂ ਬਿਨਾਂ ਬੰਦਾ ਗੰਦੇ ਤੋਂ ਵੀ ਗੰਦਾ।***

ਇਸ ਦਾ ਮਾਣ ਕਰਦਾ ਹੈਂ? ਇਸ ਦਾ ਮਾਣ ਨਹੀਂ ਹੋਇਆ ਕਰਦਾ। ਸੋ ਇਸ ਤਰ੍ਹਾਂ ਦੇ ਨਾਲ ਗੁਰੂ ਨਾਨਕ ਪਾਤਸ਼ਾਹ ਕਹਿਣ ਲੱਗੇ ਕਿ ਜੇ ਤਾਂ ਤੂੰ ਪਛਾਣ ਕਰ ਲਈ ਫੇਰ ਤਾਂ ਤੂੰ ਜਿੱਤ ਗਿਆ; ਜੇ ਦੇਹ ਅਧਿਆਸ ਦੇ ਵਿਚ ਫਸਿਆ ਰਹਿ ਗਿਆ ਤਾਂ ਇਹ ਬਾਜੀ ਹਾਰ ਕੇ ਤੂੰ ਜਾਏਂਗਾ, ਕਿਉਂਕਿ ਜੇ ਇਹ ਦੇਹ ਇਥੇ ਇਸ ਤਰ੍ਹਾਂ ਹੈ ਤਾਂ ਉਥੇ ਉਤਮ ਤੋਂ ਉਤਮ ਵੀ ਲਿਖੀ ਹੈ। ਉਹ ਤਾਂ ਲਿਖੀ ਹੈ ਕਿ ਇਸ (ਮਾਨਸ) ਦੇਹ ਦੇ ਅੰਦਰ ਉਹ ਚੀਜ਼ ਪ੍ਰਗਟ ਹੋ ਜਾਂਦੀ ਹੈ ਜੋ ਕਿਸੇ ਹੋਰ ਦੇਹੀ 'ਚ ਪ੍ਰਗਟ ਨਹੀਂ ਹੁੰਦੀ, ਨਰ ਨਰਾਇਣੀ ਦੇਹ ਕਿਹਾ ਹੈ ਇਸਨੂੰ। ਇਸ ਨੂੰ ਇਸ ਤਰ੍ਹਾਂ ਦੇ ਨਾਲ ਫੁਰਮਾਨ ਕੀਤਾ ਹੈ।

***ਧਾਰਨਾ - ਜੋਤ ਹਰੀ ਦੀ,***
***ਇਸ ਦੇਹੀ ਵਿਚ ਵਸਦੀ ਹੈ - 2, 2.***

***ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ॥***
***ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥***
***ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ॥***
***ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ॥***
***ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ॥***
***ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ॥***
***ਪੰਨਾ - 954***

ਮਹਾਰਾਜ ਕਹਿੰਦੇ ਇਸ ਦੇ ਵਿਚ ਨੌਂ ਦਰਵਾਜ਼ੇ ਨੇ ਤੇ ਦਸਵਾਂ ਜਿਥੇ ਅਸਲੀ ਚੀਜ਼ ਪਈ ਹੈ, ਉਹ ਗੁਪਤ ਹੈ। ਉਸ ਨੂੰ ਬਜਰ ਕਪਾਟ ਆਸਾ, ਅੰਦੇਸ਼ਾ, ਅਗਿਆਨ ਦੇ ਜੜੇ ਹੋਏ ਨੇ। ***'ਬਜਰ ਕਪਾਟ ਨ ਖੁਲਨੀ'*** ਫਿਰ ਖੁਲ੍ਹਦੇ ਕਿਵੇਂ ਨੇ? ਕਹਿੰਦੇ, ਚਾਬੀ ਲੈ ਲੈ ਗੁਰੂ ਤੋਂ, ਨਾਮ ਲੈ ਲੈ, ਸ਼ਬਦ ਲੈ ਲੈ, ਮੰਤਰ ਲੈ ਲੈ। ਉਸ ਦਾ ਜਾਪ ਕਰ, ਤਰੱਕੀ ਕਰ। ਹੌਲੀ-ਹੌਲੀ ਪਤਾ ਲੱਗ ਜਾਵੇਗਾ। ਜਦੋਂ ਖੁੱਲ੍ਹ ਗਿਆ, ਇਸ ਦੀਆਂ ਨਿਸ਼ਾਨੀਆਂ ਹਨ। ਐਵੇਂ ਮਨੋ ਕਲਿਪਤ ਬਾਤਾਂ ਨਹੀਂ ਹਨ। ਕਹਿੰਦੇ ਜਦੋਂ ਦਰਵਾਜ਼ਾ ਖੁੱਲ੍ਹ ਗਿਆ, ਜਿਸ ਥਾਂ ਤੇ ਜਾਈਏ, ਉਸ ਥਾਂ ਦੀ ਆਵਾਜ਼ ਓਥੇ ਸੁਣਦੀ ਹੈ, ਉਸ ਥਾਂ ਦਾ ਮੰਤਰ ਉਥੇ ਸੁਣਿਆ ਕਰਦਾ ਹੈ। ਕਹਿਣ ਲੱਗੇ ***'ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ॥'*** ਓਥੇ ਗੁਰੂ ਦਾ ਸ਼ਬਦ ਸੁਣਦਾ ਹੈ। ਕਿਹੜਾ ਸ਼ਬਦ? ਇਸ ਦੇ ਬਾਰੇ ਓਥੇ ਪਹੁੰਚ ਕੇ ਹੀ ਪਤਾ ਲੱਗਦਾ ਹੈ ਕਿ ਕਿਹੜਾ ਸ਼ਬਦ ਹੈ। ਫੇਰ ਗੁਰੂ ਗ੍ਰੰਥ ਸਾਹਿਬ ਵਿਚੋਂ ਸ਼ਬਦ ਲੱਭ ਜਾਂਦਾ ਹੈ ਜਿਹੜਾ ਅਸੀਂ ਸੁਣਨਾ ਹੈ। ਉਥੇ ਆਤਮ ਚਿੰਤਨ ਹੁੰਦਾ ਹੈ, ਬ੍ਰਹਮ ਚਿੰਤਨ। ***'ਤਿਤੁ ਘਟ ਅੰਤਰਿ ਚਾਨਣਾ'***

ਹੁਣ ਅਨ੍ਹੇਰਾ ਨਹੀਂ ਰਹਿ ਗਿਆ, ਪ੍ਰਕਾਸ਼ ਹੀ ਪ੍ਰਕਾਸ਼ ਹੋ ਗਿਆ। ਮਨ ਦੀਆਂ ਅੱਖਾਂ ਨਾਲ ਦੇਖਣ ਵਾਲਾ ਪ੍ਰਕਾਸ਼ ਹੋ ਗਿਆ। ਬੁੱਧੀ ਦੀਆਂ ਅੱਖਾਂ ਨਾਲ, ਸੂਰਜ ਚੰਦ ਦੇ ਪ੍ਰਕਾਸ਼ ਨੂੰ ਦੇਖਦਾ ਹੈ, ਜੋ ਸਰੀਰ ਦੀਆਂ ਅੱਖਾਂ ਨੇ ਉਹ ਇਸ ਨੂੰ ਦੇਖਦੀਆਂ ਨੇ ਤੇ ਜੋ ਅਨੁਭਵ ਦੀਆਂ ਅੱਖਾਂ ਨੇ, ਉਹ ਹੋਰ ਚਾਨਣਾ ਹੈ। ਇਸ ਚਾਨਣੇ ਨਾਲ ਹੀ ਉਹ ਮਿਲਦਾ ਹੈ। ਉਹ ਗਿਆਨ ਦਾ ਪ੍ਰਕਾਸ਼ ਹੈ, ਪਰਤੱਖ ਚੀਜ਼ ਦਿਸਣ ਵਾਲੀ ਦ੍ਰਿਸ਼ਟੀ ਆ ਜਾਂਦੀ ਹੈ। ***'ਕਰਿ ਭਗਤਿ ਮਿਲੀਜੈ।'*** ਦਿਸਦਾ ਕੀ ਹੈ? ਕਹਿੰਦੇ ***'ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ।। ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ।'*** ਕਹਿੰਦੇ, ਇਹ ਚੀਜ਼ ਸਰੀਰ ਵਿਚ ਵਸਦੀ ਹੈ –

***ਇਹੁ ਸਰੀਰੁ ਸਭੁ ਧਰਮੁ ਹੈ***
***ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ॥ ਪੰਨਾ – 309***

ਵਾਹਿਗੁਰੂ ਵਸਦਾ ਹੈ ਇਸ ਦੇ ਅੰਦਰ –

***ਗੁਹਜ ਰਤਨ ਵਿਚਿ ਲੁਕਿ ਰਹੇ***
***ਕੋਈ ਗੁਰਮੁਖਿ ਸੇਵਕੁ ਕਢੈ ਖੋਤਿ।। ਪੰਨਾ – 309***

ਮਹਾਰਾਜ ਕਹਿੰਦੇ ਹਨ ਕਿ ਤੇਰੇ ਅੰਦਰ ਇਹੋ ਜਿਹਾ ਰਤਨ ਲੁਕਿਆ ਪਿਆ ਹੈ ਜਿਸ ਨੂੰ 'ਆਤਮ ਪਦਾਰਥ' ਕਹਿੰਦੇ ਹਨ, 'ਨਾਮ' ਕਹਿੰਦੇ ਹਨ, ਜਿਸ ਦਾ ਮੁੱਲ ਕੋਈ ਨਹੀਂ ਜਾਣਦਾ –

***ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ।।***
***ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ।।***
***ਪੰਨਾ – 81***

***ਨਉਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ।।***
***ਦੇਹੀ ਮਹਿ ਇਸ ਕਾ ਬਿਸ੍ਰਾਮੁ।।***
***ਸੁੰਨ ਸਮਾਧਿ ਅਨਹਤ ਤਹ ਨਾਦ।।***
***ਕਹਨੁ ਨ ਜਾਈ ਅਚਰਜ ਬਿਸਮਾਦ॥***
***ਤਿਨਿ ਦੇਖਿਆ ਜਿਸੁ ਆਪਿ ਦਿਖਾਏ॥***
***ਨਾਨਕ ਤਿਸੁ ਜਨ ਸੋਝੀ ਪਾਏ॥ ਪੰਨਾ – 293***

ਜਿਸ ਨੂੰ ਦਿਖਾ ਦਿੰਦਾ ਹੈ ਉਸ ਨੂੰ ਫੇਰ ਰਤਨ ਅੰਦਰ ਨਜ਼ਰ ਆਉਂਦਾ ਹੈ ਜਿਸ ਦਾ ਕੋਈ ਮੁੱਲ ਨਹੀਂ। ਮਹਾਰਾਜ ਕਹਿੰਦੇ, ***'ਗੁਹਜ ਰਤਨ ਵਿਚਿ ਲੁਕਿ ਰਹੇ ਕੋਈ ਗੁਰਮੁਖਿ ਸੇਵਕੁ ਕਢੈ ਖੋਤਿ।।'*** ਖੋਜ ਕਰ ਕਰਕੇ, ਵਿਚਾਰ ਕਰ ਕਰਕੇ ਉਸ ਰਤਨ ਤਕ ਕੋਈ ਗੁਰਮੁਖ, ਗੁਰੂ ਦੀ ਮਦਦ ਨਾਲ ਕੋਈ ਪ੍ਰੇਮੀ ਪਹੁੰਚ ਜਾਂਦਾ ਹੈ। ਫੇਰ ਨਜ਼ਰ ਕੀ ਆਉਂਦਾ ਹੈ ਜਦੋਂ ਰਤਨ ਮਿਲ ਜਾਏ? ਕਹਿੰਦੇ, ਇਹ ਨਿਗ੍ਹਾ ਬਦਲ ਜਾਂਦੀ ਹੈ। ਇਸ ਦੇ ਵਿਚ ਪਹਿਲਾਂ ਤਾਂ ਇਹੋ ਨਜ਼ਰ ਆਉਂਦਾ ਹੈ ਕਿ ਫਲਾਣਾ ਸਿੰਘ, ਫਲਾਣਾ ਸਿੰਘ, ਉਹ ਸਾਡਾ ਵੈਰੀ, ਆਹ ਫਲਾਣਾ ਧਰਮ, ਆਹ ਫਲਾਣਾ ਬੰਦਾ; ਇਹ ਕੁਝ ਓਥੇ ਨਹੀਂ ਨਜ਼ਰ ਆਉਂਦਾ।

"ਮਹਾਰਾਜ! ਓਥੇ ਹੋਰ ਤਰ੍ਹਾਂ ਨਜ਼ਰ ਆਉਂਦਾ ਹੈ?"

"ਹਾਂ।"

"ਕੀ ਨਜ਼ਰ ਆਉਂਦਾ ਹੈ?"

ਮਹਾਰਾਜ ਫੁਰਮਾਨ ਕਰਦੇ ਹਨ –

***ਸਭੁ ਆਤਮ ਰਾਮੁ ਪਛਾਣਿਆ***
***ਤਾਂ ਇਕੁ ਰਵਿਆ ਇਕੋ ਓਤਿ ਪੋਤਿ।। ਪੰਨਾ – 309***

ਸਾਰਿਆਂ ਦੇ ਅੰਦਰ ਇਕੋ ਵਾਹਿਗੁਰੂ ਦੀ ਜੋਤ ਹੈ – ***'ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ।'*** ***'ਜਨ ਨਾਨਕ ਨਾਮੁ ਸਲਾਹਿ ਤੂ ਸਚੁ ਸਚੇ ਸੇਵਾ ਤੇਰੀ ਹੋਤਿ॥'*** ਇਹ ਚੀਜ਼ ਨਜ਼ਰ ਆਉਂਦੀ ਹੈ। ਮਹਾਰਾਜ ਕਹਿੰਦੇ – ***'ਕਾਇਆ ਅੰਦਰਿ ਆਪ ਵਸੈ'*** ਇਸ ਸਰੀਰ ਦੇ ਅੰਦਰ ਵਾਹਿਗੁਰੂ ਆਪ ਵਸਦਾ ਹੈ –

***ਕਾਇਆ ਅੰਦਰਿ ਆਪੇ ਵਸੈ ਅਲਖੁ ਨ ਲਖਿਆ ਜਾਈ।।***
***ਮਨਮੁਖੁ ਮੁਗਧੁ ਬੂਝੈ ਨਾਹੀ ਬਾਹਰਿ ਭਾਲਣਿ ਜਾਈ॥***
***ਪੰਨਾ – 754***

ਉਹ ਤਾਂ ਸਾਰਿਆਂ ਸੁੱਖਾਂ ਦਾ ਦਾਤਾ ਤੇਰੇ ਅੰਦਰ ਬੈਠਾ ਹੈ। ਮਨ ਦੇ ਪਿਛੇ ਲੱਗਣ ਵਾਲਾ ਮੂਰਖ ਇਸ ਗੱਲ ਨੂੰ ਬੁੱਝ ਨਹੀਂ ਰਿਹਾ –

***ਕਾਇਆ ਕੋਟੁ ਹੈ ਆਕਾਰਾ॥***
***ਮਾਇਆ ਮੋਹੁ ਪਸਰਿਆ ਪਾਸਾਰਾ॥***
***ਬਿਨੁ ਸਬਦੈ ਭਸਮੈ ਕੀ ਢੇਰੀ ਖੇਹੂ ਖੇਹ ਰਲਾਇਦਾ॥***
***ਕਾਇਆ ਕੰਚਨ ਕੋਟੁ ਅਪਾਰਾ॥***
***ਜਿਸੁ ਵਿਚਿ ਰਵਿਆ ਸਬਦੁ ਅਪਾਰਾ॥ ਪੰਨਾ – 1059***

ਅਪਾਰ, ਪਾਰਾਵਾਰ ਨਹੀਂ ਪਾਇਆ ਜਾਂਦਾ – ਸ਼ਬਦ ਦਾ, ਬ੍ਰਹਮ ਦਾ, ਵਾਹਿਗੁਰੂ ਦਾ, ਆਤਮਾ ਦਾ; ਉਹ ਤੇਰੇ ਅੰਦਰ ਰਵਿਆ ਹੋਇਆ ਹੈ –

***ਗੁਰਮੁਖਿ ਗਾਵੈ ਸਦਾ ਗੁਣ ਸਾਚੇ ਮਿਲਿ ਪ੍ਰੀਤਮ ਸੁਖੁ ਪਾਇਦਾ॥***
***ਕਾਇਆ ਹਰਿਮੰਦਰੁ ਹਰਿ ਆਪਿ ਸਵਾਰੇ॥***
***ਤਿਸੁ ਵਿਚਿ ਹਰਿ ਜੀਉ ਵਸੈ ਮੁਰਾਰੇ॥ ਪੰਨਾ – 1059***

ਦੁਨੀਆਂ ਝਗੜੇ ਕਰਦੀ ਹੈ – ਇਹ ਮੰਦਰ ਸਾਡਾ ਹੈ, ਇਹ ਮਸਜਿਦ ਸਾਡੀ ਹੈ, **ਇਹ ਸਾਡਾ ਪੂਜਾ ਦਾ ਅਸਥਾਨ ਹੈ, ਝਗੜਦੇ ਨੇ ਆਪਸ ਵਿਚ। ਮਹਾਰਾਜ ਕਹਿੰਦੇ ਜਿਹੜਾ ਹਰੀ ਦਾ ਮੰਦਰ ਹੈ ਓਥੇ ਤੂੰ ਸ਼ਰਾਬ ਪਾਉਦਾ ਹੈਂ, ਮਾਸ ਪਾਉਂਦਾ ਹੈਂ, ਨਿੰਦਿਆ ਪਾਉਂਦਾ ਹੈਂ, ਚੁਗਲੀਆਂ ਰੱਖਦਾ ਹੈਂ, ਈਰਖਾ ਰੱਖਦਾ ਹੈਂ, ਵੈਰ ਰੱਖਦਾ ਹੈਂ, ਕਪਟ ਰੱਖਦਾ ਹੈਂ, ਛਲ ਰੱਖਦਾ ਹੈਂ। ਉਹ ਤਾਂ ਤੂੰ ਗੰਦਾ ਕਰ ਦਿਤਾ, ਭ੍ਰਿਸ਼ਟ ਕੀਤਾ ਪਿਆ ਹੈ; ਉਸ ਨੂੰ ਸਵਾਰ ਲੈ ਪ੍ਰੇਮੀਆਂ! *'ਕਾਇਆ ਹਰਿਮੰਦਰੁ ਹਰਿ ਆਪਿ ਸਵਾਰੇ॥'* ਇਹ ਕਾਇਆ ਹਰੀ ਦਾ ਮੰਦਰ ਹੈ – *'ਤਿਸੁ ਵਿਚਿ ਹਰਿ ਜੀਉ ਵਸੈ ਮੁਰਾਰੇ॥'* ਹੁਣ ਇਸ ਤੋਂ ਅੱਗੇ ਕੀ ਕਹਿਣਗੇ ਗੁਰੂ ਸਾਹਿਬ! ਮੰਨ ਲੈਂਦੇ ਹਾਂ ਆਪਾਂ ਕਿ ਰੱਬ ਰਹਿੰਦਾ ਹੈ ਮੇਰੇ ਵਿਚ? ਮੰਨ ਕੇ ਦੇਖ ਲਓ ਜੇ ਕਦੇ ਕਿਸੇ ਨੂੰ ਕਿਸੇ ਤਰ੍ਹਾਂ ਦਾ ਤੋਟਾ ਆ ਜਾਵੇ। ਬਿਲਕੁਲ ਨਹੀਂ ਆਉਂਦਾ। ਮੰਨ ਕੇ ਦੇਖ ਲਓ, ਮਨਾ ਲਓ। ਮਹਾਰਾਜ ਕਹਿੰਦੇ ਨੇ 'ਮੰਨ ਲਓ, ਮੰਨ ਲਓ, ਮੰਨ ਲਓ, ਤੈਨੂੰ ਬੜੀ ਉਚੀ ਪਦਵੀ ਪ੍ਰਾਪਤ ਹੋ ਜਾਊ'।**

***ਧਾਰਨਾ – ਪਾਵਹਿ ਮੋਖ ਦੁਆਰ***
***ਜੇ ਮਨ ਮੰਨ ਜਾਏ, ਜੇ ਮਨ ਮੰਨ ਜਾਏ – 2***

***ਮੰਨੈ ਪਾਵਹਿ ਮੋਖੁ ਦੁਆਰੁ॥ ਮੰਨੈ ਪਰਵਾਰੈ ਸਾਧਾਰੁ॥***
***ਮੰਨੈ ਤਰੈ ਤਾਰੇ ਗੁਰੁਸਿਖ॥ ਮੰਨੈ ਨਾਨਕ ਭਵਹਿ ਨ ਭਿਖ॥***

***ਐਸਾ ਨਾਮੁ ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ॥***
***ਪੰਨਾ – 3***

ਫੇਰ ਮਹਾਰਾਜ ਕਹਿੰਦੇ ਨੇ ਮੰਨਣ ਵਾਲੇ ਦੀ ਹਾਲਤ ਕਹੀ ਨਹੀਂ ਜਾਂਦੀ –

***ਮੰਨੇ ਕੀ ਗਤਿ ਕਹੀ ਨ ਜਾਇ॥***
***ਜੇ ਕੋ ਕਹੈ ਪਿਛੈ ਪਛੁਤਾਇ॥ ਪੰਨਾ – 3***

ਮੰਨ ਲਓ ਇਸ ਗੱਲ ਨੂੰ ਕਿ ***'ਕਾਇਆ ਹਰਿਮੰਦਰੁ ਹਰਿ ਆਪਿ ਸਵਾਰੇ॥ ਤਿਸ ਵਿਚਿ ਹਰਿ ਜੀਉ ਵਸੈ ਮੁਰਾਰੇ॥'*** ਕਦੇ ਕਹਿੰਦੇ ਹਾਂ ਕਿ ਮੇਰੇ ਅੰਦਰ ਵਾਹਿਗੁਰੂ ਵਸਦਾ ਹੈ? ਮੇਰੇ ਅੰਦਰ ਵੀ ਵਸਦਾ ਹੈ, ਸਾਰਿਆਂ ਦੀ ਕਾਇਆ ਵਿਚ ਵਸਦਾ ਹੈ, ਕੋਈ ਵੀ ਉਸ ਤੋਂ ਬਾਹਰ ਨਹੀਂ ਹੈ –

***ਗੁਰ ਕੈ ਸਬਦਿ ਵਣਜਨਿ ਵਾਪਾਰੀ ਨਦਰੀ ਆਪਿ ਮਿਲਾਇਦਾ॥***
***ਪੰਨਾ – 1059***

ਗੁਰੂ ਦਾ ਸ਼ਬਦ ਲੈ ਕੇ ਫੇਰ ਜਿਹੜੇ ਨਾਮ ਦੇ ਵਪਾਰੀ ਨੇ, ਉਹ ਵਣਜ ਕਰਦੇ ਨੇ ***'ਨਦਰੀ ਆਪਿ ਮਿਲਾਇਦਾ'*** ਜਦੋਂ ਵਪਾਰ ਕਰਾਂਗੇ ਸੱਚ ਦਾ, ਫੇਰ ਉਥੇ ਨਦਰਿ ਦਾ ਕ੍ਰਿਸ਼ਮਾ ਵਰਤਦਾ ਹੈ, ਬਖਸ਼ਿਸ਼ ਦਾ, ਕਰਮ ਦਾ। ਫੇਰ ਆਪਣੇ ਨਾਲ ਮਿਲਾ ਲਿਆ ਕਰਦਾ ਹੈ, ਓਤਿ ਪੋਤਿ ਇਕੋ ਹੀ ਹੋ ਜਾਂਦਾ ਹੈ, ਫੇਰ 'ਮੈਂ ਤੂੰ' ਨਹੀਂ ਰਹਿੰਦਾ –

***ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ॥***
***ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ॥***
***ਪੰਨਾ – 1375***

ਤੂੰ ਬਣ ਗਿਆ –

***ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ॥***
***ਅਨਲ ਅਗਮ ਜੈਸੇ ਲਹਰਿ ਮਇ ਓਦਧਿ ਜਲ ਕੇਵਲ ਜਲ ਮਾਂਹੀ॥***
***ਪੰਨਾ – 657***

ਜਿਵੇਂ ਸਮੁੰਦਰ ਵਿਚ ਲਹਿਰਾਂ ਉਠਦੀਆਂ ਹਨ, ਸਮੁੰਦਰ ਵਿਚ ਸਮਾਅ ਜਾਂਦੀਆਂ ਹਨ। ਜਦ ਮਨ ਮੰਨ ਗਿਆ ਫੇਰ ਏਵੇਂ ਹੋ ਜਾਣਾ ਹੈ; ਫੇਰ ਵਾਸਾ ਕਿਥੇ ਮਿਲਦਾ ਹੈ? ਕਹਿੰਦੇ ਨਿਜ ਘਰ ਵਿਚ ਵਾਸਾ ਮਿਲ ਜਾਂਦਾ ਹੈ। ਫੇਰ ਉਹ ਬਾਹਰ ਨਹੀਂ ਰਹਿੰਦਾ, ਬਹੁਤ ਆਰਾਮ ਵਾਲਾ ਘਰ, ਅੰਦਰ ਹੀ ਮਿਲ ਜਾਂਦਾ ਹੈ –

***ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ॥***
***ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੇ ਸਬਦੁ ਨੀਸਾਣੁ॥***
***ਪੰਨਾ – 1290–91***

ਓਥੇ ਨਿਸ਼ਾਨੀਆਂ ਨੇ, ਮਹਾਰਾਜ ਕਹਿੰਦੇ –

***ਨਉ ਦਰ ਠਾਕੇ ਧਾਵਤੁ ਰਹਾਏ॥***
***ਦਸਵੈ ਨਿਜ ਘਰਿ ਵਾਸਾ ਪਾਏ॥ ਪੰਨਾ – 124***

ਨੌਆਂ ਦਰਵਾਜ਼ਿਆਂ ਨੂੰ ਠਾਕ ਦਿਤਾ; ਅੱਖਾਂ ਨੂੰ ਠਾਕ ਦਿਤਾ ਕਿ ਨਹੀਂ ਦੇਖਣਾ ਪਰਾਇਆ ਰੂਪ –

***ਦੇਖਿ ਪਰਾਈਆ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ॥***
***ਭਾਈ ਗੁਰਦਾਸ ਜੀ, ਵਾਰ 29/11***

ਦੇਖਣਾ ਹੀ ਨਹੀਂ ਮਾੜਾ, ਛੱਡ ਦਿਤਾ, ਅੱਖਾਂ ਠਾਕ ਦਿਤੀਆਂ। ***'ਕਰਨ ਨ ਸੁਨੈ ਕਾਹੂ ਕੀ ਨਿੰਦਾ॥' (ਪੰਨਾ 274)*** ਕੰਨ ਠਾਕ ਦਿਤੇ, ਰਸਨਾ ਝੂਠ ਬੋਲਣ ਤੋਂ ਠਾਕ ਦਿਤੀ, ਹੱਥ ਮਾੜਾ ਕਰਨ ਤੋਂ ਠਾਕ ਦਿਤੇ, ਪੈਰ ਮਾੜੀ ਥਾਂ ਜਾਣ ਤੋਂ ਠਾਕ ਦਿਤੇ। ਜਦੋਂ ਠਾਕ ਦਿਤੇ ਫੇਰ ***'ਨਉ ਦਰ ਠਾਕੇ ਧਾਵਤੁ ਰਹਾਏ॥'*** ਧਾਉਂਦਾ ਨਹੀਂ ਮਨ। ਇੱਕ ਦਰਵਾਜ਼ਾ ਰਹਿ ਗਿਆ, ਹੁਣ ਉਸ ਨੇ ਓਧਰ ਨੂੰ ਰੁੱਖ ਕਰ ਲਿਆ। ਜਦ ਸਾਰੇ ਹੀ ਦਰਵਾਜ਼ੇ ਬੰਦ ਕਰ ਦਿਤੇ, ਉਸ ਨੂੰ ਟੋਲ੍ਹਣਾ ਹੈ। ਹੋਰ ਵੀ ਦਰਵਾਜ਼ਾ ਹੈ? ਹੁਣ ਤਾਂਈ ਤਾਂ ਟੋਲ੍ਹਿਆ ਨਹੀਂ। ਫਿਰ ਉਸ ਦਰਵਾਜ਼ੇ ਵੱਲ ਨੂੰ ਚਲਦਾ ਹੈ ***'ਦਸਵੈ ਨਿਜ ਘਰਿ ਵਾਸਾ ਪਾਏ।'*** ਨਿਜ ਘਰ ਹੈ ਦਸਵਾਂ ਦੁਆਰ। ਓਥੇ ਜੀ ਨਹੀਂ ਲੱਗਣਾ ਮਹਾਰਾਜ। ਮਹਾਰਾਜ ਕਹਿੰਦੇ ਓਥੇ ਜੀਅ ਨਹੀਂ ਲਗਣਾ?

***ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ***
***ਗੁਰਮਤੀ ਸਬਦੁ ਸੁਣਾਵਣਿਆ॥ ਪੰਨਾ – 124***

ਸੋ ਇਸ ਤਰ੍ਹਾਂ ਦੇ ਨਾਲ ਗੁਰੂ ਦੀ ਮਤ ਦੇ ਨਾਲ ਉਸ ਸ਼ਬਦ ਦੀ ਪ੍ਰਾਪਤੀ ਹੋ ਜਾਏਗੀ। ਮਹਾਰਾਜ ਕਹਿੰਦੇ ਦੇਖੋ, ਦੋ ਚੀਜ਼ਾਂ ਨੇ। ਜੇ ਤਾਂ ਭਾਈ –

***ਏਕ ਵਸਤੁ ਬੂਝਹਿ ਤਾ ਹੋਵਹਿ ਪਾਕ॥***
***ਬਿਨੁ ਬੂਝੇ ਤੂੰ ਸਦਾ ਨਾਪਾਕ॥ ਪੰਨਾ – 374***

ਚਾਹੇ ਨਾਪਾਕ ਕਹਿ ਲਓ, ਗੰਦ-ਮੰਦ ਦਾ ਥੈਲਾ ਬੰਦ ਪਿਆ ਹੈ; ਚਾਹੇ ਇਸ ਦੇਹੀ ਨੂੰ ਪਰਮ-ਪਵਿੱਤਰ ਕਰ ਲਓ ਜਿਸ ਦੀ ਧੂੜੀ ਨੂੰ ਸਾਰੇ ਤੀਰਥ ਵੀ ਲੋਚਦੇ ਨੇ ਕਿ ਸਾਡੇ ਵਿਚ ਕਿਸੇ ਵੀ ਤਰੀਕੇ ਨਾਲ ਉੱਡ ਕੇ ਧੂੜ ਪੈ ਜਾਏ। ਮਹਾਤਮਾ ਨਹੀਂ ਆਉਂਦੇ, ਹਵਾ ਦੇ ਅੱਗੇ ਅਰਦਾਸਾਂ ਕਰਦੇ ਨੇ, 'ਐ ਹਵਾ! ਚਾਲ ਤੋਂ ਤੇਜ਼ ਵਗ। ਸੰਤ ਜਿਥੋਂ ਦੀ ਲੰਘਦੇ ਜਾਂਦੇ ਨੇ ਉਹ ਧੂੜੀ ਉਡਾ ਕੇ ਆਪਣੇ ਵਿਚ ਲੈ ਆ ਤੇ ਸਾਡੇ ਉਤੋਂ ਦੀ ਲੰਘ ਜਾ, ਸਾਡੇ ਪਾਪ ਮਿਟ ਜਾਣ। ਅਸੀਂ ਜਾ ਨਹੀਂ ਸਕਦੇ, ਅਸੀਂ ਜੜ੍ਹ ਤੀਰਥ ਹਾਂ, ਉਹ ਜੰਗਮ ਤੀਰਥ ਨੇ ਕਿਉਂਕਿ ਉਹ ਮਹਾਂ ਪਵਿੱਤਰ ਹੋ ਗਏ, ਉਨ੍ਹਾਂ ਦੇ ਵਿਚ ਪਰਮੇਸ਼ਰ ਵਸਦਾ ਹੈ। ਵਸਦਾ ਸਾਡੇ ਵਿਚ ਵੀ ਹੈ ਪਰ ਅਸੀਂ ਭੁੱਲੀ ਬੈਠੇ ਹਾਂ।

ਸੋ ਇਸ ਤਰ੍ਹਾਂ ਦੇ ਨਾਲ ਪਰਸਰਾਮ ਵਜ਼ੀਰ ਵਾਪਿਸ ਚਲਿਆ ਗਿਆ, ਜਾ ਕੇ ਕਹਿਣ ਲੱਗਿਆ, ਰਾਜਨ! ਮੈਂ ਕੀ ਗੱਲ ਦੱਸਾਂ, ਮੈਂ ਬੋਲ ਨਹੀਂ ਸਕਦਾ, ਕੁਛ ਕਹਿ ਨਹੀਂ ਸਕਦਾ। ਇਹ ਤਾਂ ਗੱਲ ਹੀ ਹੋਰ ਬਣ ਗਈ। ਕਹਿਣ ਲੱਗਿਆ, "ਪਹਿਲਾਂ ਮੈਂ ਬਾਗ ਦੇਖਿਆ, ਲਹਿਲਹਾ ਰਿਹਾ ਹੈ। ਐਨੀ ਛੇਤੀਂ ਟਾਹਣੀਆਂ ਵੀ ਆ ਗਈਆਂ, ਪੱਤੇ ਵੀ ਆ ਗਏ। ਐਡਾ ਕ੍ਰਿਸ਼ਮਾ! ਤੁਹਾਡਾ ਮਨ ਨਹੀਂ ਮੰਨਦਾ ਕਿ ਕੋਈ ਕਰਾਮਾਤੀ ਵੀ ਬਾਗ ਹਰਾ ਕਰ ਸਕਦਾ ਹੈ। ਫੇਰ ਦੂਜੀ ਮੈਂ ਗੱਲ ਕਰਦਾ ਹਾਂ ਕਿ ਮੈਂ ਜਿਹੜੇ ਸਵਾਲ ਲੈ ਕੇ ਗਿਆ ਸੀ – ਇਹ ਪੁੱਛਾਂਗਾ, ਉਹ ਪੁੱਛਾਂਗਾ, ਮੇਰੀ ਜ਼ੁਬਾਨ ਹੀ ਬੰਦ ਹੋ ਗਈ। ਕਹਿੰਦੇ ਮੈਂ ਸੁਣਿਆ ਹੈ (ਜਿਸ ਨੂੰ ਅੱਜਕੱਲ੍ਹ ਟੈਲੀਪੈਥੀ ਕਹਿੰਦੇ ਨੇ) ਕਿ ਅੰਦਰੋਂ-ਅੰਦਰੀ ਵੀ ਗੱਲ ਹੋ ਜਾਂਦੀ ਹੈ, ਇਹ ਅੱਜ ਤਾਈਂ ਨਹੀਂ ਸੀ ਮੈਂ ਅਨੁਭਵ ਕੀਤਾ। ਮੈਂ ਗੱਲ ਚਿਤਵਣੀ, ਫੜੱਕ ਮੈਨੂੰ ਜਵਾਬ ਆ ਜਾਣਾ। ਕਹਿੰਦੇ, ਉਹ ਟੈਲੀਪੈਥੀ ਚੱਲ ਪਈ, ਬਿਨਾਂ ਬੋਲਿਆਂ ਤੇ ਜਵਾਬ ਆਈ ਜਾਂਦਾ ਹੈ। ਅੰਦਰ ਚਿਤਵ ਲਓ, ਓਦੋਂ ਹੀ ਜਵਾਬ, ਅੰਦਰ ਕੁਛ ਬੋਲਣਾ

ਸ਼ੁਰੂ ਹੋ ਜਾਂਦਾ ਹੈ। ਕਹਿੰਦਾ ਇਹ ਵੀ ਮੈਂ ਦੇਖਿਆ ਹੈ, ਜ਼ੁਬਾਨ ਬੰਦ ਹੋ ਗਈ। ਇਹ ਤਾਂ ਰੱਬ ਹੀ ਆ ਕੇ ਬਹਿ ਗਿਆ। ਤੈਨੂੰ ਮੈਂ ਸੱਚ ਦੱਸਾਂ, ਭਾਵੇਂ ਮੈਂ ਵੈਸ਼ਨਵ ਹਾਂ, ਮੈਂ ਗੁਰੂ ਨਾਨਕ ਦਾ ਪਿਆਰਾ ਨਹੀਂ ਪਰ ਜਿਸ ਨੂੰ ਮੈਂ ਅੱਜ ਦੇਖਿਆ ਹੈ, ਮੈਂ ਸੌ ਵਿਸਵੇ ਕਹਿੰਦਾ ਹਾਂ ਕਿ ਉਹ ਗੁਰੂ ਨਾਨਕ ਹੈ, ਦੂਜਾ ਨਹੀਂ ਕੋਈ। ਕਹਿੰਦਾ, ਅੰਦਰ ਮੱਲੋ-ਮੱਲੀ ਆਉਂਦਾ ਹੈ ਕਿ ਰੱਬ ਆ ਗਿਆ ਧਰਤੀ 'ਤੇ, ਮੇਰਾ ਮਸਤਕ ਉਸ ਦੇ ਚਰਨੀਂ ਲੱਗ ਗਿਆ। ਰਸਨਾ ਨਾਲ ਮੈਂ ਕੀ ਦੱਸਾਂ, ਮੈਂ ਤਾਂ ਬੋਲ ਕੇ ਨਹੀਂ ਦੱਸ ਸਕਦਾ -

***ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ॥***
***ਪੰਨਾ - 334***

ਕੀ ਦੱਸੇ ਗੁੰਗਾ ਗੁੜ ਖਾ ਕੇ ਕਿ ਕੀ ਹੈ ਇਹ, ਇਹਦਾ ਸੁਆਦ ਕਿਸ ਤਰ੍ਹਾਂ ਦਾ ਹੈ, ਕਹਿੰਦੇ, ਮੈਂ ਨਹੀਂ ਦੱਸ ਸਕਦਾ। ਮੈਨੂੰ ਐਨਾ ਪਤਾ ਹੈ ਕਿ ਮੇਰਾ ਤਨ ਮਨ ਠੰਢਾ ਹੋ ਗਿਆ। ਜਦੋਂ ਚਲਿਆ ਸੀ, ਭਰਮ ਭੁਲੇਖਿਆਂ ਵਿਚ ਸੀ, ਹੁਣ ਤੱਕ ਮੈਨੂੰ ਐਸੇ ਸੁਆਦ ਦੇ ਭਰੇ ਹੋਏ ਸਾਹ ਆ ਰਹੇ ਨੇ ਕਿ ਮੈਂ ਕਿਸੇ ਨੂੰ ਦੱਸ ਨਹੀਂ ਸਕਦਾ। ਇਹ ਗੱਲ ਮੈਂ ਅੱਜ ਤੱਕ ਦੇਖੀ ਨਹੀਂ ਸੀ। ਕਹਿੰਦਾ, ਬਚਨ ਇਕੋ ਹੀ ਕਰਦੇ ਹਨ ਪ੍ਰੇਮੀਆਂ ਕਿ ਜਿਸ ਨੇ ਸੰਸਾਰ ਨੂੰ ਸਾਜਿਆ ਹੈ ***'ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥' (ਪੰਨਾ 2)*** ਨਾ ਵਿਸਾਰੋ ਉਸ ਨੂੰ, ਯਾਦ ਰੱਖੋ, ਭੁੱਲੋ ਨਾ। ਉਸ ਦੇ ਵਿਚ ਸੁਰਤਿ ਰੱਖੋ, ਉਸਦੀ ਯਾਦ ਹਿਰਦੇ ਵਿਚ ਵਸਾਓ, ਉਸ ਦੀ ਹਜ਼ੂਰੀ ਮਹਿਸੂਸ ਕਰੋ। ਇਕੱਲਾ 'ਰਾਮ ਰਾਮ, ਵਾਹਿਗੁਰੂ ਵਾਹਿਗੁਰੂ' ਨ ਕਰੋ।

***ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ।।***
***ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ॥***
***ਪੰਨਾ - 491***

ਕਹਿੰਦੇ, ਰਾਮ ਕਹਿਣ ਵਿਚ ਇਕ ਭੇਦ ਹੈ ਅਤੇ ਇਕ ਵਿਚਾਰ ਹੈ -

***ਕਬੀਰ ਰਾਮ ਕਹਨ ਮਹਿ ਭੇਦੁ ਹੈ ਤਾ ਮਹਿ ਏਕੁ ਬਿਚਾਰੁ॥***
***ਸੋਈ ਰਾਮੁ ਸਭੈ ਕਹਹਿ ਸੋਈ ਕਉਤਕਹਾਰ॥***
***ਪੰਨਾ - 1374***

ਉਹ ਹੀ ਕੌਤਕਹਾਰ ਹੋ ਜਾਂਦਾ ਹੈ ਤੇ ਓਹੀ ਪਾਰ ਕਰ ਦਿੰਦਾ ਹੈ। ਕਹਿੰਦੇ ਉਥੇ ਜਾ ਕੇ ਮੈਨੂੰ ਕੁਝ ਸੋਝੀ ਪਈ ਹੈ ਕਿ ਹਜ਼ੂਰੀ ਵਿਚ ਨਾਮ ਜਪੀਦਾ ਹੈ, ਅਸੀਂ ਤਾਂ ਸੁੰਨੇ ਮਨ ਨਾਲ ਹੀ ਜਪਦੇ ਸੀ, ਮਨ ਕਿਤੇ, ਸਰੀਰ ਕਿਤੇ, ਜ਼ੁਬਾਨ ਚਲਦੀ ਹੈ। ਉਸਨੇ ਮਹਿਸੂਸ ਕਰਾ ਦਿਤਾ ਕਿ ਤੇਰੇ ਆਲੇ-ਦੁਆਲੇ ਚਾਰੇ ਪਾਸੇ ਅੰਦਰ ਬਾਹਰ ਇਕੋ ਹੀ ਜੋਤਿ ਹੈ, ਉਸ ਦੇ ਵਿਚ ਵਸ, ਉਸ ਦੇ ਵਿਚ ਡੁੱਬ ਕੇ ਕਹਿ, 'ਵਾਹਿਗੁਰੂ' ਸੁੱਕਾ ਨ ਕਹਿ ਤੇ ਹਾਜ਼ਰੀ ਮਹਿਸੂਸ ਕਰ, ਜਨਮ ਮਰਨ ਕੱਟ ਹੋ ਜਾਵੇਗਾ। ਵਾਹਿਗੁਰੂ ਨਾਲ ਪਿਆਰ ਕਰ, ਪ੍ਰੇਮੀਆਂ! ਉਹ ਪਿਆਰ ਨਾਲ ਵਸ ਆਉਂਦਾ ਹੈ। ਕਹਿੰਦਾ, ਫੇਰ ਮੈਂ ਦੇਖਿਆ ਕਿ ਉਹ ਤਿੰਨ-ਚਾਰ ਦਿਨ ਦੇ ਨਿਰਾਹਾਰ ਨੇ। ਕੋਈ ਸਰੀਰ ਦੇ ਉੱਤੇ ਅਸਰ ਨਹੀਂ, ਕੋਈ ਕਾਹਲੀ ਨਹੀਂ ਹੈ। ਬਹੁਤ ਮਿੱਠਾ ਬੋਲਦੇ ਹਨ, ਕਾਲਜਾ ਕੱਢ ਕੇ ਲੈ ਜਾਂਦੇ ਹਨ। ਨਾਲ ਹੀ ਸਹਿਜੂ ਨਾਉ ਦਾ ਮਸਖਰਾ, ਜੋ ਰਾਜਿਆਂ ਨੇ ਰੱਖਿਆ ਹੁੰਦਾ ਹੈ, ਕਹਿਣ ਲੱਗਿਆ, ਮਹਾਰਾਜ! ਮੈਨੂੰ ਕੀ ਪੁੱਛਦੇ ਹੋ। ਮੈਂ ਬੋਧੀ ਹਾਂ, ਮੈਂ ਸੁਣਦਾ ਸੀ, ਸਮਾਧੀ-ਸਮਾਧੀ-ਸਮਾਧੀ, ਲੇਕਿਨ ਕਦੇ ਅਨੁਭਵ ਨਹੀਂ ਸੀ ਕੀਤੀ। ਮੈਂ ਕੀ ਕਹਾਂ, ਮੇਰਾ ਜੀਅ ਕਰੇ ਕਿ ਮਹਾਤਮਾ ਬੁੱਧ ਨੇ ਜਿਹੜਾ ਕੁਝ ਨਹੀਂ ਸੀ ਦੱਸਿਆ, ਉਸ ਤੋਂ ਚਾਰ ਕਦਮ ਅੱਗੇ ਹੋ ਕੇ ਇਹ ਦੱਸ ਰਹੇ ਨੇ। ਇਹ ਬੋਧ ਅਵਤਾਰ ਆ ਗਿਆ, ਉਹ ਆ ਗਏ ਜਿਹੜੇ ਕਹਿੰਦੇ ਸੀ ਅਸੀਂ ਆਵਾਂਗੇ ਕਲਿਜੁਗ ਨੂੰ ਤਾਰਨ ਵਾਸਤੇ, ਤੇ ਮੈਂ ਤਾਂ ਤਨੋ-ਮਨੋ ਉਸ ਦਾ ਹੋ ਗਿਆ, ਮੇਰੀ ਸਮਾਧੀ ਲੱਗ ਗਈ। ਹੋਰ ਤਾਂ ਹੋਰ, ਇਹ ਜਿਹੜੀਆਂ ਚੰਚਲ ਨਾਰੀਆਂ ਅਸੀਂ ਲੈ ਕੇ ਗਏ ਸੀ ਨਾ, ਓਥੇ ਜਾਂਦੀ ਸਾਰ ਇਨ੍ਹਾਂ ਸਾਰੀਆਂ ਦੀ ਸਮਾਧੀ ਲੱਗ ਗਈ। ਇਨ੍ਹਾਂ ਨੂੰ ਹਾਵ-ਭਾਵ ਭੁੱਲ ਗਏ। ਦੇਖੋ, ਅੱਖਾਂ ਵਿੱਚ ਕਿੰਨਾ ਰਸ ਹੈ; ਜਿਹੜੀਆਂ ਭੇਜੀਆਂ ਸੀ ਤੁਸੀਂ, ਉਹੀ ਨੇ ਕਿ ਹੋਰ ਨੇ -

ਸੋ ਉਸ ਵੇਲੇ ਰਾਜੇ ਨੇ ਕਿਹਾ, ਇਹ ਤਾਂ ਠੀਕ ਹੈ ਪਰ ਮਹਾਂਪੁਰਸ਼ਾਂ ਦੀਆਂ ਕੁਝ ਨਿਸ਼ਾਨੀਆਂ ਹੋਇਆ ਕਰਦੀਆਂ ਹਨ। ਜਿਸ ਨੂੰ ਨਾ ਦੇਖਿਆ ਹੋਵੇ, ਉਨ੍ਹਾਂ ਨਿਸ਼ਾਨੀਆਂ ਤੋਂ ਪਛਾਣਿਆ ਜਾਂਦਾ ਹੈ।

ਇਕ ਵਾਰੀ ਇਕ ਰਾਜਾ ਸੀ, ਉਸ ਦੇ ਔਲਾਦ ਨਹੀਂ ਸੀ। ਔਲਾਦ ਨਾ ਹੋਣ ਦੇ ਕਾਰਨ ਉਸ ਨੇ ਜੋਤਸ਼ੀਆਂ ਨੂੰ ਪੁਛਿਆ ਕਿ ਮੇਰੇ ਔਲਾਦ ਹੋਏਗੀ?

ਕਹਿੰਦੇ, ਨਾ, ਤੇਰੇ ਔਲਾਦ ਨਹੀਂ ਹੋਣੀ। ਸੰਸਾਰ ਦੇ ਅੰਦਰ ਚਾਰ ਚੀਜ਼ਾਂ ਹੁੰਦੀਆਂ ਨੇ - ਧਰਮ ਹੁੰਦਾ ਹੈ, ਅਰਥ ਹੁੰਦਾ ਹੈ, ਕਾਮਨਾ ਹੁੰਦੀ ਹੈ, ਮੋਖਸ਼ ਪਦਵੀ ਹੁੰਦੀ ਹੈ। ਹਾਥੀ ਦੀ ਪੈੜ ਵਿਚ ਸਾਰੀਆਂ ਹੀ ਆ ਜਾਂਦੀਆਂ ਨੇ ਕਿ ਜੇ ਇਹ ਚੀਜ਼ਾਂ ਲੈਣ ਦੀ ਇੱਛਾ ਹੈ ਤਾਂ ਇਹ ਸਾਧਨ ਕਰਨਾ ਪੈਂਦਾ ਹੈ -

***ਧਾਰਨਾ - ਜੇ ਤੈਂ ਚਾਰ ਪਦਾਰਥ ਲੈਣੇ,***
***ਸੇਵਾ ਕਰ ਲੈ ਸਾਧੂਆਂ ਦੀ - 2***
***ਮੇਰੇ ਪਿਆਰੇ, ਸੇਵਾ ਕਰ ਲੈ ਸਾਧੂਆਂ ਦੀ - 2, 2.***
***ਜੇ ਤੈਂ ਚਾਰ ਪਦਾਰਥ ਲੈਣੇ,..........।***

***ਚਾਰਿ ਪਦਾਰਥ ਜੇ ਕੋ ਮਾਗੈ॥***
***ਸਾਧ ਜਨਾ ਕੀ ਸੇਵਾ ਲਾਗੈ॥***
***ਜੇ ਕੋ ਆਪੁਨਾ ਦੂਖੁ ਮਿਟਾਵੈ॥***
***ਹਰਿ ਹਰਿ ਨਾਮੁ ਰਿਦੈ ਸਦ ਗਾਵੈ॥ ਪੰਨਾ - 266***

ਕਹਿਣ ਲੱਗੇ, ਰਾਜਨ! ਇਕੋ ਤਰੀਕਾ ਹੈ; ਜੋ ਕਿਸਮਤ ਵਿਚ, ਲੇਖਾਂ ਵਿਚ ਨਹੀਂ ਹੁੰਦਾ, ਉਹ ਸਾਧੂਆਂ ਮਹਾਤਮਾ ਤੋਂ ਸਾਨੂੰ ਪ੍ਰਾਪਤ ਹੋ ਜਾਇਆ ਕਰਦਾ ਹੈ ਕਿਉਂਕਿ ਜੋ ਵੇਦਾਂ ਦੇ ਅੰਦਰ ਲਿਖਿਆ ਗਿਆ ਹੈ, ਜੋਤਸ਼ ਸ਼ਾਸਤਰ ਦੇ ਅੰਦਰ ਲਿਖਿਆ ਗਿਆ ਹੈ ਉਸ ਨੂੰ ਜੇ ਕੋਈ ਮੇਟਣ ਨੂੰ ਸਮਰੱਥ ਹੈ ਤਾਂ ਉਹ ਸਾਧੂ ਹੋਇਆ ਕਰਦੇ ਹਨ ਤੇ ਉਨ੍ਹਾਂ ਦੀ ਮਹਿਮਾਂ ਨੂੰ ਵੇਦ ਵੀ ਨਹੀਂ ਜਾਣਦੇ। ਤੂੰ ਸਾਧੂਆਂ ਦੀ ਸੇਵਾ ਕਰਿਆ ਕਰ। ਕੋਈ ਮਹਾਂਪੁਰਸ਼ ਆ ਜਾਏਗਾ। ਪਰਮੇਸ਼ਰ ਨੇ ਦਿਤਾ ਤਾਂ ਸਭ ਨੂੰ ਹੀ ਹੁੰਦਾ ਹੈ, ਜਿਹੋ ਜਿਹੀ ਕਿਸੇ ਦੀ ਡਿਊਟੀ ਲੱਗੀ ਹੁੰਦੀ ਹੈ, ਉਹੋ ਜਿਹਾ ਕਾਰਜ ਉਸ ਤੋਂ ਹੁੰਦਾ ਹੈ। ਜਿਵੇਂ ਕੋਈ

ਡਾਕਟਰ ਹੈ, ਕੋਈ ਇੰਜੀਨੀਅਰ ਹੈ, ਕੋਈ ਕੁਝ ਹੈ, ਕੋਈ ਕੁਝ ਹੈ, ਸਭ ਨੂੰ ਡਿਊਟੀ ਮਿਲੀ ਹੋਈ ਹੈ। ਇਵੇਂ ਹੀ ਕਿਸੇ ਨੂੰ ਕੀਰਤਨ ਦਾ ਰਸ ਦਿਤਾ ਹੈ, ਕਿਸੇ ਨੂੰ ਬਿਮਾਰੀਆਂ ਠੀਕ ਕਰਨ ਦਾ ਬਲ ਦਿਤਾ ਹੈ, ਕਿਸੇ ਨੂੰ ਬਚਨ ਦਾ ਬਲ ਦਿਤਾ ਹੈ, ਕਿਸੇ ਨੂੰ ਦੁਨੀਆਂ ਦੇ ਦੁੱਖ ਦਲਿੱਦਰ ਦੂਰ ਕਰਨ ਦਾ ਬਲ, ਕਿਸੇ ਨੂੰ ਆਪਣੇ ਸਰੀਰ ਪਾਵਨ ਕਰਨ ਦਾ ਬਲ ਦਿਤਾ ਹੈ। ਕੋਈ ਨ ਕੋਈ ਸਾਧੂ ਆ ਜਾਏਗਾ ਜਿਸ ਦਾ ਕਿਹਾ ਹੋਇਆ ਪਰਮੇਸ਼ਰ ਮੰਨੇਗਾ। ਸੋ ਤੂੰ ਸਾਧੂਆਂ ਦੀ ਸੇਵਾ ਕਰ, ਸਤਿਸੰਗ ਕਰ, ਸਮਾਗਮ ਕਰ; ਆਪੇ ਹੀ ਆ ਜਾਣਗੇ। ਸੋ ਉਸ ਰਾਜੇ ਨੇ ਸਤਿਸੰਗ ਕਰਨ ਅਤੇ ਸੰਤਾਂ ਦੇ ਰਹਿਣ ਵਾਸਤੇ ਬਹੁਤ ਚੰਗੀ ਥਾਂ ਬਣਾ ਲਈ। ਆਏ ਗਏ ਸਾਧੂ ਦੀ ਸੇਵਾ ਕਰਦਾ ਹੈ, ਵਸਤਰ ਦਿੰਦਾ ਹੈ, ਅਨੇਕ ਤਰ੍ਹਾਂ ਦੇ ਨਾਲ ਉਨ੍ਹਾਂ ਨੂੰ ਪ੍ਰਸੰਨ ਕਰਦਾ ਹੈ ਤੇ ਜਦੋਂ ਜਾਂਦੇ ਹਨ, ਉਨ੍ਹਾਂ ਨੂੰ ਇਹ ਬਚਨ ਕਰਦਾ ਹੈ ਕਿ ਮਹਾਰਾਜ, ਮੇਰੇ ਘਰ ਔਲਾਦ ਨਹੀਂ ਹੈ, ਕ੍ਰਿਪਾ ਕਰੋ, ਮੈਨੂੰ ਔਲਾਦ ਬਖਸ਼ੋ। ਸੰਤ ਕਹਿੰਦੇ ਨੇ ਕਿ ਪਰਮੇਸ਼ਰ ਦੀ ਲਿਖੀ ਹੋਈ ਨੂੰ ਉਹੀ ਜਾਣਦਾ ਹੈ, ਜੰਮਣਾ-ਮਰਨਾ ਉਸ ਦੇ ਹੱਥ ਵਿਚ ਹੈ। ਠੀਕ ਹੈ, ਤੂੰ ਸੇਵਾ ਕਰੀ ਜਾਹ, ਕੋਈ ਆ ਜਾਏਗਾ ਬਖਸ਼ਿਆ ਹੋਇਆ।

ਇਕ ਦਿਨ ਪੂਰੇ ਬੀਤਰਾਗ ਅਵਸਥਾ ਦੇ ਇਕ ਮਹਾਤਮਾ ਆ ਗਏ, ਉਨ੍ਹਾਂ ਕੋਲ ਬੇਨਤੀ ਕੀਤੀ। ਬੜੀ ਸੇਵਾ ਕਰੀ, ਕਿੰਨੇ ਹੀ ਦਿਨ ਸੇਵਾ ਕਰਦਿਆਂ ਲੰਘ ਗਏ। ਬਰਤਨ ਆਪ ਮਾਂਜਿਆ ਕਰੇ, ਆਪ ਪੱਖਾ ਝੱਲਿਆ ਕਰੇ, ਆਪ ਚਰਨ ਧੋਇਆ ਕਰੇ। ਇਕ ਦਿਨ ਮਹਾਂਪੁਰਸ਼ਾਂ ਦੇ ਮਨ ਵਿਚ ਆ ਗਿਆ ਕਿਉਂਕਿ ਜੋ ਅਸਲੀ ਸਾਧੂ ਹੁੰਦੇ ਨੇ ਉਨ੍ਹਾਂ ਨੂੰ ਕਿਸੇ ਚੀਜ਼ ਦੀ ਲੋੜ ਨਹੀਂ ਹੋਇਆ ਕਰਦੀ, ਦੁਨੀਆਂ ਦਾ ਕਿੱਡਾ ਹੀ ਬੰਦਾ ਕਿਉਂ ਨ ਹੋਵੇ। ਗਰੀਬ ਦੇ ਤਾਂ ਉਹ ਦਾਸ ਬਣ ਜਾਂਦੇ ਹਨ, ਉਸ ਨੂੰ ਬਹੁਤ ਉੱਚਾ ਸਮਝਦੇ ਹਨ। ਗਰੀਬ ਨੂੰ, ਮਾੜੇ ਨੂੰ ਮਾੜਾ ਨਹੀਂ ਸਮਝਦੇ, ਆਪਣੇ ਨਾਲੋਂ ਚੰਗਾ ਸਮਝਦੇ ਹਨ। ਜੇ ਕੋਈ ਹੈਂਕੜ ਦਿਖਾਵੇ ਕਿ ਮੇਰੇ ਕੋਲ ਧਨ ਬਹੁਤ ਹੈ, ਮੇਰਾ ਵੱਡਾ ਵਪਾਰ ਹੈ, ਮੇਰੇ ਕੋਲ ਬੜੇ ਅਹੁਦੇ ਹਨ, ਫੇਰ ਉਹ ਮਸਤ ਰਹਿੰਦੇ ਹਨ, ਕਹਿੰਦੇ ਨੇ ਅਸੀਂ ਕੀ ਲੈਣਾ ਹੈ -

***ਜੋ ਜਨੁ ਨਿਰਦਾਵੈ ਰਹੈ ਸੋ ਗਨੈ ਇੰਦ੍ਰ ਸੋ ਰੰਕ॥***
***ਪੰਨਾ - 1373***

ਕਿਸੇ ਦੀ ਖੁਸ਼ਾਮਦ ਨਹੀਂ ਕਰਿਆ ਕਰਦੇ ਸਾਧੂ, ਕਿਸੇ ਦੇ ਅੱਗੇ ਹੱਥ ਨਹੀਂ ਫੈਲਾਉਂਦੇ। ਜਿਹੜਾ ਸਾਧੂ ਬਣ ਕੇ ਕਿਸੇ ਨੂੰ ਕਹੇ ਕਿ ਮੈਨੂੰ ਚੰਗਾ ਕਹੋ, ਮੈਨੂੰ ਪੈਸੇ ਦਿਓ, ਮੈਂ ਇਹ ਚੀਜ਼ ਲੈਣੀ ਹੈ, ਮੈਂ ਉਹ ਚੀਜ਼ ਲੈਣੀ ਹੈ, ਮੈਂ ਗੁਰਦੁਵਾਰਾ ਬਣਾਉਣਾ ਹੈ, ਮੈਂ ਕੱਪੜੇ ਬਨਾਉਣੇ ਹਨ, ਮਹਾਰਾਜ ਕਹਿੰਦੇ ਮੂਰਖ ਹੈ ਉਹ ਬੰਦਾ, ਸਾਧੂ ਨਾ ਉਸ ਨੂੰ ਕਹੋ। ਗੁਰੂ ਨਾਨਕ ਦੀ ਤੂੰ ਸੇਵਾ ਕਰਦਾ ਹੈਂ, ਦੁਨੀਆਂ ਦੇ ਲੋਕਾਂ ਤੋਂ ਮੰਗਦਾ ਹੈਂ; ਸੰਗ ਨਹੀਂ ਲਗਦੀ ਤੈਨੂੰ? ਤੂੰ ਆਪਣੇ ਗੁਰੂ ਨੂੰ ਕਹਿ -

***ਤੀਰਥ ਕੀਏ ਏਕ ਫਲ ਸੰਤ ਮਿਲੇ ਫਲ ਚਾਰ॥***
***ਗੁਰੂ ਮਿਲੇ ਫਲ ਅਨੇਕ ਹੈਂ ਕਹਤ ਕਬੀਰ ਬਿਚਾਰਿ॥***

ਗੁਰੂ ਨਾਨਕ ਨੂੰ ਕਹਿ ਕੇ ਦੇਖ ਲਓ ਸੱਚੇ ਦਿਲ ਨਾਲ ਕਿ ਮਹਾਰਾਜ, ਅਸੀਂ ਤਾਂ ਤੇਰੇ ਸੇਵਕ ਹਾਂ, ਜਿਹੜਾ ਭੇਜੀ ਜਾਵੇਂਗਾ ਉਵੇਂ ਜਿਵੇਂ ਵਰਤੀ ਜਾਵਾਂਗੇ; ਅਸੀਂ ਨਹੀਂ ਮੰਗਣਾ, ਕਿਸੇ ਮੂਹਰੇ ਹੱਥ ਨਹੀਂ ਅੱਡਣੇ, ਬਿਲਕੁਲ ਕੋਈ ਅਪੀਲ ਨਹੀਂ ਕਰਨੀ। ਮੰਗਣ ਵਾਲਾ ਜਿਹੜਾ ਹੈ, ਮਹਾਰਾਜ ਕਹਿੰਦੇ ***'ਕਹੇ ਨਾਨਕ ਸੁਣ ਬਾਬਰ ਮੀਰ, ਤੁਝ ਸੇ ਮਾਂਗੇ ਸੋ ਅਹਿਮਕ ਫਕੀਰ'*** ਬਾਬਰ ਨੂੰ ਕਹਿੰਦੇ ਹਨ ਕਿ ਉਹ ਅਹਿਮਕ ਹੈ ਜਿਹੜਾ ਤੈਨੂੰ ਕਹੇ ਕਿ ਮੈਨੂੰ ਦੇਹ।

***ਨਵਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ***
***ਜੋ ਹਰਿ ਹਿਰਦੈ ਸਦਾ ਵਸਾਇ॥ ਪੰਨਾ - 649***

ਜਿਸਦੇ ਹਿਰਦੇ ਵਿਚ ਵਾਹਿਗੁਰੂ ਬੈਠ ਗਿਆ, ਉਸ ਦੇ ਤਾਂ ਨਉ ਨਿਧੀਆਂ, 18 ਸਿਧੀਆਂ ਪਿਛੇ-ਪਿਛੇ ਫਿਰਦੀਆਂ ਹਨ। ਬਾਦਸ਼ਾਹ ਦਰ ਦੇ ਉੱਤੇ ਖੜ੍ਹ ਕੇ ਮੰਗਦੇ ਨੇ ਕਿ ਮੈਨੂੰ ਸਮਾਂ ਦਿਵਾ ਦਿਓ।

ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ) ਇਕ ਵਾਰ ਏਥੇ ਹੀ ਚੰਡੀਗੜ੍ਹ ਆਏ ਹੋਏ ਸੀ। ਏਥੇ ਉਦੋਂ ਚੀਫ ਮਨਿਸਟਰ ਸਰਦਾਰ ਪ੍ਰਤਾਪ ਸਿੰਘ ਕੈਰੋਂ ਸੀ। ਮੇਰੇ ਕੋਲ ਆਇਆ, ਕਹਿੰਦਾ, ਮੈਂ ਅਸੈਂਬਲੀ ਵਿਚੋਂ ਉੱਠ ਕੇ ਆਇਆ ਹਾਂ, ਮੈਨੂੰ ਦਰਸ਼ਨ ਕਰਾ ਦਿਓ। ਮੈਂ ਕਿਹਾ ਇਵੇਂ ਤਾਂ ਨਹੀਂ ਮਿਲਦੇ ਮਹਾਰਾਜ। ਬੇਨਤੀ ਕਰ ਲੈਂਦੇ ਹਾਂ, ਅੱਗੇ ਮੌਜ ਹੈ ਉਨ੍ਹਾਂ ਦੀ। ਮੈਂ ਅੰਦਰ ਚਲਿਆ ਗਿਆ, ਥੋੜ੍ਹਾ ਜਿਹਾ ਟਾਈਮ ਤੋਂ ਪਹਿਲਾਂ ਸੀ - ਅੱਧਾ ਕੁ ਘੰਟਾ। ਮਾੜਾ ਜਿਹਾ ਖੜਕਾ ਕਰਿਆ, ਮਹਾਰਾਜ ਜੀ ਜਦ ਸਮਾਧੀ ਵਿਚ ਬੈਠੇ ਸਨ। ਮੈਂ ਚੁੱਪ ਕਰਕੇ ਖੜ੍ਹ ਗਿਆ ਤੇ ਜਦੋਂ ਖੜਕਾ ਹੋਇਆ ਦਰਵਾਜ਼ੇ ਦਾ, ਮਹਾਰਾਜ ਨੇ ਨੇਤਰ ਖੋਲ੍ਹੇ ਤੇ ਕਹਿਣ ਲੱਗੇ, ਕੀ ਗੱਲ? ਮੈਂ ਕਿਹਾ, ਸ. ਪ੍ਰਤਾਪ ਸਿੰਘ ਕੈਰੋਂ ਆਏ ਹਨ। ਚੁੱਪ ਕਰਕੇ ਨੇਤਰ ਬੰਦ ਕਰ ਲਏ। ਮੈਂ ਬਾਹਰ ਆ ਗਿਆ; ਹੁਣ ਕੀ ਕਹਿਣਾ ਸੀ। ਪੰਜ ਮਿੰਟ ਤੋਂ ਬਾਅਦ ਮੈਂ ਫੇਰ ਗਿਆ। ਮਹਾਰਾਜ ਕਹਿੰਦੇ, ਕੀ ਕਲਪਣਾ ਹੋ ਗਈ ਤੈਨੂੰ? ਮੈਂ ਕਿਹਾ, ਮਹਾਰਾਜ ਪ੍ਰਤਾਪ ਸਿੰਘ ਕੈਰੋਂ ਆਏ ਨੇ। ਫੇਰ ਚੁੱਪ ਕਰ ਗਏ। ਅੱਠ-ਦਸ ਮਿੰਟ ਠਹਿਰ ਕੇ ਫੇਰ ਗਿਆ। ਓਧਰ ਉਹ ਖੜ੍ਹੇ ਹਨ, ਓਧਰ ਮਹਾਂਪੁਰਸ਼ ਪ੍ਰਵਾਹ ਨਾ ਕਰਨ, ਵਿਚਾਲੇ-ਵਿਚਾਲੇ ਮੈਂ ਅੜਿਕੇ ਆ ਗਿਆ। ਮੈਂ ਫੇਰ ਗਿਆ। ਮਹਾਰਾਜ ਕਹਿੰਦੇ, ਕੀ ਗੱਲ? ਮੈਂ ਕਿਹਾ ਪ੍ਰਤਾਪ ਸਿੰਘ ਕੈਰੋਂ ਆਏ ਨੇ। ਤਿੰਨ ਵਾਰੀ ਉਨ੍ਹਾਂ ਨੂੰ ਪੁੱਛਿਆ ਤੇ ਆਪ ਨੇ ਕਿਹਾ, ਕਿਸ ਨੇ ਬੁਲਾਇਆ ਹੈ? ਤੈਂ ਕਿਹਾ ਹੋਣਾ ਹੈ। ਮੈਂ ਕਿਹਾ, ਨਾ ਮਹਾਰਾਜ, ਮੈਂ ਬਿਲਕੁਲ ਨਹੀਂ ਕਿਹਾ, ਮੈਨੂੰ ਤਾਂ ਲੋੜ ਹੀ ਨਹੀਂ ਹੈ ਕਿਸੇ ਨੂੰ ਕਹਿਣ ਦੀ; ਕੋਈ ਆਵੇ ਕੋਈ ਨਾ ਆਵੇ। ਜਿਸ ਦੇ ਕਰਮ ਹੋਣਗੇ ਉਹ ਆ ਜਾਏਗਾ, ਜਿਸਦੇ ਨਹੀਂ ਬਣੇ, ਉਹ ਨਹੀਂ ਆਏਗਾ। ਮਹਾਰਾਜ ਜੀ ਮੈਂ ਨਹੀਂ ਕਹਿੰਦਾ ਕਿਸੇ ਨੂੰ। ਹਾਂ, ਜਗਿਆਸੂ ਨੂੰ ਜ਼ਰੂਰ ਕਹਿੰਦਾ ਹਾਂ ਕਿ ਇਕ ਵਾਰੀ ਸਤਿਸੰਗ ਵਿਚ ਆ, ਬਚਨ ਸੁਣ। ਇਹ ਗੁਰੂ ਦਾ ਹੁਕਮ ਹੈ-

***............ਆਪਿ ਜਪੈ ਅਵਰਹ ਨਾਮੁ ਜਪਾਵੈ॥***
***ਪੰਨਾ - 306***

ਆਪ ਵੀ ਜਪੇ ਤੇ ਦੂਸਰਿਆਂ ਨੂੰ ਵੀ ਪ੍ਰੇਰਨਾ ਕਰਕੇ

ਲਿਆਵੇ, ਉਸ ਦੇ ਵਿਚ ਭਲਾ ਹੁੰਦਾ ਹੈ।

ਕਹਿੰਦੇ, "ਕਿੰਨੇ ਕੁ ਬੰਦੇ ਨੇ?"

"ਮਹਾਰਾਜ! 14 ਨੇ। ਤੇਰ੍ਹਾਂ ਪਹਿਲਾਂ ਨੇ ਤੇ ਚੌਧਵੇਂ ਇਹ ਹਨ।

"ਫੇਰ ਜਿਹੜਾ ਨੰਬਰ ਪਹਿਲੇ ਤੇ ਹੈ, ਉਸ ਨੂੰ ਪਹਿਲਾਂ ਭੇਜ। ਪਹਿਲਾਂ ਵਾਲਾ ਪਹਿਲਾਂ, ਪਿਛੇ ਵਾਲਾ ਬਾਅਦ ਵਿਚ।"

ਮੈਂ ਸ੍ਰ. ਪ੍ਰਤਾਪ ਸਿੰਘ ਕੈਰੋਂ ਨੂੰ ਕਿਹਾ ਕਿ ਹੁਕਮ ਇਸ ਤਰ੍ਹਾਂ ਹੈ। ਹੁਣ ਤੁਸੀਂ ਸਲਾਹ ਕਰ ਲਓ।

ਕਹਿੰਦੇ, "ਨਹੀਂ, ਨਹੀਂ, ਹੁਕਮ ਮੁਤਾਬਿਕ ਵਰਤਣਾ ਹੈ। ਕਿੰਨਵਾਂ ਨੰਬਰ ਹੈ ਮੇਰਾ?"

ਇਕ, ਦੋ, ਤਿੰਨ.....ਗਿਣੇ। ਮੈਂ ਕਿਹਾ ਕਿ ਤੇਰ੍ਹਵਾਂ ਨੰਬਰ ਹੈ ਤੁਹਾਡਾ। ਲਾਇਨ ਵਿਚ ਖੜ੍ਹ ਗਏ। ਹੁਣ ਜੇ ਤਿੰਨ ਤਿੰਨ ਮਿੰਟ ਵੀ ਲੱਗਣ ਇਕ ਨੂੰ, ਤਾਂ 42 ਮਿੰਟ ਲੱਗ ਗਏ। ਉਹ ਬੰਦਾ ਜਿਸ ਨੂੰ ਇਕ ਸਕਿੰਟ ਵੀ ਵਿਹਲ ਨਹੀਂ ਹੈ ਤੇ ਅਖੀਰ ਆਪਣੀ ਵਾਰੀ ਤੇ ਅੰਦਰ ਗਿਆ।

ਸੋ ਸੰਤਾਂ ਨੂੰ ਪ੍ਰਵਾਹ ਨਹੀਂ ਹੋਇਆ ਕਰਦੀ ਕਿਸੇ ਦੀ। ਵੱਡਾ ਆ ਜਾਏ, ਛੋਟਾ ਆ ਜਾਏ, ਇਕੋ ਨਜ਼ਰ ਵਿਚ ਹੋਇਆ ਕਰਦੇ ਹਨ ਕਿਉਂਕਿ ਉਨ੍ਹਾਂ ਦੇ ਹੱਥ ਵਿਚ ਹੁੰਦਾ ਹੈ ਸਭ ਕੁਝ-

***ਜਾ ਕਾ ਕਹਿਆ ਦਰਗਹ ਚਲੈ॥***
***ਸੋ ਕਿਸ ਕਉ ਨਦਰਿ ਲੈ ਆਵੈ ਤਲੈ॥ ਪੰਨਾ - 186***

ਸੋ ਇਹ ਰਾਜਾ ਬਰਤਨ ਮਾਂਜਿਆ ਕਰੇ, ਸੇਵਾ ਕਰਿਆ ਕਰੇ, ਪੱਖਾ ਝੱਲਿਆ ਕਰੇ, ਬਸਤਰ ਧੋਇਆ ਕਰੇ। ਇਕ ਦਿਨ ਮਹਾਂਪੁਰਸ਼ ਕਹਿਣ ਲੱਗੇ, ਰਾਜਨ! ਤੇਰੀ ਸੇਵਾ ਤੋਂ ਅਸੀਂ ਪ੍ਰਸੰਨ ਹਾਂ, ਤੇਰੇ ਚਿੱਤ ਵਿੱਚ ਕੋਈ ਭਾਵਨਾ ਹੈ?

"ਹਾਂ ਜੀ।"

"ਦੱਸ।"

"ਮਹਾਰਾਜ! ਮੇਰੇ ਔਲਾਦ ਨਹੀਂ, ਇਕ ਪੁੱਤਰ ਦੀ ਦਾਤ ਦਿਓ।"

"ਇੱਕ ਨਹੀਂ, ਦੋ ਹੋਣਗੇ, ਦੋ ਦਿੰਦੇ ਹਾਂ ਤੈਨੂੰ। ਇਕ ਨੂੰ ਰਾਜ ਭਾਗ ਵਿਚ ਲਾਈਂ, ਉਹ ਤਾਂ ਤੇਰੀ ਏਥੇ ਨਿਸ਼ਾਨੀ ਹੋਏਗੀ। ਇਕ ਪੁੱਤਰ ਨੂੰ ਬੰਦਗੀ ਕਰਾਈਂ ਤਾਂ ਜੋ ਤੇਰੀਆਂ ਕੁਲਾਂ ਦਾ ਉਧਾਰ ਹੋ ਜਾਏ, ਨਹੀਂ ਤਾਂ ਗਾਲ੍ਹ ਲਗਦੀ ਹੈ -

***ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ॥***
***ਬਿਧਵਾ ਕਸ ਨ ਭਈ ਮਹਤਾਰੀ॥ ਪੰਨਾ - 328***

ਜਿਹੜੀ ਕੁਲ ਦੇ ਅੰਦਰ ਗਿਆਨ ਦੀ ਵਿਚਾਰ ਵਾਲਾ ਪੁੱਤਰ ਨਹੀਂ ਹੈ, ਉਹ ਮਾਂ ਤਾਂ ਵਿਧਵਾ ਹੋ ਜਾਣੀ ਚਾਹੀਦੀ ਹੈ। ਜਾਹ, ਤੈਨੂੰ ਓਧਰੋਂ ਵੀ ਅਸੀਂ ਛੁਡਾਉਂਦੇ ਹਾਂ ਤੇ ਫੇਰ ਤੂੰ ਬੰਦਗੀ ਕਰੀਂ ਪੁੱਤਰ ਨੂੰ ਰਾਜ ਦੇ ਕੇ।" ਹੁਕਮ ਹੋ ਗਿਆ।

"ਮਹਾਰਾਜ! ਮੈਨੂੰ ਪਰਮ ਪਦ ਦੀ ਸੋਝੀ ਕੌਣ ਕਰਾਊਗਾ।"

"ਇਸ ਪਦ ਦੀ ਸੋਝੀ - ਇਕ ਮਹਾਤਮਾ ਨੇ ਜਿਨ੍ਹਾਂ ਦਾ ਨਾਉਂ ਜੜ੍ਹ ਭਰਤ ਹੈ, ਫਿਰਦੇ ਤੁਰਦੇ ਆ ਜਾਣਗੇ ਜਿਵੇਂ ਗੁਰੂ ਨਾਨਕ ਪਾਤਸ਼ਾਹ ਨੂੰ ਉਹ ਰਾਜਾ ਉਡੀਕਦਾ ਹੈ। ਉਸੇ ਤਰ੍ਹਾਂ ਉਹ ਵੀ ਉਡੀਕਦਾ ਸੀ।"

"ਮਹਾਰਾਜ! ਮੈਂ ਉਸ ਨੂੰ ਜਾਣਦਾ ਨਹੀਂ ਹਾਂ।"

ਮਹਾਰਾਜ ਕਹਿੰਦੇ, ਜੀਵਨ ਮੁਕਤ ਅਵਸਥਾ ਹੈ ਉਸ ਦੀ। ਨ ਹਰਖ ਹੈ, ਨ ਸੋਗ ਹੈ, ਨ ਘਾਟੇ ਦਾ ਕੋਈ ਡਰ ਹੈ, ਨ ਵਾਧੇ ਦੀ ਖੁਸ਼ੀ ਹੈ -

***ਤੈਸਾ ਹਰਖੁ ਤੈਸਾ ਉਸੁ ਸੋਗੁ॥***
***ਸਦਾ ਅਨੰਦੁ ਤਹ ਨਹੀ ਬਿਓਗੁ॥***
***ਤੈਸਾ ਸੁਵਰਨੁ ਤੈਸੀ ਉਸੁ ਮਾਟੀ।।***
***ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥***
***ਤੈਸਾ ਮਾਨੁ ਤੈਸਾ ਅਭਿਮਾਨੁ॥***
***ਤੈਸਾ ਰੰਕੁ ਤੈਸਾ ਰਾਜਾਨੁ॥***
***ਜੋ ਵਰਤਾਏ ਸਾਈ ਜੁਗਤਿ।।***
***ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥***
***ਪੰਨਾ - 275***

ਕਹਿੰਦੇ, ਉਹ ਜੀਵਨ ਮੁਕਤ ਅਵਸਥਾ ਦਾ ਪ੍ਰੇਮੀ ਹੈ ਤੇ ਮੋਟੀਆਂ-ਮੋਟੀਆਂ ਗੱਲਾਂ ਮੈਂ ਦੱਸਾਂ ਕਿ ਉਸ ਦੇ ਵਿਚ ਹਠ ਨਹੀਂ ਹੈ, ਉਹ ਸਦਾ ਹੀ ਆਤਮ ਚਿੰਤਨ ਕਰਦੇ ਰਹਿੰਦੇ ਹਨ। ਗਿਆਨ ਦੇ ਪੰਜ ਫਲ ਹੁੰਦੇ ਨੇ, ਉਹ ਪੰਜੇ ਹੀ ਉਨ੍ਹਾਂ ਦੇ ਕੋਲ ਨੇ। ਪਹਿਲਾ ਫਲ ਇਹ ਕਿ ਤਤੂ ਨੂੰ, ਆਤਮ-ਤਤ ਨੂੰ ਨਹੀਂ ਕਦੇ ਭੁੱਲਦਾ ਹੁੰਦਾ ਸਾਧੂ, ਬੇਸ਼ੱਕ ਗੱਲਾਂ ਕਰੀ ਜਾਣ ਕਿ ਮੈਂ ਐਂ ਕਿਹਾ ਸੀ, ਮੈਂ ਐਂ ਕਿਹਾ ਸੀ। 'ਮੈਂ' ਕੇਵਲ ਕਹਿਣ ਵਾਸਤੇ ਹੀ ਹੈ ਲੇਕਿਨ ਉਹ ਆਤਮ-ਤੱਤ ਦੇ ਵਿਚ ਰਹਿੰਦੇ ਹਨ, ਕੰਮ ਚਲਾਉਣ ਨੂੰ ਮੈਂ, ਤੂੰ ਦੀ ਬੋਲੀ ਬੋਲਦੇ ਨੇ - ਮੈਂ, ਤੂੰ ਦੀ। ਦੂਸਰੀ ਇਹ ਗੱਲ ਹੁੰਦੀ ਹੈ ਕਿ ਉਨ੍ਹਾਂ ਨੂੰ ਕੋਈ ਤ੍ਰਿਸ਼ਨਾ, ਵਾਸ਼ਨਾ ਨਹੀਂ ਹੋਇਆ ਕਰਦੀ। ਤੀਸਰਾ ਇਹ ਹੈ ਕਿ ਉਹ ਕੋਈ ਵਾਦ-ਵਿਵਾਦ ਵਿਚ, ਖੰਡਨ ਮੰਡਨ ਦੇ ਝਮੇਲਿਆਂ ਵਿਚ ਨਹੀਂ ਪਿਆ ਕਰਦੇ, ਕਿਸੇ ਨੂੰ ਮਾੜਾ ਨਹੀਂ ਕਹਿੰਦੇ, ਸਭ ਨੂੰ ਪਰਮੇਸ਼ਰ ਰੂਪ ਹੀ ਜਾਣਦੇ ਹਨ। ਪੁੱਛ ਲਵੇ ਸ਼ਰਧਾ ਨਾਲ ਤਾਂ ਬਚਨ ਕਰ ਦਿੰਦੇ ਹਨ, ਐਵੇਂ ਨਹੀਂ ਕਿਸੇ ਨੂੰ ਘਟੀਆ, ਕਿਸੇ ਨੂੰ ਵਧੀਆ ਕਹਿੰਦੇ। ਚੌਥਾ ਕਹਿੰਦੇ ਕਿ ਉਥੇ ਦੁੱਖ ਦਾ ਅਭਾਵ ਹੁੰਦਾ ਹੈ- ਕਿਸੇ ਕਿਸਮ ਦਾ ਵੀ ਦੁੱਖ। ਜਿਹੜੇ ਕਲੇਸ਼ ਨੇ - ਅਵਿਦਿਆ, ਅਸਿਮਿਤਾ, ਅਭਿਨਿਵੇਸ਼, ਰਾਗ, ਦ੍ਵੈਸ਼, ਇਹ ਪੰਜ ਉਥੇ ਨਹੀਂ ਹੋਇਆ ਕਰਦੇ, ਇਸ ਦਾ ਅਭਾਵ ਹੋਇਆ ਕਰਦਾ ਹੈ। ਪੂਰੀ ਤਰ੍ਹਾਂ ਦੇ ਨਾਲ ਸਦਾ ਪ੍ਰਸੰਨ ਚਿਤ ਰਹਿੰਦੇ ਹਨ। ਇਹ ਪੰਜ ਫਲ ਹੁੰਦੇ ਹਨ ਜੀਵਨ ਮੁਕਤ ਪੁਰਸ਼ ਦੇ। ਸੋ, ਜਦੋਂ ਇਸ ਤਰ੍ਹਾਂ ਦੇ ਸੁਭਾਅ ਵਾਲਾ ਕੋਈ ਆ ਗਿਆ ਤਾਂ ਸਮਝ ਲਈਂ ਕਿ ਜੜ੍ਹ ਭਰਤ ਹੈ।

ਸੋ ਰਾਜੇ ਨੇ ਸਾਧੂਆਂ ਦੀ ਸੇਵਾ ਉਸੇ ਤਰ੍ਹਾਂ ਜਾਰੀ ਰੱਖੀ ਤੇ ਉਨ੍ਹਾਂ ਦੇ ਟੈਸਟ ਕਰਨ ਵਾਸਤੇ ਕੁਝ ਵਿਉਂਤ ਬਣਾਈ। ਉਸ ਨੇ ਪਿੰਜਰੇ ਵਿਚ ਇਕ ਤੋਤਾ ਰੱਖ ਲਿਆ, ਬੜਾ ਪੜ੍ਹਾਇਆ ਉਸ ਨੂੰ, ਹਰ ਤਰ੍ਹਾਂ ਦੀ ਪੜ੍ਹਾਈ ਕਰਾਈ ਤੇ ਜਦੋਂ ਕਿਸੇ ਮਹਾਂਪੁਰਸ਼ ਨੇ ਆਉਣਾ, ਤੋਤੇ ਨੇ ਪਹਿਲਾਂ ਉਸਤਤਿ ਕਰਨੀ,

ਉਸ ਤੋਂ ਬਾਅਦ ਉਸ ਨੇ ਕਹਿਣਾ ਨਾਮ ਦੀ ਮਹਿਮਾ ਦੱਸੋ ਕਿ ਮਹਾਰਾਜ! ਪਹਿਲਾਂ ਜਿਹੜੇ ਮਹਾਤਮਾ ਆਏ ਸੀ ਉਨ੍ਹਾਂ ਨੇ ਦੱਸਿਆ ਸੀ ਕਿ ਨਾਮ ਦੀ ਕੀ ਮਹਿਮਾ ਹੁੰਦੀ ਹੈ। ਜਿਹੜਾ ਨਾਮ ਜਪਦਾ ਹੈ ਉਸ ਦਾ ਜੰਮਣ ਮਰਨ ਕੱਟਿਆ ਜਾਂਦਾ ਹੈ। ਜਿਵੇਂ ਸੁਖਮਨੀ ਸਾਹਿਬ ਦੀ ਪਹਿਲੀ ਅਸਟਪਦੀ ਫੇਰ ਦੂਜੀ ਅਤੇ ਤੀਜੀ ਵਿਚ ਨਾਮ ਦੀ ਮਹਿਮਾ ਦੱਸੀ ਹੋਈ ਹੈ -

***ਪ੍ਰਭ ਕੈ ਸਿਮਰਨਿ ਗਰਭਿ ਨ ਬਸੈ॥***
***ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ॥***
***ਪ੍ਰਭ ਕੈ ਸਿਮਰਨਿ ਕਾਲੁ ਪਰਹਰੈ॥***
***ਪ੍ਰਭ ਕੈ ਸਿਮਰਨਿ ਦੁਸਮਨੁ ਟਰੈ।।***
***ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ॥***
***ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ॥ ਪੰਨਾ - 262***

ਸਾਰੇ ਮਹਾਤਮਾਵਾਂ ਨੂੰ ਉਸ ਨੇ ਸੁਨਾਉਣਾ ਤੇ ਕਹਿਣਾ ਕਿ ਮੈਂ ਵੀ ਤਾਂ ਮਹਾਂਪੁਰਸ਼ਾਂ ਦੇ ਦਰਸ਼ਨ ਕਰਦਾ ਹਾਂ। ਸਾਰਾ ਦਿਨ 'ਰਾਮ ਰਾਮ' ਕਰੀ ਜਾਂਦਾ ਹਾਂ ਪਰ ਮੇਰਾ ਨਿਸ਼ਚਾ ਕੁਝ ਬਦਲਿਆ ਹੋਇਆ ਹੈ। ਉਹ ਇਹ ਹੈ ਕਿ ਮੇਰਾ ਤਾਂ ਪਿੰਜਰਾ ਹੀ ਨਹੀਂ ਟੁੱਟਿਆ, ਮੈਂ ਤਾਂ ਇਸ ਦੇ ਵਿਚ ਕੈਦ ਹਾਂ। ਮੇਰਾ ਜਨਮ ਮਰਨ ਤੋਂ ਛੁਟਕਾਰਾ ਕਿਵੇਂ ਹੋਵੇ? ਪੂਰੇ ਮਹਾਤਮਾ ਆ ਗਏ - 'ਜੜ੍ਹ ਭਰਤ'। ਉਨ੍ਹਾਂ ਨੂੰ ਵੀ ਬੇਨਤੀ ਕੀਤੀ। ਉਨ੍ਹਾਂ ਨੇ ਇਸ਼ਾਰੇ ਨਾਲ ਸਮਝਾ ਦਿਤਾ ਕਿ ਤੂੰ ਸਾਹ ਖਿੱਚ ਕੇ ਪੈ ਜਾ। ਤੋਤੇ ਦਾ ਹਿਰਦਾ ਸ਼ੁੱਧ ਹੋਇਆ ਹੋਇਆ ਸੀ, ਉਦੋਂ ਹੀ ਸਮਝ ਗਿਆ। ਦੱਸ ਦਿਤਾ ਕਿ ਤੂੰ ਸਾਹ ਖਿੱਚ ਕੇ ਪੈ ਜਾ, ਬੱਸ, ਅੱਖ ਹੀ ਨਾ ਖੋਲ੍ਹੀਂ। ਇਸ਼ਾਰੇ ਨਾਲ ਦੱਸ ਦਿਤਾ ਅੱਖਾਂ ਤੇ ਹੱਥ ਰੱਖ ਕੇ, ਕਿ ਐਂ ਅੱਖਾਂ ਬੰਦ ਕਰ ਲਈਂ ਤੇ ਸਾਹ ਜ਼ੋਰ ਨਾਲ ਖਿੱਚ ਲਈਂ ਅੰਦਰ। ਨਕਲ ਕਰ ਲਈ ਉਸ ਨੇ, ਤੇ ਰਾਜੇ ਨੇ ਦੇਖਿਆ ਕਿ ਮਹਾਤਮਾ ਆ ਗਏ ਤੇ ਇਹ ਤੋਤਾ ਕਿਉਂ ਨਹੀਂ ਸੁਆਗਤ ਕਰ ਰਿਹਾ? ਨੌਕਰ ਨੂੰ ਕਿਹਾ ਕਿ ਜਾ ਕੇ ਦੇਖ, ਤੋਤਾ ਬੋਲਦਾ ਕਿਉਂ ਨਹੀਂ? ਜਦ ਨਹੀਂ ਬੋਲਿਆ ਤਾਂ ਆਪ ਉਠ ਕੇ ਆ ਗਿਆ। ਉਹ ਕਹਿੰਦੇ ਮਹਾਰਾਜ, ਤੋਤਾ ਤਾਂ ਬਿਮਾਰ ਹੈ ਕੁਝ, ਪਤਾ ਨਹੀਂ ਕੀ ਗੱਲ ਹੈ, ਇਹ ਤਾਂ ਅੱਖਾਂ ਹੀ ਨਹੀਂ ਖੋਲ੍ਹਦਾ। ਕਹਿੰਦੇ, ਖੁੱਲ੍ਹੀ ਹਵਾ ਵਿਚ ਰੱਖ ਦਿੰਦੇ ਹਾਂ ਇਸ ਨੂੰ। ਖੁਲ੍ਹੀ ਹਵਾ ਵਿਚ ਲਿਆ ਕੇ ਰੱਖ ਲਿਆ ਤੇ ਜਦੋਂ ਤੋਤੇ ਨੇ ਦੇਖਿਆ ਕਿ ਹੁਣ ਮੇਰੇ ਨੇੜੇ-ਤੇੜੇ ਕੋਈ ਨਹੀਂ, ਉਡਾਰੀ ਮਾਰ ਕੇ ਨਿੰਮ ਤੇ ਜਾ ਕੇ ਬਹਿ ਗਿਆ। ਕਹਿੰਦਾ, ਧੰਨ ਹੋ ਮਹਾਰਾਜ! ਧੰਨ ਹੋ, ਤੁਸੀਂ ਆਏ ਹੋ ਜਿਨ੍ਹਾਂ ਨੇ ਮੈਨੂੰ ਪਿੰਜਰੇ ਵਿਚੋਂ ਮੁਕਤ ਕਰਾ ਦਿਤਾ। ਠੀਕ ਹੈ, ਨਾਮ ਪਰਮੇਸ਼ਰ ਦਾ ਜਿਹੜਾ ਹੈ ਉਹ ਜੀਵਨ ਮੁਕਤ ਕਰ ਦਿੰਦਾ ਹੈ, ਜਮਾਂ ਦੇ ਪੰਜੇ ਵਿਚੋਂ ਛੁਡਾ ਦਿੰਦਾ ਹੈ। ਇਹ ਰਾਜੇ ਨੇ ਵੀ ਸਮਝ ਲਿਆ ਕਿ ਉਹ ਹੀ ਮਹਾਤਮਾ ਆ ਗਏ ਜਿਨ੍ਹਾਂ ਦਾ ਮੈਨੂੰ ਇੰਤਜ਼ਾਰ ਸੀ। ਬੜੀ ਸੇਵਾ ਕਰੀ ਤੇ ਕਹਿੰਦਾ, "ਮਹਾਰਾਜ! ਚੰਗਾ ਹੋਇਆ ਤੁਸੀਂ ਚੰਗੇ ਮੌਸਮ ਵਿਚ ਆ ਗਏ। ਆਹ ਦੇਖੋ ਨਿੰਮ ਦਾ ਦਰਖਤ ਖੜ੍ਹਾ ਹੈ, ਇਸ ਨੂੰ ਸੇਰ ਸੇਰ ਪੱਕੇ ਅੰਬ ਲਗਦੇ ਸੀ। ਬੜੇ ਸਾਧੂ ਮਹਾਤਮਾ ਆਉਂਦੇ ਨੇ, ਹੁਣ ਤੁਸੀਂ ਛੇ ਮਹੀਨੇ ਏਥੇ ਹੀ ਰਹੋ।" ਜੜ੍ਹ ਭਰਤ ਨੇ ਕੋਈ ਹਠ ਨਹੀਂ ਕੀਤਾ, ਕੋਈ ਗੱਲ ਨਹੀਂ ਕੀਤੀ ਅਤੇ ਇਹ ਵੀ ਨਹੀਂ ਕਿਹਾ ਕਿ ਰਾਜਨ! ਇਹ ਤਾਂ ਸਾਰੀਆਂ ਨਿੰਮਾਂ ਨੇ, ਇਹਨਾਂ ਨੂੰ ਅੰਬ ਨਹੀਂ ਲੱਗਣੇ। ਪਹਿਲਾਂ ਸਾਰੇ ਸਾਧੂ ਮਹਾਤਮਾ ਕਹਿੰਦੇ ਸੀ, ਰਾਜਨ! ਇਹ ਨਿੰਮਾਂ ਨੂੰ ਅੰਬ ਨਹੀਂ ਲਗਿਆ ਕਰਦੇ, ਨਿਮੋਲੀਆਂ ਲਗਦੀਆਂ ਹਨ। ਇਨ੍ਹਾਂ ਨੇ ਕੁਝ ਨਹੀਂ ਕਿਹਾ, ਨਾ ਗੱਲ ਕਰੀ, ਨਾ ਵਾਦ-ਵਿਵਾਦ ਵਿਚ ਪਏ। ਜਦੋਂ ਉਸ ਨੇ ਦੇਖ ਲਿਆ ਕਿ ਇਹ ਤਾਂ ਸੱਚਮੁੱਚ 'ਜੜ੍ਹ ਭਰਤ' ਹੈ, ਉਸ ਵੇਲੇ ਉਸਨੇ ਬੇਨਤੀ ਕੀਤੀ ਕਿ ਮਹਾਰਾਜ! ਮੈਨੂੰ ਜੀਵਨ ਮੁਕਤੀ ਦਾ ਉਪਾਅ ਦੱਸੋ।

ਉਹ ਕਹਿਣ ਲੱਗੇ, "ਰਾਜਨ! ਜੀਵਨ ਮੁਕਤੀ ਨਾਮ ਦੇ ਅਧੀਨ ਹੈ, ਪ੍ਰਭੂ ਦੇ ਨਾਮ ਵਿਚੋਂ ਪੈਦਾ ਹੁੰਦੀ ਹੈ। ਤੈਨੂੰ ਬੜੀ ਦੇਰ ਹੋ ਗਈ ਨਾਮ ਜਪਦੇ ਨੂੰ। ਜਦ ਤੋਂ ਸੰਤਾਂ ਦੀ ਸੰਗਤ ਕਰੀ ਹੈ, ਤੂੰ ਨਾਮ ਜਪਦਾ ਹੀ ਤੁਰਿਆ ਆਇਆ ਹੈਂ, ਤੈਨੂੰ ਉੱਚ ਅਵਸਥਾਵਾਂ ਪ੍ਰਾਪਤ ਹੋ ਗਈਆਂ ਹਨ। ਹੁਣ ਜਿਹੜਾ ਤਤੂ ਹੈ ਇਹ ਦੇ ਵਿਚ ਪਰਮ ਤੱਤ ਹੈ, ਉਸ ਦੀ ਤੂੰ ਖੋਜ ਕਰ।

ਕਹਿਣ ਲੱਗੇ, ਦੇਖ, ਬਦਾਮ ਹੁੰਦੇ ਹਨ ਤੇ ਜੇ ਅਸੀਂ ਬਦਾਮ ਵਿਚੋਂ ਬਦਾਮ ਰੋਗਨ ਕੱਢਣਾ ਹੋਵੇ ਤਾਂ ਪਹਿਲਾਂ ਉਪਰਲਾ ਹਿੱਸਾ ਤੋੜਨਾ ਪੈਂਦਾ ਹੈ ਫੇਰ ਉਸ ਤੋਂ ਬਾਅਦ ਲਾਲ ਰੰਗ ਦਾ ਬਦਾਮ ਨਿਕਲ ਆਉਂਦਾ ਹੈ। ਫੇਰ ਉਸ ਨੂੰ ਪਾਣੀ ਵਿਚ ਭਿਉਂ ਕੇ ਉਪਰੋਂ ਛਿਲਕਾ ਲਾਹ ਦਿੰਦੇ ਹਾਂ, ਫੇਰ ਚਿੱਟੇ ਰੰਗ ਦਾ ਨਿਕਲ ਆਉਂਦਾ ਹੈ। ਫੇਰ ਜਦੋਂ ਅਸੀਂ ਢੰਗ ਦੇ ਨਾਲ ਰਗੜਦੇ ਹਾਂ ਉਸਦੇ ਵਿਚੋਂ ਬਦਾਮ ਰੋਗਨ ਨਿਕਲ ਆਉਂਦਾ ਹੈ। ਫੇਰ ਜਿਹੜੀਆਂ ਵਾਧੂ ਚੀਜ਼ਾਂ ਨੇ, ਬਦਾਮਾਂ ਦਾ ਫੋਰਾ ਹੈ ਉਨ੍ਹਾਂ ਨੂੰ ਆਪਾਂ ਸੁੱਟ ਦਿੰਦੇ ਹਾਂ। ਕਹਿੰਦੇ, ਇਸੇ ਤਰ੍ਹਾਂ ਨਾਲ ਆਪਣਾ ਜਿਹੜਾ ਸਰੀਰ ਹੈ, ਇਹ ਤਿੰਨਾਂ ਗੁਣਾਂ ਵਿਚੋਂ ਪੈਦਾ ਹੋਇਆ ਹੈ। ਜਿਹੜੀ ਚੀਜ਼ ਨੂੰ ਅਸੀਂ ਨਿਰਗੁਣ ਬੋਲਦੇ ਹਾਂ ਉਹ ਤ੍ਰਿਗੁਣ ਅਤੀਤ ਹੈ। ਤੂੰ ਆਪਣੇ ਸਰੂਪ ਨੂੰ ਸਮਝ। ਸਰੀਰ ਦੀਆਂ ਤਿੰਨ ਤੈਹਾਂ ਹਨ - ਇਕ ਪੰਜਾਂ ਤੱਤਾਂ ਦਾ ਸਥੂਲ ਸਰੀਰ, ਇਕ ਇਸ ਵਿਚ ਪੰਜ ਕਰਮ ਇੰਦਰੇ, ਪੰਜ ਗਿਆਨ ਇੰਦਰੇ, ਪੰਜ ਪ੍ਰਾਣ, ਮਨ, ਚਿਤ, ਬੁੱਧ ਅਤੇ ਅਹੰਭਾਵ ਦਾ ਸੂਖਸ਼ਮ ਸਰੀਰ। ਇਕ ਹੈ ਕਾਰਣ ਸਰੀਰ। ਜੀਵ ਆਤਮਾ ਉਪਰ ਪੰਜ ਪੜਦੇ, ਪੰਜ ਗਲਾਫ (cover) ਚੜ੍ਹੇ ਹੋਏ ਹਨ - ਪੰਜ ਕੋਸ਼। ਇਹਨਾਂ ਦੇ ਨਾਮ ਕਰਮਵਾਰ ਨੇ - ਅਨੰਦਮਯ ਕੋਸ਼, ਵਿਗਿਆਨਮਯ ਕੋਸ਼, ਮਨੋਮਯ ਕੋਸ਼, ਪ੍ਰਾਣਮਯ ਕੋਸ਼ ਤੇ ਅੰਨਮਯ ਕੋਸ਼। ਇਨ੍ਹਾਂ ਨੇ ਉਸ ਆਤਮ ਤੱਤ ਨੂੰ ਢਕਿਆ ਹੋਇਆ ਹੈ। ਇਨ੍ਹਾਂ ਨੂੰ ਹੌਲੀ-ਹੌਲੀ ਦੂਰ ਕਰ ਦੇ। ਪਹਿਲਾਂ ਤਾਂ ਤੂੰ ਆਪਣੀ ਦੇਹ ਦੇ ਵਿਚ ਦੇਖ, ਤੂੰ ਕੀ ਹੈਂ। ਇਸ ਦੇਹ ਦਾ ਆਧਾਰ ਪ੍ਰਾਣ ਨੇ। ਪੰਜ ਤੱਤ, 25 ਪ੍ਰਕ੍ਰਿਤੀਆਂ, ਪੰਜ ਕਰਮ ਇੰਦਰੇ, ਇਨ੍ਹਾਂ ਦਾ ਆਧਾਰ ਪ੍ਰਾਣ ਨੇ। ਜਦੋਂ ਪ੍ਰਾਣ ਨਿਕਲ ਜਾਂਦੇ ਨੇ, ਦੇਹ ਇਵੇਂ ਜਿਵੇਂ ਨਹੀਂ ਰਹਿੰਦੀ, ਗਿਰ ਜਾਂਦੀ ਹੈ ਕਿਉਂਕਿ ਉਸ ਦਾ ਆਧਾਰ ਨਿਕਲ ਗਿਆ। ਪ੍ਰਾਣਾਂ ਦਾ ਆਧਾਰ ਮਨ ਹੈ। ਮਨ ਪ੍ਰਾਣਾਂ ਨੂੰ ਹਰਕਤ ਦਿੰਦਾ ਹੈ। ਮਨ ਦਾ ਆਧਾਰ ਬੁੱਧੀ ਹੈ, ਬੁੱਧੀ ਦਾ ਆਧਾਰ ਚਿੱਤ ਹੈ, ਚਿੱਤ ਦਾ ਆਧਾਰ ਹੈ - ਅਹੰਭਾਵ। ਸਭ ਕੁਝ ਦਾ ਅਧਾਰ ਪਰੀਪੂਰਨ ਆਤਮਾ ਹੈ। ਹੁਣ ਜਿਹੜੇ ਆਧਾਰ ਉੱਪਰ ਗਿਣੇ ਹਨ, ਉਨ੍ਹਾਂ ਨੂੰ ਤੂੰ ਫੋਕਟ ਸਮਝ ਕੇ ਸੁੱਟ ਦੇ ਤੇ ਆਪਣੇ ਨਿਜ ਸਰੂਪ ਵਿਚ ਚਲਿਆ ਜਾਹ, ਤੈਨੂੰ ਤੁਰੀਆ ਅਵਸਥਾ ਪ੍ਰਾਪਤ

(ਬਾਕੀ ਪੰਨਾ 63 ਤੇ)

# ਭਗਵਤ ਗੀਤਾ ਦੀ ਚਿਰ ਸਥਾਈ ਆਤਮ ਵਿਦਿਆ
# PERENNIAL PSYCHOLOGY OF THE BHAGVAD GITA

*ਮੂਲ ਲੇਖਕ – ਡਾ. ਸਵਾਮੀ ਰਾਮ ਜੀ*
*ਅਨੁਵਾਦਕ – ਡਾ. ਬੀਬੀ ਤੇਜਿੰਦਰ ਮਲਹੋਤਰਾ*

## ਨੌਵਾਂ ਅਧਿਆਇ

## ਗੁਪਤ ਰਾਜਸੀ ਮਾਰਗ ਦਾ ਗਿਆਨ

1. ਸ੍ਰੀ ਭਗਵਾਨ ਉਪਵਾਚ –

ਤੂੰ ਦੋਸ਼ ਤੋਂ ਰਹਿਤ ਹੈਂ, ਵਿਗਿਆਨ ਸਹਿਤ ਜੋ ਅਤੀ ਗੁਪਤ ਗਿਆਨ ਹੈ ਉਹ ਮੈਂ ਤੈਨੂੰ ਦਸਦਾ ਹਾਂ ਜਿਸ ਨੂੰ ਜਾਣ ਕੇ ਤੂੰ ਪਾਪ ਤੋਂ ਛੁਟ ਜਾਵੇਂਗਾ।

2. ਇਹ ਗਿਆਨ ਸਾਰੀਆਂ ਵਿਦਿਆ ਵਿਚੋਂ ਰਾਜ ਵਿਦਿਆ ਹੈ, ਸਾਰੇ ਭੇਦਾਂ ਦਾ ਰਾਜਾ ਹੈ, ਪਵਿਤਰ ਹੈ, ਉਤਮ ਹੈ, ਧਰਮ ਅਨੁਸਾਰ ਹੈ, ਪ੍ਰਤੱਖ ਫਲ ਵਾਲਾ ਹੈ, ਇਹ ਸੌਖਾ ਹੈ ਇਹ ਨਾਸ਼ ਹੋਣ ਵਾਲਾ ਨਹੀਂ ਹੈ।

3. ਹੇ ਪਰੰਤਪ! ਜਿਹੜੇ ਇਸ ਗਿਆਨ ਧਰਮ ਵਿਚ ਸ਼ਰਧਾ ਨਹੀਂ ਰਖਦੇ, ਉਹ ਮੈਨੂੰ ਨਹੀਂ ਮਿਲਦੇ, ਉਹ ਸੰਸਾਰ ਵਿਚ ਮਰਦੇ ਜੰਮਦੇ ਰਹਿੰਦੇ ਹਨ।

ਸੱਤ ਦਾ ਗਿਆਨ ਤੇ ਉਤਮ ਗਿਆਨ ਵੱਖ-ਵੱਖ ਦੱਸੇ ਗਏ ਹਨ। ਉਹ ਗਿਆਨ ਜਿਹੜਾ ਇਸ ਦਿਸਦੇ ਸੰਸਾਰ ਨਾਲ ਸਬੰਧ ਰਖਦਾ ਹੈ, ਉਸ ਨੂੰ ਪਰਾ ਵਿਦਿਆ ਦਾ ਗਿਆਨ ਕਹਿੰਦੇ ਹਨ ਪਰ ਇਸ ਤੋਂ ਅੱਗੇ ਹੋਰ ਉਪਰ ਦੀ ਸਥਿਤੀ ਹੈ ਜਿਸ ਨੂੰ ਉਤਮ ਗਿਆਨ, ਅਪਰਾ ਵਿਦਿਆ ਕਹਿੰਦੇ ਹਨ, ਇਸ ਰਾਹੀਂ ਪੂਰੀ ਤਰ੍ਹਾਂ ਸੁਤੰਤਰਤਾ ਪ੍ਰਾਪਤ ਹੁੰਦੀ ਹੈ, ਮਨੁੱਖ ਦੁਖ ਸੁਖ ਤੋਂ ਛੁਟ ਜਾਂਦਾ ਹੈ। ਇਸ ਤੋਂ ਪਹਿਲਾਂ ਕਿ ਮਨੁੱਖ ਅਪਰਾ ਵਿਦਿਆ ਗ੍ਰਹਿਣ ਕਰੇ, ਪਰਾ ਵਿਦਿਆ ਦਾ ਗਿਆਨ ਜ਼ਰੂਰੀ ਹੈ। ਪਰਾ ਵਿਦਿਆ ਗਿਆਨ ਇੰਦ੍ਰੀਆਂ ਰਾਹੀਂ ਪ੍ਰਤੱਖ ਗਿਆਨ ਨਾਲ ਪ੍ਰਾਪਤ ਕੀਤੀ ਜਾਂਦੀ ਹੈ। ਜਦੋਂ ਤੁਸੀਂ ਸੰਸਾਰਕ ਵਸਤੂਆਂ ਦਾ ਸੁਭਾਅ ਦੇਖਦੇ ਹੋ ਤੇ ਦਿਖਦਾ ਸੰਸਾਰ ਦੇਖਦੇ ਹੋ ਤਾਂ ਤੁਹਾਨੂੰ ਸੋਝੀ ਆਉਂਦੀ ਹੈ ਕਿ ਦਿਸਦਾ ਸੰਸਾਰ ਸਾਰਾ ਚਲਾਇਮਾਨ ਹੈ। ਫੇਰ ਇਹ ਇੱਛਾ ਪੈਦਾ ਹੁੰਦੀ ਹੈ ਕਿ ਜਿਹੜਾ ਇਸ ਸਭ ਕੁਝ ਨੂੰ ਚਲਾਉਣ ਵਾਲਾ ਹੈ, ਜੋ ਨਹੀਂ ਦਿਸਦਾ, ਉਸ ਨੂੰ ਖੋਜਿਆ ਜਾਵੇ। ਫੇਰ ਉਹ ਦੋ ਘਟਨਾਵਾਂ ਵਿਚ ਫਰਕ ਦੇਖਦਾ ਹੈ ਤੇ ਮਹਿਸੂਸ ਕਰਦਾ ਹੈ ਕਿ ਇਕ ਚਲਾਇਮਾਨ ਹੈ, ਦੂਸਰਾ ਸਥਿਰ ਹੈ।

ਕ੍ਰਿਸ਼ਨ ਜੀ ਅਨੰਤ ਦਾ ਗੁਪਤ ਗਿਆਨ ਅਰਜਨ ਨੂੰ ਦਿੰਦੇ ਹਨ। ਪਹਿਲੇ ਸ਼ਲੋਕ ਵਿਚ ਗੋਹੀਆ (guhya) ਸ਼ਬਦ ਦੀ ਵਰਤੋਂ ਕੀਤੀ ਗਈ ਹੈ ਜਿਸ ਤੋਂ ਭਾਵ ਹੈ ਛੁਪਿਆ ਹੋਇਆ, ਜਿਸ ਨੂੰ ਹਰੇਕ ਨਹੀਂ ਦੇਖ ਸਕਦਾ ਪਰ ਗਿਆਨ ਦੇ ਮਾਰਗ ਤੇ ਕੁਝ ਵੀ ਗੁਪਤ ਨਹੀਂ। ਜੋ ਵੀ ਇਸ ਗਿਆਨ ਨੂੰ ਪ੍ਰਾਪਤ ਕਰਨ ਦੀ ਇੱਛਾ ਰਖਦਾ ਹੈ ਉਹ ਪ੍ਰਾਪਤ ਕਰ ਹੀ ਲੈਂਦਾ ਹੈ। ਜਿਹੜਾ ਸੰਸਾਰ ਦੇ ਭੋਗ ਵਿਲਾਸ ਵਿਚ ਡੁੱਬਿਆ ਰਹਿੰਦਾ ਹੈ, ਜਿਸ ਦਾ ਮਨ ਖਿੰਡਿਆ ਰਹਿੰਦਾ ਹੈ, ਅਸ਼ਾਂਤ ਰਹਿੰਦਾ ਹੈ, ਉਹ ਇਸ ਗਿਆਨ ਨੂੰ ਨਾ ਤਾਂ ਸਮਝ ਸਕਦਾ ਹੈ, ਨਾ ਹੀ ਅੰਦਰ ਸਮਾਅ ਸਕਦਾ ਹੈ, ਇਸ ਕਰਕੇ ਇਹ ਉਹਦੇ ਲਈ ਗੁਪਤ ਰਹਿੰਦਾ ਹੈ। ਇਹ ਸਲੋਕ ਦਸਦੇ ਹਨ ਕਿ ਇਸ ਉਤਮ ਗਿਆਨ ਗੁਪਤ ਗਿਆਨ ਦਾ ਰਾਜਸੀ ਮਾਰਗ ਕੇਵਲ ਉਨ੍ਹਾਂ ਨੂੰ ਹੀ ਦਿਤਾ ਜਾਂਦਾ ਹੈ ਜਿਹੜੇ ਇਕਾਗਰ ਮਨ ਰਖਦੇ ਹਨ, ਜਿਹੜੇ ਯੋਗ ਮਾਰਗ ਤੇ ਚਲਦੇ ਹਨ, ਜਿਨ੍ਹਾਂ ਨੇ ਇਹ ਦ੍ਰਿੜ੍ਹ ਫੈਸਲਾ ਕਰ ਲਿਆ ਹੈ ਕਿ ਉਹ ਆਪਣਾ ਜੀਵਨ ਇਸ ਅਨੰਤ ਦੇ ਗਿਆਨ ਦੀ ਪ੍ਰਾਪਤੀ ਲਈ ਅਰਪਣ ਕਰ ਦੇਣਗੇ। ਇਕ ਉਤਮ ਗੁਰੂ ਜਗਿਆਸੂ ਦੇ ਮਨ ਦੀ ਸਥਿਤੀ ਅਨੁਸਾਰ ਹੀ ਉਸ ਨੂੰ ਸਿਖਿਆ ਦਿੰਦਾ ਹੈ। ਜਿਵੇਂ-ਜਿਵੇਂ ਜਗਿਆਸੂ ਅੱਗੇ ਵਧਦਾ ਹੈ ਉਸ ਤਰ੍ਹਾਂ ਹੀ ਗੁਰੂ ਵੀ ਹੋਰ-ਹੋਰ ਗੁਪਤ ਗਿਆਨ ਉਸ ਨੂੰ ਦੱਸੀ ਜਾਂਦਾ ਹੈ, ਹੋਰ ਗੁੱਝੇ ਭਾਵ ਦਸਦਾ ਹੈ ਜਿਹੜੇ ਉਹ ਪਹਿਲੇ ਨਹੀਂ ਸੀ ਦਸ ਸਕਦਾ।

ਜਿਹੜਾ ਗਿਆਨ ਇਸ ਅਧਿਆਇ ਵਿਚ ਦੱਸਿਆ ਜਾ ਰਿਹਾ ਹੈ, ਉਸ ਨੂੰ ਰਾਜ ਵਿਦਿਆ ਕਹਿੰਦੇ ਹਨ। ਦੂਸਰੇ ਗਿਆਨ ਤੇ ਰਾਜ ਗਿਆਨ ਵਿਚ ਅੰਤਰ ਹੈ। ਜਿਹੜਾ ਮਾਰਗ ਰਾਜ ਵਿਦਿਆ ਨੂੰ ਜਾਂਦਾ ਹੈ ਉਹ ਸਾਫ ਸੁਥਰਾ ਮਾਰਗ ਹੈ ਤੇ ਜਗਿਆਸੂ ਦਾ ਮਾਰਗ ਦਰਸ਼ਨ ਕਰਦਾ ਹੈ। ਉਸ ਮਾਰਗ ਤੇ ਇਹੋ ਜਿਹੇ ਚਿੰਨ੍ਹ ਲੱਗੇ ਹੋਏ ਹਨ ਜਿਸ ਤੋਂ ਜਗਿਆਸੂ ਨੂੰ ਇਹ ਪਤਾ ਲਗਦਾ ਹੈ ਕਿ ਉਸ ਨੇ ਕਿੰਨਾ ਪੈਂਡਾ ਤੈਅ ਕਰ ਲਿਆ ਹੈ, ਕਿੰਨਾ ਬਾਕੀ ਹੈ, ਕਿਥੇ ਮੁੜਨਾ ਹੈ ਤੇ ਕਿਹੜੇ ਪਾਸੇ ਜਾਣਾ ਹੈ। ਅੱਜ ਦੇ ਸ਼ਿਸ਼ ਇਸ ਮਾਰਗ ਤੇ ਚਲਣ ਦੀ ਕੋਸ਼ਿਸ਼ ਕਰਦੇ ਹਨ। ਇਹ ਇਕ ਬਹੁਤ ਵਿਧੀ ਵਾਲਾ ਮਾਰਗ ਹੈ। ਜੇ ਕੋਈ ਭਰੋਸੇ ਤੇ ਨਿਸ਼ਠਾ ਨਾਲ ਇਸ ਮਾਰਗ ਤੇ ਚਲਦਾ ਰਹੇ, ਉਹ ਰਾਜ ਵਿਦਿਆ ਤਕ ਪਹੁੰਚ ਹੀ ਜਾਂਦਾ ਹੈ ਜਿਥੇ ਰਾਜਾ ਰਹਿੰਦਾ ਹੈ ਤੇ ਆਪਣੀ ਸ਼ਾਨ ਤੇ ਮਿਹਰ ਵਰਸਾ ਰਿਹਾ ਹੈ।

ਇਸ ਸਲੋਕ ਦਾ ਇਕ ਹੋਰ ਅਰਥ ਵੀ ਹੈ। ਰਾਜ ਵਿਦਿਆ ਉਹ ਵਿਦਿਆ ਹੈ ਜਿਸ ਨਾਲ ਉਹ ਗੁਪਤ ਗਿਆਨ ਪ੍ਰਾਪਤ ਹੁੰਦਾ ਹੈ ਜਿਹੜਾ ਗੁਪਤ ਰਾਜ ਨੂੰ ਚਲਾਉਂਦਾ ਹੈ। ਰਾਜੇ ਨੂੰ ਕਿਵੇਂ ਵਿਹਾਰ ਕਰਨਾ ਚਾਹੀਦਾ ਹੈ? ਕਿਵੇਂ ਆਪਣਾ ਰਾਜ ਚਲਾਉਣਾ ਚਾਹੀਦਾ ਹੈ? ਇਕ ਵਿਅਕਤੀ ਕਿਵੇਂ ਆਪਣੇ ਜੀਵਨ ਦਾ ਰਾਜ ਚਲਾ ਸਕਦਾ ਹੈ, ਆਪਣੇ ਅੰਦਰ ਦੇ ਰਾਜ ਨੂੰ ਤੇ ਬਾਹਰ ਦੇ ਰਾਜ ਨੂੰ; ਨੂੰ ਚਲਾਉਣ ਵਾਸਤੇ ਸਮਚਿੱਤਤਾ ਦੀ ਲੋੜ ਹੈ। ਇਸ ਤੋਂ ਬਿਨਾਂ ਸ੍ਵੈ ਰਾਜ, ਭਾਵੇਂ ਉਹ ਅੰਦਰ ਦਾ ਹੋਵੇ ਜਾਂ ਬਾਹਰ ਦਾ, ਸੰਭਵ ਨਹੀਂ। ਆਗੂ ਨੂੰ ਅੰਦਰ ਦਾ ਡੂੰਘਾ ਗਿਆਨ ਹੋਣਾ ਚਾਹੀਦਾ ਹੈ ਅਤੇ ਬਾਹਰ ਦਾ ਵੀ ਓਨਾਂ ਹੀ ਡੂੰਘਾ ਗਿਆਨ ਹੋਣਾ ਚਾਹੀਦਾ ਹੈ, ਇਸ ਨੂੰ ਪ੍ਰਾਪਤ ਕਰਕੇ ਹੀ ਉਸ ਨੂੰ ਰਾਜ ਦੀ ਵਾਗਡੋਰ ਹੱਥ ਵਿਚ ਲੈਣੀ ਚਾਹੀਦੀ ਹੈ। ਜਿਸ ਨੇ ਆਪਣੇ ਆਪ ਤੇ ਕਾਬੂ ਨਹੀਂ ਪਾਇਆ, ਉਹ ਦੂਸਰਿਆਂ ਤੇ ਰਾਜ ਨਹੀਂ ਕਰ ਸਕਦਾ, ਉਹ ਦੂਸਰਿਆਂ ਤੇ ਨਿਆਂ ਨਹੀਂ ਕਰ ਸਕਦਾ, ਜੇ ਉਸ ਨੇ ਸਮਾਚਿਤਤਾ ਪ੍ਰਾਪਤ ਨਹੀਂ ਕੀਤੀ।

ਆਪਣੇ ਅਨੁਭਵ ਨਾਲ ਯੋਗੀ ਉਹ ਸਾਰੇ ਸਿਧਾਂਤ ਜਾਣ ਲੈਂਦਾ ਹੈ ਜਿਹੜੇ ਸਰੀਰ ਨੂੰ ਚਲਾਉਂਦੇ ਹਨ। ਯੋਗੀ ਨੂੰ ਅਨੰਤ ਦਾ ਸਿਧਾਂਤ ਵੀ ਪਤਾ ਹੁੰਦਾ ਹੈ ਜਿਹੜਾ ਡੂੰਘਾ ਉਸ ਦੇ ਅੰਦਰ ਪਿਆ ਰਹਿੰਦਾ ਹੈ, ਯੋਗੀ ਆਪਣੇ ਸਰੀਰ ਦੇ ਨਗਰ ਤੇ ਰਾਜ ਕਰਨਾ ਸਿੱਖ ਲੈਂਦਾ ਹੈ ਤੇ ਉਸ ਦਾ ਮਾਲਕ ਬਣ ਜਾਂਦਾ ਹੈ ਜਦੋਂ ਕਿ ਇਕ ਆਮ ਮਨੁੱਖ ਨੂੰ ਇਸ ਦੀ ਸੋਝੀ ਹੀ ਨਹੀਂ ਹੁੰਦੀ। ਉਹ ਪ੍ਰਾਕ੍ਰਿਤੀ ਦੇ ਗੁਣਾਂ ਅਨੁਸਾਰ ਹੀ ਚਲਦਾ ਹੈ ਤੇ ਉਹ ਸੰਸਾਰ ਦੇ ਭੋਗ ਭੋਗਣਾ ਚਾਹੁੰਦਾ ਹੈ। ਉਹ ਆਪਣੀਆਂ ਇਛਾਵਾਂ ਦਾ ਗੁਲਾਮ ਹੈ। ਜਿਹੜਾ ਯੋਗ ਦੇ ਮਾਰਗ ਤੇ ਨਹੀਂ ਚਲਦਾ ਪਰ ਆਪਣੇ ਕਰਮਾਂ ਦਾ ਫਲ ਭੋਗਣਾ ਚਾਹੁੰਦਾ ਹੈ, ਉਹ ਮੁੜ-ਮੁੜ ਕੇ ਸੰਸਾਰ ਤੇ ਆਉਂਦਾ ਹੈ। ਉਹ ਬਿਲਕੁਲ ਇਸ ਤਰ੍ਹਾਂ ਹੀ ਹੈ ਜਿਸ ਤਰ੍ਹਾਂ ਉਹ ਬਿਨਾਂ ਕਿਸੇ ਮੰਤਵ ਤੋਂ ਜਨਮ ਲੈਂਦਾ ਹੈ ਤੇ ਮਰਦਾ ਹੈ।

ਇਸ ਅਧਿਆਇ ਵਿਚ ਕ੍ਰਿਸ਼ਨ ਜੀ ਉਹ ਉਤਮ ਗਿਆਨ ਦਸਦੇ ਹਨ ਜਿਹੜਾ ਅਰਜਨ ਨੂੰ ਆਪਣਾ ਅੰਤਰ ਸੰਗਠਨ ਕਰਨ ਦੀ ਸਹਾਇਤਾ ਕਰੇਗਾ ਅਤੇ ਜੋ ਉਸ ਨੂੰ ਮਾਇਆ ਵਿਚੋਂ ਕੱਢੇਗਾ। ਪਹਿਲਾਂ ਕ੍ਰਿਸ਼ਨ ਜੀ ਉਸ ਨੂੰ ਦਿਸਦੇ ਸੰਸਾਰ ਦਾ ਗਿਆਨ ਦਿੰਦੇ ਹਨ, ਫੇਰ ਉਸ ਨੂੰ ਹੌਲੀ-ਹੌਲੀ ਉਤਮ ਅਨੰਤ ਦੇ ਗਿਆਨ ਵਲ ਲੈ ਜਾਂਦੇ ਹਨ; ਇਹ ਗਿਆਨ ਆਪ ਹੀ ਪ੍ਰਾਪਤ ਹੋ ਸਕਦਾ ਹੈ - ਆਪਣੇ ਅਨੁਭਵ ਨਾਲ, ਹੋਰ ਕਿਸੇ ਸ੍ਰੋਤ ਤੋਂ ਨਹੀਂ। ਗ੍ਰੰਥਾਂ ਦਾ ਗਿਆਨ ਤੇ ਰਿਸ਼ੀ-ਮੁਨੀ ਸਾਨੂੰ ਪ੍ਰੇਰਨਾ ਜ਼ਰੂਰ ਦਿੰਦੇ ਹਨ ਪਰ ਕੇਵਲ ਪ੍ਰਤੱਖ ਗਿਆਨ, ਜਿਹੜਾ ਆਪਣੇ ਅਨੁਭਵ ਨਾਲ ਪ੍ਰਾਪਤ ਕੀਤਾ ਹੋਵੇ, ਉਹ ਹੀ ਉਤਮ ਗਿਆਨ ਦੀ ਪ੍ਰਾਪਤੀ ਵਿਚ ਸਹਾਇਕ ਹੁੰਦਾ ਹੈ।

4. ਇਸ ਸਾਰੇ ਜਗਤ ਵਿਚ ਮੈਂ ਹੀ ਅਵਿਅਕਤ ਰੂਪ ਨਾਲ ਵਿਆਪ ਰਿਹਾ ਹਾਂ; ਸਾਰੇ ਪ੍ਰਾਣੀ ਮੇਰੇ ਵਿਚ ਵਸਦੇ ਹਨ, ਮੈਂ ਉਨ੍ਹਾਂ ਵਿਚ ਸੀਮਤ ਨਹੀਂ ਹਾਂ।

5. ਜੀਵ ਮੇਰੇ ਵਿਚ ਸਥਿਤ ਨਹੀਂ, ਇਹ ਮੇਰਾ ਅਸਚਰਜ ਹੈ, ਸਭ ਜੀਵਾਂ ਦਾ ਆਸਰਾ ਹੋ ਕੇ ਵੀ ਮੈਂ ਉਨ੍ਹਾਂ ਵਿਚ ਸਥਿਤ ਨਹੀਂ, ਮੇਰੀ ਆਤਮਾ ਹੀ ਭੂਤਾਂ ਦੀ ਉਤਪੰਨ ਕਰਨ ਵਾਲੀ ਹੈ।

6. ਜਿਸ ਤਰ੍ਹਾਂ ਹਰ ਜਗ੍ਹਾ ਵਿਚਰ ਰਹੀ ਹਵਾ ਆਕਾਸ਼ ਵਿਚ ਸਥਿਤ ਹੈ, ਬਿਲਕੁਲ ਉਸ ਤਰ੍ਹਾਂ ਹੀ ਸਾਰੇ ਜੀਵ ਮੇਰੇ ਵਿਚ ਸਥਿਤ ਹਨ, ਤੂੰ ਇਸ ਤਰ੍ਹਾਂ ਹੀ ਸਮਝ।

ਉਹ ਜਿਹੜਾ ਆਪਣੇ ਆਪ ਵਿਚ ਸੰਪੂਰਨ ਹੈ, ਸਰਬਵਿਆਪਕ ਹੈ, ਪਰੀਪੂਰਨ ਹੈ, ਉਸ ਨੂੰ ਕਿਸੇ ਦੀ ਸਹਾਇਤਾ ਦੀ ਲੋੜ ਨਹੀਂ, ਸਾਰਾ ਦ੍ਰਿਸ਼ਟਮਾਨ ਸੰਸਾਰ ਉਸ ਅਦ੍ਰਿਸ਼ਟਮਾਨ ਦਾ ਹੀ ਪਸਾਰਾ ਹੈ, ਉਸ ਇਕ ਅਨੰਤ ਸ਼ਕਤੀ ਦਾ ਹੀ ਪਸਾਰਾ ਹੈ। ਸਾਰੇ ਜੀਵ ਉਸ ਇਕ ਸ਼ਕਤੀ ਤੇ ਹੀ ਭਰੋਸਾ ਕਰਦੇ ਹਨ ਪਰ ਉਹ ਇਕ ਪਰੀਪੂਰਨ ਸ਼ਕਤੀ ਕਿਸੇ ਤੇ ਵੀ ਨਿਰਭਰ ਨਹੀਂ ਹੈ, ਉਹ ਅਨੰਤ ਸ਼ਕਤੀ ਸਰਬ ਸ਼ਕਤੀਮਾਨ ਹੈ, ਸਵਤੰਤਰ ਹੈ, ਆਪਣੇ ਆਪ ਵਿਚ ਸੰਪੂਰਨ ਹੈ। ਉਹ ਸਭ ਦੀ ਪਾਲਕ ਹੈ, ਸਾਰਿਆਂ ਨੂੰ ਸੁਰਖਸ਼ਤ ਰਖਦੀ ਹੈ ਪਰ ਫੇਰ ਵੀ ਇਕ ਥਾਂ ਸੀਮਤ ਨਹੀਂ, ਸਥਾਪਤ ਨਹੀਂ। ਆਤਮਾ ਹੀ ਸਾਰੇ ਕਰਮਾਂ ਦਾ ਸਰੋਤ ਹੈ। ਜੋ ਵੀ ਕੁਝ ਮਨੁੱਖ ਕਰਦਾ ਹੈ, ਆਤਮਾ ਤੋਂ ਹੀ ਉਤਪੰਨ ਹੁੰਦਾ ਹੈ; ਜਿਵੇਂ ਹਵਾ ਬ੍ਰਹਿਮੰਡ ਵਿਚ ਹੈ, ਉਸ ਤਰ੍ਹਾਂ ਹੀ ਸਭ ਕੁਝ ਦਾ ਨਿਵਾਸ ਪ੍ਰਮਾਤਮਾ ਵਿਚ ਹੈ।

ਕਿਸੇ ਵੀ ਸੰਸਥਾ ਵਿਚ ਕਈ ਅਫਸਰ ਹੁੰਦੇ ਹਨ ਪਰ ਸਾਰੇ ਅਫਸਰਾਂ ਉਤੇ ਇਕ ਉਹ ਅਫਸਰ ਹੁੰਦਾ ਹੈ ਜਿਸ ਕੋਲ ਸਾਰੇ ਹੀ ਅਧਿਕਾਰ ਹੁੰਦੇ ਹਨ ਉਹ ਜਿਸ ਤਰ੍ਹਾਂ ਚਾਹੇ, ਸੰਸਥਾ ਨੂੰ ਚਲਾ ਸਕਦਾ ਹੈ, ਇਸ ਤਰ੍ਹਾਂ ਹੀ ਜੀਵਨ ਦੇ ਨਗਰ ਵਿਚ ਕਿੰਨੇ ਹੀ ਸੰਚਾਲਕ ਹਨ ਪਰ ਸਭ ਤੋਂ ਉਪਰ ਹੈ ਪ੍ਰਮਾਤਮਾ। ਮਨੁੱਖ ਤੇ ਵਿਸ਼ਵ ਵਿਚ ਸਭ ਤੋਂ ਉਤਮ ਹੈ ਪ੍ਰਮਾਤਮਾ ਜਿਹੜਾ ਸੰਸਾਰ ਦਾ ਸੰਚਾਲਕ ਹੈ, ਜੀਵ ਦਾ ਸੰਚਾਲਕ ਹੈ, ਜੀਵਨ ਦਾ ਸੰਚਾਲਕ ਹੈ ਜਿਹੜਾ ਸਿਧਾਂਤ ਸੰਸਾਰ ਦਾ ਸੰਚਾਲਕ ਹੈ, ਉਹ ਜੀਵਨ ਦਾ ਸੰਚਾਲਕ ਹੈ।

7. ਹੇ ਕੌਂਤੇਅ! ਕਲਪ ਦੇ ਅੰਤ ਵਿਚ ਸਭ ਭੂਤ ਮੇਰੀ ਪ੍ਰਕ੍ਰਿਤੀ ਵਿਚ ਲੀਨ ਹੋ ਜਾਂਦੇ ਹਨ ਤੇ ਕਲਪ ਦੇ ਆਦਿ ਵਿਚ ਫੇਰ ਮੇਰੇ ਵਿਚੋਂ ਉਪਜਦੇ ਹਨ।

8. ਮੈਂ ਆਪਣੀ ਹੀ ਪ੍ਰਾਕ੍ਰਿਤ ਵਿਚ ਛੁਪਿਆ ਹੋਇਆ ਇਨ੍ਹਾਂ ਸਭ ਜੀਵਾਂ ਆਦਿ ਨੂੰ ਪ੍ਰਕ੍ਰਿਤੀ ਦੇ ਪ੍ਰਾਧੀਨ ਕਾਰਣ ਬਾਰ-ਬਾਰ ਬਾਹਰ ਭੇਜਦਾ ਹਾਂ।

9. ਹੇ ਧਨੰਜਅ! ਇਹ ਕਰਮ ਮੈਨੂੰ ਨਹੀਂ ਬੰਨ੍ਹਦੇ ਕਿਉਂਕਿ ਮੈਂ ਕਰਮਾਂ ਤੋਂ ਨਿਰਲੇਪ ਹਾਂ, ਉਦਾਸੀਨ ਰਹਿੰਦਾ ਹਾਂ।

10. ਹੇ ਕੌਂਤੇਅ! ਮੈਂ ਹੀ ਪ੍ਰਕ੍ਰਿਤੀ ਦਾ ਮਾਲਕ ਹਾਂ ਮੇਰੇ ਹੀ ਹੁਕਮ ਨਾਲ ਪ੍ਰਕ੍ਰਿਤੀ ਚਰਾਚਰ ਪ੍ਰਾਣੀਆਂ ਨੂੰ ਰਚਦੀ ਰਹਿੰਦੀ ਹੈ, ਇਸੇ ਕਰਕੇ ਇਸ ਸੰਸਾਰ ਦਾ ਚੱਕਰ ਚਲਦਾ ਰਹਿੰਦਾ ਹੈ।

ਵੈਦਕ ਗ੍ਰੰਥਾਂ ਅਨੁਸਾਰ ਅੱਧਾ ਕਲਪ (ਬ੍ਰਹਮਾ ਦਾ ਇਕ ਦਿਨ) ਸੰਸਾਰ ਦੇ 4, 32,60,00,000 ਦਿਨਾਂ ਦੇ ਬਰਾਬਰ ਹੁੰਦਾ ਹੈ। ਇਹ ਸੰਸਾਰ ਦਾ ਆਦਿ ਤੇ ਅੰਤ ਹੈ। ਜਦੋਂ ਸੰਸਾਰ ਖਤਮ ਹੁੰਦਾ ਹੈ ਸਾਰੇ ਮਨੁੱਖ ਮੂਲ ਸਰੋਤ ਵਿਚ ਬਦਲ ਜਾਂਦੇ ਹਨ, ਯੁੱਗ ਬਦਲ ਜਾਂਦੇ ਹਨ ਫੇਰ ਅਗਲੇ ਯੁੱਗ ਸ਼ੁਰੂ ਹੋਣ ਤੇ ਹੋਂਦ ਵਿਚ ਆਉਂਦੇ ਹਨ। ਇਹ ਚੱਕਰ ਚਲਦਾ ਹੀ ਰਹਿੰਦਾ ਹੈ। ਇਕ ਸ਼ੁਧ ਆਤਮਾ ਹੀ ਇਸ ਸਭ ਕੁਝ ਦੇ ਉਪਰ ਰਹਿੰਦੀ ਹੈ, ਪ੍ਰਕਿਰਤੀ ਦੇ ਪ੍ਰਗਟਾਵੇ ਦੇ ਉਤੇ ਹੈ, ਸਾਰੇ ਨਾਮ ਆਕਾਰ ਤੋਂ ਉਪਰ ਹਨ।

ਖਤਮ ਹੋਣ ਤੇ, ਅਤੇ ਮੁੜ ਸ਼ੁਰੂ ਹੋਣ ਤੇ ਆਤਮਾ ਨਿਰੋਲ ਰਹਿੰਦੀ ਹੈ, ਉਹ ਪ੍ਰਕ੍ਰਿਤੀ ਦੇ ਮੂਲ ਰੂਪ ਤੋਂ ਵੀ ਉਪਰ ਰਹਿੰਦੀ ਹੈ। ਨਿਰੋਲ ਆਤਮਾ ਪ੍ਰਕ੍ਰਿਤੀ ਦੁਆਰਾ ਵਿਸ਼ਵ ਦਾ ਪ੍ਰਗਟਾਵਾ ਕਰਦੀ ਹੈ। ਅਨਾਦਿ ਜੜ੍ਹ ਤੇ ਸਥੂਲ ਦੋਨਾਂ ਰਾਹੀਂ ਪ੍ਰਗਟਾ ਹੁੰਦਾ ਹੈ, ਕਲਪ ਸਮੇਂ ਸਾਰੇ ਹੀ ਬਹੁਤ ਮਜ਼ਬੂਰੀ ਦੀ ਤਰ੍ਹਾਂ ਹੁਕਮ ਅਨੁਸਾਰ ਹੋਂਦ ਵਿਚ ਆ ਜਾਂਦੇ ਹਨ ਜਾਂ ਖਤਮ ਹੋ ਜਾਂਦੇ ਹਨ। ਅੰਤ ਸਾਰਿਆਂ ਤੋਂ ਉਤੇ ਸ਼ਕਤੀ ਆਤਮਾ ਦੀ ਹੀ ਹੁੰਦੀ ਹੈ, ਪ੍ਰਗਟਾਵੇ ਦਾ ਸਾਰਾ ਕਰਮ ਇਸ ਕਰਕੇ ਹੁੰਦਾ

ਹੈ ਤਾਂ ਕਿ ਉਨ੍ਹਾਂ ਦੀ ਚੇਤਨਤਾ ਉਚੀ ਉਠ ਸਕੇ ਤੇ ਆਪਣੀ ਹੋਂਦ ਨੂੰ ਵਿਸ਼ਵ ਦੀ ਹੋਂਦ ਦੇ ਨਾਲ ਪਹਿਚਾਣ ਸਕੇ। ਦਸਵੇਂ ਸ਼ਲੋਕ ਵਿਚ ਸਬਦ ਸੁਅਤਿ (Suyate) ਦੀ ਵਰਤੋਂ ਕੀਤੀ ਗਈ ਹੈ। ਇਹ ਸ਼ਬਦ ਸੁ (Su) ਤੋਂ ਲਿਆ ਹੈ ਜਿਸ ਦਾ ਭਾਵ ਹੈ ਖੁਸ਼ਹਾਲੀ ਲਿਆਉਣੀ। ਜੋ ਵੀ ਪ੍ਰਗਟ ਹੁੰਦਾ ਹੈ, ਆਤਮਾ ਉਸ ਵਿਚ ਖੁਸ਼ਹਾਲੀ ਲਿਆਉਂਦੀ ਹੈ।

11. ਮੈਂ ਸਭ ਜੀਵਾਂ ਦਾ ਪ੍ਰਮੇਸ਼ਵਰ ਹਾਂ, ਅਗਿਆਨੀ ਮੇਰੇ ਪਰਮ ਤੱਤ ਨੂੰ ਨਹੀਂ ਜਾਣਦੇ, ਜਦੋਂ ਮੈਂ ਮਨੁੱਖ ਰੂਪ ਧਾਰਨ ਕਰਦਾ ਹਾਂ, ਉਹ ਮੇਰਾ ਆਦਰ ਨਹੀਂ ਕਰਦੇ।

12. ਇਹ ਆਸ਼ਾਹੀਨ, ਕਰਮਹੀਨ, ਗਿਆਨਹੀਨ, ਵਿਚਾਰਹੀਨ, ਅਸੁਰੀ, ਰਾਖਸ਼ੀ ਤੇ ਮੋਹਣੀ ਪ੍ਰਕ੍ਰਿਤੀ ਦਾ ਆਸਰਾ ਲੈਂਦੇ ਹਨ।

ਜਦੋਂ ਲੋੜ ਪੈਂਦੀ ਹੈ ਪ੍ਰਮਾਤਮਾ ਮਨੁੱਖੀ ਰੂਪ ਧਾਰਨ ਕਰਕੇ ਸੰਸਾਰ ਦੇ ਪ੍ਰਾਣੀਆਂ ਦੀ ਸਹਾਇਤਾ ਕਰਨ ਆਉਂਦਾ ਹੈ, ਉਹ ਮਨੁੱਖਾਂ ਦੀ ਤਰ੍ਹਾਂ ਹੀ ਸੰਸਾਰ ਵਿਚ ਵਿਚਰਦਾ ਹੈ ਤੇ ਆਮ ਲੋਕੀ ਉਸ ਨੂੰ ਸਮਝ ਹੀ ਨਹੀਂ ਸਕਦੇ, ਉਹ ਉਸ ਨੂੰ ਪਛਾਣ ਹੀ ਨਹੀਂ ਸਕਦੇ। ਉਸ ਦਾ ਪ੍ਰਮਾਤਮ ਸਰੂਪ ਉਹ ਨਹੀਂ ਜਾਣਦੇ ਜਿਹੜੇ ਮਾਇਆ ਵਿਚ ਡੁੱਬੇ ਪਏ ਹਨ, ਘਬਰਾਏ ਹੋਏ ਹਨ, ਉਹ ਪ੍ਰਮਾਤਮਾ ਨੂੰ ਨਾ ਜਾਣਦੇ ਹਨ, ਨਾ ਪਛਾਣਦੇ ਹਨ; ਉਹ ਇਹ ਨਹੀਂ ਜਾਣਦੇ ਕਿ ਦੇਹ ਧਾਰ ਕੇ ਪ੍ਰਮਾਤਮਾ ਪ੍ਰਗਟ ਹੋਇਆ ਹੈ। ਬਹੁਤ ਵਾਰੀ ਗਿਆਨੀ ਵੀ ਇਹ ਗੱਲ ਨਹੀਂ ਜਾਣਦੇ ਕਿ ਦੇਹ ਵਿਚ ਇਹ ਅਨੰਤ ਕਿਵੇਂ ਸਮਾਅ ਕੇ ਤੁਰਿਆ ਫਿਰਦਾ ਹੈ, ਪ੍ਰਮਾਤਮਾ ਕਿਵੇਂ ਸਰੀਰ ਧਾਰਨ ਕਰਕੇ ਆ ਸਕਦਾ ਹੈ, ਸੰਸਾਰ ਵਿਚ ਖੁਲ੍ਹੀ ਤਰ੍ਹਾਂ ਕਿਵੇਂ ਵਿਚਰ ਸਕਦਾ ਹੈ। ਬਹੁਤ ਸਾਰੇ ਲੋਕੀ ਉਸ ਦੀ ਪ੍ਰਵਾਹ ਹੀ ਨਹੀਂ ਕਰਦੇ, ਕਈ ਤਾਂ ਉਸ ਨੂੰ ਪੂਰਾ ਮਾਣ ਆਦਰ ਵੀ ਨਹੀਂ ਦਿੰਦੇ, ਉਹ ਤਾਂ ਮਾਇਆ ਵਿਚ ਡੁੱਬਿਆਂ ਦਾ ਸਹਾਰਾ ਬਣਦਾ ਹੈ, ਭੋਗ ਭੋਗਦਿਆਂ ਨੂੰ ਕੱਢਣ ਲਈ ਸਹਾਇਕ ਹੁੰਦਾ ਹੈ, ਜਿੰਨੇ ਸੰਸਾਰ ਵਿਚ ਧੱਸੇ ਪਏ ਹਨ ਉਹ ਤਾਂ ਉਨ੍ਹਾਂ ਨੂੰ ਕੱਢਣ ਲਈ ਹੀ ਸੰਸਾਰ ਵਿਚ ਆਇਆ ਹੈ। ਉਹ ਆਪਣੇ ਆਪ ਵਿਚ ਹੀ ਰੁਝੇ ਪਏ ਹਨ, ਮੋਹ ਵਿਚ ਫਸੇ ਪਏ ਹਨ। ਜਿਹੜਾ ਵੀ ਉਨ੍ਹਾਂ ਨੂੰ ਕੱਢਣ ਦੀ ਕੋਸ਼ਿਸ਼ ਕਰਦਾ ਹੈ ਉਹ ਉਸ ਦੇ ਹੀ ਮਗਰ ਹੋ ਜਾਂਦੇ ਹਨ; ਉਸ ਨੂੰ ਹੀ ਨਹੀਂ, ਉਸ ਦੀ ਸਿਖਿਆ ਨੂੰ ਬਿਲਕੁਲ ਪਸੰਦ ਨਹੀਂ ਕਰਦੇ। ਜੋ ਗੱਲ ਵੀ ਉਨ੍ਹਾਂ ਦੇ ਭੋਗਾਂ ਨੂੰ, ਮੋਹ ਨੂੰ ਗਲਤ ਕਹੇਗੀ, ਉਹ ਉਸ ਤੋਂ ਉਲਟ ਹੀ ਚਲਣਗੇ। ਇਸ ਕਰਕੇ ਵੱਡੇ-ਵੱਡੇ ਗੁਰੂ, ਜਿਨ੍ਹਾਂ ਨੇ ਮੋਹ ਤੋਂ ਮੁਕਤ ਹੋਣ ਦੀ ਪ੍ਰੇਰਨਾ ਦਿਤੀ, ਉਨ੍ਹਾਂ ਨੂੰ ਮਾਰ ਦਿਤਾ ਗਿਆ। ਸੰਸਾਰ ਵਾਲਿਆਂ ਨੇ ਉਨ੍ਹਾਂ ਨੂੰ ਜਿਊਣ ਹੀ ਨਹੀਂ ਦਿਤਾ। ਦੁਨੀਆਦਾਰਾਂ ਨੇ ਉਨ੍ਹਾਂ ਨੂੰ ਧਰਤੀ ਤੇ ਹੀ ਨਹੀਂ ਰਹਿਣ ਦਿਤਾ। ਸੰਸਾਰਕ ਬੰਦੇ ਉਨ੍ਹਾਂ ਸਭ ਤੋਂ ਉਲਟ ਹੀ ਚਲਦੇ ਹਨ। ਜਿਹੜਾ ਗਿਆਨ ਦੇਣ ਵਾਲਾ ਹੋਵੇ, ਗਿਆਨ ਦੀ ਗੱਲ ਕਰਨ ਵਾਲਾ ਹੋਵੇ ਜਿਹੜੇ ਚਾਨਣ ਮੁਨਾਰੇ ਹੋਣ, ਉਹ ਸਦਾ ਹੀ ਸੰਸਾਰ ਤੋਂ ਦੂਸਰੇ ਪਾਸੇ ਹੀ ਖੜ੍ਹਿਆ ਕਰਦੇ ਹਨ।

ਪ੍ਰਮਾਤਮਾ ਦੀ ਸ਼ਕਤੀ ਜਿਹੜੀ ਮਨੁੱਖ ਦੇ ਅੰਦਰ ਵਸਦੀ ਹੈ ਉਹ ਦੇਖੀ ਨਹੀਂ ਜਾ ਸਕਦੀ, ਉਹ ਗਿਆਨ ਇੰਦ੍ਰੀਆਂ ਰਾਹੀਂ ਨਹੀਂ ਸਮਝੀ ਜਾ ਸਕਦੀ। ਉਹ ਸ਼ਕਤੀ ਸਭ ਤੋਂ ਉਤਮ ਸ਼ਕਤੀ ਹੈ, ਇਹ ਸਭ ਦੇ ਅੰਦਰ ਹੈ ਪਰ ਅਗਿਆਨੀ ਉਸ ਨੂੰ ਨਹੀਂ ਪਛਾਣਦੇ, ਉਹ ਇਸ ਸ਼ਕਤੀਆਂ ਦੀ ਉਤਮ ਸ਼ਕਤੀ ਨੂੰ ਨਹੀਂ ਜਾਣਦੇ, ਸੰਸਾਰ ਦੇ ਭੁਲੇਖੇ ਵਿਚ ਉਹ ਪ੍ਰਮਾਤਮਾ ਨੂੰ ਵੀ ਨਫਰਤ ਕਰਦੇ ਹਨ ਤੇ ਪ੍ਰਮਾਤਮਾ ਦੇ ਬੰਦਿਆਂ ਨਾਲ ਵੀ ਨਫਰਤ ਕਰਦੇ ਹਨ। ਸੱਚ ਦੀ ਸਦਾ ਹੀ ਜਿੱਤ ਹੁੰਦੀ ਹੈ। ਅੰਤ ਵਿਚ ਉਹ ਗਲਤ ਸਿੱਧ ਹੁੰਦੇ ਹਨ ਕਿਉਂਕਿ ਉਹ ਬੁਰਾਈ ਵਲ ਖਿਚੇ ਹੁੰਦੇ ਹਨ, ਉਹ ਅਗਿਆਨੀ ਹੋ ਕੇ ਗਲਤ ਕੰਮ ਕਰਦੇ ਹਨ ਤੇ ਆਪਣੇ ਆਪ ਹੀ ਦੁਖ ਸੰਤਾਪ ਪੈਦਾ ਕਰਦੇ ਹਨ, ਉਹ ਆਪਣੇ ਕਰਮਾਂ ਨਾਲ ਹੀ ਡੁਬਦੇ ਹਨ।

ਇਹ ਵਿਧਾਤਾ ਦਾ ਇਕ ਅਸੂਲ ਹੈ। ਅਗਿਆਨੀ ਅੰਤ ਵਿਚ ਆਪਣੇ ਕਰਮਾਂ ਦੇ ਬੱਧੇ ਹੋਏ, ਪ੍ਰੇਰੇ ਹੋਏ, ਆਪਣੀਆਂ ਇਛਾਵਾਂ ਦੇ ਵਸ ਹੋ ਕੇ, ਸੁਆਰਥੀ ਹੋ ਕੇ ਦੁਖਾਂ ਸੰਤਾਪਾਂ ਵਿਚ ਪਏ ਰਹਿੰਦੇ ਹਨ। ਸੁਆਰਥੀ ਹੋਣ ਨਾਲ ਵਿਅਕਤਿਤ੍ਵ ਵਿਸ਼ਾਲ ਨਹੀਂ ਹੋ ਸਕਦਾ, ਜੀਵਨ ਦਾ ਨਿਯਮ ਹੈ - ਵਿਸਤ੍ਰਿਤ ਹੋਣਾ। ਜਿਹੜਾ ਵਿਸਤ੍ਰਿਤ ਹੋਣਾ ਸਿੱਖ ਲੈਂਦਾ ਹੈ, ਆਪਣੀ ਚੇਤਨਤਾ ਨੂੰ ਵਿਸਤ੍ਰਿਤ ਕਰ ਲੈਂਦਾ ਹੈ, ਵਿਸ਼ਵ ਚੇਤਨਤਾ ਨਾਲ ਮਿਲਾ ਲੈਂਦਾ ਹੈ, ਉਹ ਨਿਸੁਆਰਥੀ ਹੋ ਜਾਂਦਾ ਹੈ, ਮੋਹ ਤੋਂ ਮੁਕਤ ਹੋ ਜਾਂਦਾ ਹੈ, ਉਹ ਆਪਣੇ ਮੂਲ ਰੂਪ ਨੂੰ ਪਛਾਣ ਲੈਂਦਾ ਹੈ; ਮੂਲ ਰੂਪ ਹੈ - ਸ਼ਾਂਤੀ, ਅਨੰਦ ਤੇ ਕ੍ਰਿਪਾ।

13. ਹੇ ਪਾਰਥ! ਦੈਵੀ ਪ੍ਰਕ੍ਰਿਤੀ ਦਾ ਆਸਰਾ ਰੱਖਣ ਵਾਲੇ ਮਹਾਤਮਾ ਜਨ ਮੈਨੂੰ ਸਭ ਜੀਵਾਂ ਦਾ ਆਦਿ ਅਤੇ ਅਵਿਨਾਸ਼ੀ ਜਾਣ ਕੇ ਇਕਾਗਰ ਚਿੱਤ ਨਾਲ ਮੇਰਾ ਹੀ ਭਜਨ ਕਰਦੇ ਹਨ।

14. ਇਹ ਦ੍ਰਿੜ੍ਹ ਨਿਸ਼ਠਾ ਵਾਲੇ ਮੇਰਾ ਹੀ ਕੀਰਤਨ ਕਰਦੇ ਹਨ, ਮੈਨੂੰ ਹੀ ਨਮਸ਼ਕਾਰ ਕਰਦੇ ਹਨ, ਮੇਰੀ ਪ੍ਰਾਪਤੀ ਦਾ ਯਤਨ ਕਰਦੇ ਹਨ, ਮੇਰੇ ਨਾਲ ਇਕ ਹੋ ਕੇ, ਮੈਨੂੰ ਧਿਆ ਕੇ ਮੇਰੀ ਉਪਾਸਨਾ ਕਰਦੇ ਹਨ।

15. ਕੋਈ ਗਿਆਨ ਰੂਪੀ ਯੱਗ ਨਾਲ ਮੇਰੀ ਉਪਾਸ਼ਨਾ ਕਰਦੇ ਹਨ, ਕੋਈ ਮੇਰੇ ਅਤੇ ਆਪਣੇ ਵਿਚ ਅਭੇਦ ਭਾਵ ਅਤੇ ਕੋਈ ਭੇਦ ਭਾਵ ਮੰਨ ਕੇ, ਕੋਈ ਮੈਨੂੰ ਅਨੇਕ ਰੂਪ ਧਾਰਨ ਕਰਨ ਵਾਲਾ ਮੰਨ ਕੇ ਮੇਰੀ ਉਪਾਸ਼ਨਾ ਕਰਦੇ ਹਨ।

ਗਿਆਨੀ ਮੇਰੇ ਤੇ ਧਿਆਨ ਲਗਾ ਕੇ ਮੇਰਾ ਸਿਮਰਨ ਕਰਦੇ ਹਨ, ਮੇਰੀ ਪ੍ਰਾਪਤੀ ਕਰਦੇ ਹਨ। ਇਸ ਤਰ੍ਹਾਂ ਕਰਕੇ ਉਹ ਮੇਰੇ ਨਾਲ ਮਿਲ ਜਾਂਦੇ ਹਨ ਤੇ ਉਹ ਮੇਰੇ ਵਰਗੇ ਹੋ ਜਾਂਦੇ ਹਨ। ਉਨ੍ਹਾਂ ਦੇ ਮਨ ਸਦਾ ਮੇਰੇ ਵਲ ਇਕਾਗਰ ਰਹਿੰਦੇ ਹਨ, ਉਹ ਸਦਾ ਇਸ ਗਿਆਨ ਵਿਚ ਰਹਿੰਦੇ ਹਨ ਕਿ ਪ੍ਰਮਾਤਮਾ ਤੋਂ ਸਭ ਉਪਜੇ ਹਨ ਤੇ ਪ੍ਰਮਾਤਮਾ ਅਵਿਨਾਸ਼ੀ ਹੈ। ਇਕਾਗਰ ਹੋ ਕੇ, ਇਕ ਚਿੱਤ ਹੋ ਕੇ ਉਹ ਆਪਣਾ ਜੀਵਨ, ਮਨ, ਕਰਮ, ਬੋਲਣਾ ਸਭ ਪ੍ਰਮਾਤਮਾ ਨੂੰ ਹੀ ਅਰਪਣ ਕਰਦੇ ਹਨ ਤੇ ਉਹ ਲਗਨ ਨਾਲ, ਸ਼ੁਧ ਲਗਨ ਤੇ ਨਿਸ਼ਠਾ ਨਾਲ ਪ੍ਰਮਾਤਮਾ ਦੀ ਸੇਵਾ ਕਰਦੇ ਹਨ। ਉਨ੍ਹਾਂ ਦਾ ਇਕ ਹੀ ਮੰਤਵ

ਹੁੰਦਾ ਹੈ – ਮਾਨਵ ਜੀਵਨ ਦਾ ਲਕਸ਼ ਪ੍ਰਾਪਤ ਕਰਨਾ। ਉਨ੍ਹਾਂ ਦੀ ਸਾਰੀ ਸ਼ਕਤੀ ਪ੍ਰਮਾਤਮਾ ਦੇ ਪਾਸੇ ਹੀ ਲਗਦੀ ਹੈ, ਉਹ ਆਪਣੇ ਇਰਾਦੇ ਦੇ ਅਟੱਲ ਹਨ, ਅਨੁਸਾਸ਼ਨ ਵਿਚ ਰਹਿੰਦੇ ਹਨ, ਸਬਰ ਸੰਤੋਖ ਨਾਲ ਜੀਵਨ ਬਿਤਾਉਂਦੇ ਹਨ। ਉਹ ਹਰ ਥਾਂ ਹਰ ਚੀਜ਼ ਵਿਚ ਬ੍ਰਹਮ ਦੇਖਦੇ ਹਨ, ਉਹ ਸਭ ਨੂੰ ਹੀ ਪ੍ਰਣਾਮ ਕਰਦੇ ਹਨ ਕਿਉਂਕਿ ਉਹ ਜਾਣਦੇ ਹਨ ਕਿ ਪ੍ਰਮਾਤਮਾ ਸਭ ਵਿਚ ਵਸਦਾ ਹੈ।

ਇਕ ਉਹ ਹਨ ਜਿਹੜੇ ਗਿਆਨ ਪ੍ਰਾਪਤ ਕਰਨ ਲਈ ਤਿਆਗ ਕਰਦੇ ਹਨ। ਇਹੋ ਜਿਹੇ ਯੋਗੀ ਸਭ ਕੁਝ ਸਮਰਪਣ ਕਰਦੇ ਹਨ ਤੇ ਮਨ ਦੀਆਂ ਸੀਮਾ ਅੰਦਰ ਸਭ ਕੁਝ ਜਾਣਦੇ ਹਨ। ਉਹ ਖਾਲੀ ਹੋ ਕੇ ਅਨੰਤ ਗਿਆਨ ਲਈ ਭਾਂਡਾ ਸਾਫ ਕਰਕੇ ਤੇ ਖੋਲ੍ਹ ਕੇ ਰਖਦੇ ਹਨ। ਗਿਆਨ ਨਾਲ ਜੀਵਨ ਮਨੋਰਥ ਪ੍ਰਾਪਤ ਹੁੰਦਾ ਹੈ। ਯੋਗੀ ਦਾ ਧਨ ਉਸ ਦਾ ਗਿਆਨ ਹੈ, ਉਸ ਦੀਆਂ ਕੋਈ ਇਛਾਵਾਂ ਨਹੀਂ ਹੁੰਦੀਆਂ, ਕੋਈ ਮੋਹ ਨਹੀਂ ਹੁੰਦਾ। ਤਿਆਗ ਦੇ ਮਾਰਗ ਤੇ ਯੋਗੀ ਸਭ ਕੁਝ ਤਿਆਗਦਾ ਹੈ ਤੇ ਯੋਗੀ ਕੋਲ ਕੇਵਲ ਗਿਆਨ ਹੀ ਹੁੰਦਾ ਹੈ ਜਿਸ ਦਾ ਉਹ ਤਿਆਗ ਕਰ ਸਕਦਾ ਹੈ; ਉਹ ਗਿਆਨ ਦਾ ਤਿਆਗ ਕਰਕੇ ਪ੍ਰਮਾਤਮਾ ਨਾਲ ਇਕ ਹੋ ਜਾਂਦਾ ਹੈ। ਉਹ ਝੱਟ ਹੀ ਅਨੰਤ ਦੀ ਪ੍ਰਾਪਤੀ ਕਰ ਲੈਂਦਾ ਹੈ। ਉਹ ਅਚੇਤ ਵਿਚ ਨਹੀਂ ਜਾਂਦਾ, ਉਹ ਪੂਰੀ ਤਰ੍ਹਾਂ ਚੇਤਨ ਹੀ ਰਹਿੰਦਾ ਹੈ, ਆਪਣੇ ਆਪ ਨੂੰ ਚੇਤਨ ਦੇ ਕੇਂਦਰ ਤੇ ਹੀ ਰਖਦਾ ਹੈ। ਉਹ ਸ਼ੁਧ ਚੇਤਨਤਾ ਨਾਲ ਹੀ ਜੁੜਿਆ ਰਹਿੰਦਾ ਹੈ। ਇਹ ਅਵਸਥਾ ਗਿਆਨ ਦੀ ਬੜੀ ਡੂੰਘੀ ਅਵਸਥਾ ਹੁੰਦੀ ਹੈ। ਇਹ ਅਚੇਤ ਦੀ ਅਵਸਥਾ ਨਹੀਂ ਹੁੰਦੀ ਜਿਵੇਂ ਕਿ ਬਹੁਤ ਸਾਰੇ ਅੱਜ ਦੇ ਮਨੋਵਿਗਿਆਨਕ ਦਸਦੇ ਹਨ।

ਇਕ ਉਹ ਹਨ ਜਿਹੜੇ ਆਪਣੀ ਡਿਊਟੀ ਪੂਰੀ ਤਨਮੈਤਾ ਨਾਲ, ਸੋਝੀ ਨਾਲ ਕਰਦੇ ਹਨ, ਨਿਸੁਆਰਥ ਹੋ ਕੇ ਕਰਦੇ ਹਨ, ਪੂਰੀ ਰੁਚੀ ਨਾਲ, ਨਿਸ਼ਠਾ ਨਾਲ ਕਰਦੇ ਹਨ, ਇਹ ਆਤਮ ਮਾਰਗ ਬੜੀ ਦ੍ਰਿੜ੍ਹ ਨਿਸ਼ਠਾ ਨਾਲ ਪੂਰਾ ਕਰਦੇ ਹਨ। ਇਹੋ ਜਿਹੇ ਮਨੁੱਖ ਸਭ ਦੀ ਭਲਾਈ ਲਈ ਕੰਮ ਕਰਦੇ ਹਨ। ਸੰਤ ਮਹਾਤਮਾ ਮਹਾਂਪੁਰਖ ਹੀ ਉਸ ਅਨੰਤ ਦੀ ਸ਼ਕਤੀ ਨੂੰ ਜਾਣਦੇ ਹਨ ਤੇ ਉਹ ਇਹ ਵੀ ਜਾਣਦੇ ਹਨ ਕਿ ਉਸ ਸ਼ਕਤੀ ਰਾਹੀਂ ਹੀ ਸਮਾਜ ਦੀ ਭਲਾਈ, ਲੋਕਾਂ ਦਾ ਉਥਾਨ ਹੋ ਸਕਦਾ ਹੈ, ਦੇਸ਼ ਖੁਸ਼ਹਾਲੀ ਪ੍ਰਾਪਤ ਕਰ ਸਕਦਾ ਹੈ। ਸਮਤਾ ਦੀ ਰੁਚੀ ਰਖਦੇ ਹੋਏ ਇਹ ਲੋਕ ਨਿਸੁਆਰਥ ਹੋ ਕੇ ਕੰਮ ਕਰਦੇ ਹਨ, ਜਨਤਾ ਦੀ ਭਲਾਈ ਲਈ ਬੜੇ ਉਤਸ਼ਾਹ ਨਾਲ ਕੰਮ ਕਰਦੇ ਹਨ। ਇਹ ਪਹੁੰਚੇ ਹੋਏ ਲੋਕ ਬੜੇ ਸਾਦੇ, ਸੰਤ ਸੁਭਾਅ ਤੇ ਦਿਆਲੂ ਹੁੰਦੇ ਹਨ, ਇਹ ਸਦਾ ਹੀ ਸਮਾਜ ਦੇ ਸੁਧਾਰ ਲਈ ਕੰਮ ਕਰਦੇ ਹਨ।

16. ਮੈਂ ਹੀ ਕ੍ਰਿਤ ਹਾਂ, ਮੈਂ ਹੀ ਯੱਗ ਹਾਂ, ਮੈਂ ਹੀ ਅਹੂਤੀ ਹਾਂ, ਮੈਂ ਹੀ ਔਸ਼ਧੀ ਹਾਂ, ਮੈਂ ਹੀ ਮੰਤਰ ਹਾਂ, ਮੈਂ ਹੀ ਘਿਓ ਹਾਂ, ਮੈਂ ਹੀ ਅਗਨੀ ਹਾਂ, ਮੈਂ ਹੀ ਹੋਮ ਹਾਂ।

17. ਮੈਂ ਹੀ ਜਗਤ ਪਿਤਾ ਹਾਂ, ਮਾਤਾ ਵੀ ਮੈਂ ਹਾਂ। ਧਾਰਨ ਕਰਨ ਵਾਲਾ ਮੈਂ ਹੀ ਹਾਂ, ਜਗਤ ਪਿਤਾ ਮੈਂ ਹੀ ਹਾਂ, ਪ੍ਰਾਪਤ ਕਰਨ ਯੋਗ ਮੈਂ ਹੀ ਹਾਂ, ਪਵਿੱਤਰ ਮੈਂ ਹੀ ਹਾਂ, ਓਅੰਕਾਰ, ਰਿਗ, ਸਾਮ ਤੇ ਯਜੁਰਵੇਦ ਮੈਂ ਹੀ ਹਾਂ।

18. ਮੈਂ ਹੀ ਗਤੀ ਹਾਂ, ਭਰਤਾ, ਸੁਆਮੀ, ਸਰਬਵਿਆਪਕ, ਸਭ ਦਾ ਨਿਵਾਸ ਸਥਾਨ, ਸਭ ਦਾ ਰਖਿਅਕ, ਸਭ ਨੂੰ ਪਿਆਰ ਕਰਨ ਵਾਲਾ, ਸਭ ਦਾ ਆਧਾਰ ਹਾਂ, ਸਭ ਦਾ ਅਵਿਨਾਸ਼ੀ ਬੀਜ ਮੈਂ ਹੀ ਹਾਂ।

19. ਹੇ ਅਰਜਨ! ਮੈਂ ਹੀ ਗਰਮੀ ਪੈਦਾ ਕਰਦਾ ਹਾਂ, ਮੈਂ ਹੀ ਜਲ ਵਰਸਾਉਂਦਾ ਹਾਂ, ਰੋਕਦਾ ਵੀ ਹਾਂ, ਮੈਂ ਹੀ ਅੰਮ੍ਰਿਤ ਹਾਂ, ਮੈਂ ਹੀ ਮ੍ਰਿਤੂ ਹਾਂ, ਸਤਿ, ਅਸਤਿ ਵੀ ਮੈਂ ਹੀ ਹਾਂ।

ਪ੍ਰਮਾਤਮਾ ਕਰਤਾ ਪੁਰਖ ਹੈ, ਅਕਾਲ ਮੂਰਤ ਹੈ, ਅਜੂਨੀ ਤੇ ਸੈਭੰ ਹੈ। ਜਦੋਂ ਕੁਝ ਨਹੀਂ ਸੀ ਉਸ ਸਮੇਂ ਵੀ ਉਹ ਸੀ, ਹੁਣ ਜਦੋਂ ਸਭ ਕੁਝ ਹੈ ਉਹ ਤਾਂ ਵੀ ਹੈ, ਜਦੋਂ ਕੁਝ ਨਹੀਂ ਹੋਵੇਗਾ ਉਹ ਤਾਂ ਵੀ ਹੋਵੇਗਾ। ਸੰਸਾਰ ਦਾ ਆਦਿ ਅੰਤ ਸਭ ਉਸ ਦੇ ਵਿਚ ਹੀ ਹੈ, ਉਹ ਆਪ ਹੀ ਨਾਸ਼ੀ ਤੇ ਅਵਿਨਾਸ਼ੀ ਹੈ, ਉਹ ਸਾਰੇ ਪਰੀਪੂਰਨ ਹੈ ਉਸ ਤੋਂ ਬਿਨਾਂ ਸੰਸਾਰ ਵਿਚ ਕੁਝ ਨਹੀਂ, ਉਹ ਹੀ ਸਭ ਕੁਝ ਹੈ।

ਜਦੋਂ ਕੋਈ ਰਸਮ ਕੀਤੀ ਜਾਂਦੀ ਹੈ ਤੇ ਬਲੀ ਦਿਤੀ ਜਾਂਦੀ ਹੈ, ਕੁਝ ਜੜੀਆਂ ਬੂਟੀਆਂ ਵੀ ਨਾਲ ਰੱਖੀਆਂ ਜਾਂਦੀਆਂ ਹਨ, ਮੰਤਰ ਪੜ੍ਹੇ ਜਾਂਦੇ ਹਨ, ਅਗਨੀ ਵਿਚ ਘਿਓ ਪਾਇਆ ਜਾਂਦਾ ਹੈ, ਵੱਖ-ਵੱਖ ਤਰੀਕੇ ਨਾਲ ਭੇਟਾ ਚੜ੍ਹਾਈ ਜਾਂਦੀ ਹੈ। ਬ੍ਰਹਮਾ ਦੀ ਪੂਜਾ ਕੀਤੀ ਜਾਂਦੀ ਹੈ, ਬੜੀ ਨਿਸ਼ਠਾ ਨਾਲ ਪੂਜਾ ਕੀਤੀ ਜਾਂਦੀ ਹੈ, ਚੜ੍ਹਾਵੇ ਚੜ੍ਹਾਏ ਜਾਂਦੇ ਹਨ, ਚੀਜ਼ਾਂ ਮਣਸੀਆਂ ਜਾਂਦੀਆਂ ਹਨ, ਜਿਹੜੇ ਮਣਸਦੇ ਹਨ ਉਹ ਸਾਰੇ ਬ੍ਰਹਮ ਹੀ ਹਨ। ਦੇਣ ਵਾਲੇ, ਭੋਗਣ ਵਾਲੇ, ਸਾਰੇ ਪਦਾਰਥ, ਖਾਣ ਵਾਲੇ ਸਾਰੇ ਹੀ ਬ੍ਰਹਮ ਹਨ। ਦੇਖਣ ਵਾਸਤੇ ਭਾਵੇਂ ਚੀਜ਼ਾਂ ਵੱਖ-ਵੱਖ ਲਗਦੀਆਂ ਹਨ, ਅਸਲ ਵਿਚ ਉਹ ਚੀਜ਼ਾਂ ਇਕ ਸਤਿ ਦੇ ਵੱਖ-ਵੱਖ ਰੂਪ ਹਨ ਜਿਵੇਂ ਸੋਨਾ ਤਾਂ ਇਕੋ ਹੀ ਹੁੰਦਾ ਹੈ ਪਰ ਉਸ ਦੇ ਗਹਿਣੇ ਵੱਖ-ਵੱਖ ਬਣਦੇ ਹਨ। ਸਿਧਾਂਤ ਇਕ ਹੈ ਕਿ ਪ੍ਰਮਾਤਮਾ ਵੱਖ-ਵੱਖ ਰੂਪ ਰੇਖਾ ਨਾਲ ਹਰ ਥਾਂ ਪਰੀਪੂਰਨ ਹੈ।

ਪ੍ਰਮਾਤਮਾ ਇਸ ਵਿਸ਼ਵ ਦਾ ਮਾਤਾ ਪਿਤਾ ਹੈ। ਇਹ ਸਾਰਾ ਬ੍ਰਹਿਮੰਡ ਉਸ ਨੇ ਹੀ ਸਾਜਿਆ ਹੈ, ਉਹ ਹੀ ਪਾਲਣਹਾਰ ਹੈ ਤੇ ਉਸੇ ਵਿਚ ਹੀ ਸਮਾਅ ਜਾਣਾ ਹੈ। ਸਭ ਤੋਂ ਵੱਡਾ ਪ੍ਰਮਾਤਮਾ ਹੈ, ਉਹ ਓਮ ਹੈ, ਸ਼ਬਦ ਹੈ, ਉਹ ਕਰਤਾ ਹੈ, ਵਾਕ ਹੈ। 'ਅਵਾਤੀ ਓਮ' ਤੋਂ ਭਾਵ ਹੈ ਜਿਹੜਾ ਪਾਲਦਾ ਹੈ, ਰੱਖਿਆ ਕਰਦਾ ਹੈ, ਉਹ 'ਓਮ' ਹੈ। ਕੇਵਲ ਪ੍ਰਮਾਤਮਾ ਹੀ ਰੱਖਿਆ ਕਰਦਾ ਹੈ, ਹੋਰ ਕੋਈ ਨਹੀਂ। ਚਾਰ ਵੇਦ - ਰਿਗਵੇਦ, ਸਾਮਵੇਦ, ਯਜੁਰਵੇਦ ਤੇ ਅਥਰਵੇਦ ਉਸ ਇਕ ਦੇ ਹੀ ਗੁਣ ਗਾਉਂਦੇ ਹਨ। ਉਹ ਵੀ ਪ੍ਰਮਾਤਮਾ ਦਾ ਹੀ ਇਕ ਰੂਪ ਹਨ, ਅਗਨੀ, ਸੂਰਜ, ਚੰਦਰਮਾ, ਤਾਰੇ, ਹਵਾ, ਪਾਣੀ, ਧਰਤੀ ਉਸ ਇਕ ਦਾ ਹੀ ਪ੍ਰਗਟਾਵਾ ਹਨ - ਉਸ ਇਕ ਸਤਿ ਦਾ। ਜਗਿਆਸੂ ਨੂੰ ਸਦਾ ਇਕ ਹੀ ਸਚਾਈ ਲਈ ਸੁਚੇਤ ਰਹਿਣਾ ਚਾਹੀਦਾ ਹੈ ਭਾਵੇਂ ਉਹ ਉਸ ਸਤਿ ਨੂੰ ਵੱਖ-ਵੱਖ ਰੂਪਾਂ ਵਿਚ ਦੇਖਦਾ ਹੈ, ਵੱਖ-ਵੱਖ ਨਾਵਾਂ ਨਾਲ ਜਾਣਦਾ ਹੈ। ਜਦੋਂ ਜਗਿਆਸੂ ਨੂੰ ਅਨੇਕ ਵਿਚ ਏਕਤਾ ਦਾ ਅਭਾਸ ਹੋ ਜਾਂਦਾ ਹੈ, ਉਸ ਨੂੰ ਸ਼ੁਧ ਆਤਮਾ, ਵਿਸ਼ਵ ਆਤਮਾ ਜੋ ਸਭ ਜਗ੍ਹਾ ਪਰੀਪੂਰਨ ਹੈ, ਉਸ ਦਾ ਪਤਾ ਲਗ ਜਾਂਦਾ ਹੈ। **L L L L L L**

# ਹੱਠ ਯੋਗ ਦਰਸ਼ਨ
# Philosophy of Hatha Yoga

***ਡਾ. ਸਵਾਮੀ ਵੇਦ ਭਾਰਤੀ ਜੀ***
***ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ***

*(ਲੜੀ ਜੋੜਨ ਲਈ ਦੇਖੋ, ਅਪ੍ਰੈਲ ਅੰਕ, ਪੰਨਾ - 61)*

## ਸਰੀਰ ਦੀ ਬੋਲੀ

ਪਤਾਂਜਲ ਦੇ ਯੋਗ ਸੂਤਰ ਵਿਚ ਤਿੰਨ ਬਹੁਤ ਹੀ ਮਹੱਤਵਪੂਰਨ ਗੱਲਾਂ ਹਨ ਜਿਹੜੀਆਂ ਅਸੀਂ ਪੜ੍ਹਾਂਗੇ। ਪਹਿਲਾ 11.46 ਸੂਤਰ ਹੈ 'ਸਥਿਰ ਸੂਖਮ ਆਸਨ' ਭਾਵ ਤੁਹਾਡਾ ਬੈਠਣ ਦਾ ਤਰੀਕਾ, ਆਸਨ ਸਥਿਤੀ ਸਥਿਰ ਤੇ ਆਰਾਮਦਾਇਕ ਹੋਣੀ ਚਾਹੀਦੀ ਹੈ। ਤੁਹਾਡੇ ਬੈਠਣ ਦਾ ਤਰੀਕਾ ਕੇਵਲ ਸਥਿਰ ਹੀ ਨਹੀਂ ਹੋਣਾ ਚਾਹੀਦਾ, ਸਥਿਰ ਅਤੇ ਆਰਾਮ ਦੇਹ ਵੀ ਹੋਣਾ ਚਾਹੀਦਾ ਹੈ। ਇਹ ਕਹਿਣਾ ਠੀਕ ਹੋਵੇਗਾ ਕਿ ਜਦੋਂ ਤੁਸੀਂ ਸਥਿਰ ਹੁੰਦੇ ਹੋ ਅਤੇ ਆਰਾਮ ਵਿਚ ਹੁੰਦੇ ਹੋ, ਉਦੋਂ ਆਸਨ (ਯੋਗ ਆਸਨ) ਸੰਪੂਰਨ ਹੁੰਦਾ ਹੈ। ਇਸ ਤੋਂ ਇਹ ਭਾਵ ਨਹੀਂ ਕਿ ਤੁਸੀਂ ਬੈਠਣ ਦਾ ਆਸਨ ਸਥਿਰ ਅਤੇ ਆਰਾਮਦੇਹ ਚੁਣੋ, ਉਸ ਤੋਂ ਇਹ ਭਾਵ ਹੋਣਾ ਚਾਹੀਦਾ ਹੈ ਕਿ ਜਦੋਂ ਤੁਸੀਂ ਇਕ ਤਰੀਕੇ ਨਾਲ, ਇਕ ਸਥਿਤੀ ਵਿਚ ਇਕ ਖਾਸ ਆਸਨ ਵਿਚ ਲੰਮੇ ਸਮੇਂ ਤਕ ਬੈਠਦੇ ਹੋ ਅਤੇ ਬਿਲਕੁਲ ਵੀ ਬੇਆਰਾਮ ਨਹੀਂ ਹੁੰਦੇ, ਕਿਸੇ ਕਿਸਮ ਦਾ ਔਖ ਮਹਿਸੂਸ ਨਹੀਂ ਕਰਦੇ, ਉਹ ਹੀ ਸੰਪੂਰਨ ਆਸਨ ਹੈ। ਤੁਸੀਂ ਇਕ ਸਥਿਰ ਤੇ ਆਰਾਮਦੇਹ ਢੰਗ ਨਾਲ ਬੈਠਦੇ ਹੋ, ਉਸ ਨੂੰ ਪਰਪੱਕ ਕਰਨ ਦੀ ਕੋਸ਼ਿਸ਼ ਕਰੋ, ਉਸ ਵਿਚ ਸਥਿਰ ਹੋਣ ਦੀ ਕੋਸ਼ਿਸ਼ ਕਰੋ ਅਤੇ ਇਸ ਤਰ੍ਹਾਂ ਕਰਨ ਨਾਲ ਬੇਆਰਾਮ ਨਹੀਂ ਹੋਵੋ।

ਦੂਸਰਾ ਸੂਤਰ ਜਿਹੜਾ ਅਸੀਂ ਪੜ੍ਹਾਂਗੇ, ਉਹ ਹੈ 11.47 'ਪਰਿਯਤਨ-ਸੈਥਲੀਅਨਤ-ਸਮਾਤੀਭਮ' ਭਾਵ 'ਬੈਠਣ ਦਾ ਤਰੀਕਾ ਪਰਪੱਕ ਕੀਤਾ ਜਾਂਦਾ ਹੈ, ਸਥਿਰ ਬਣਾਇਆ ਜਾਂਦਾ ਹੈ ਅਤੇ ਆਰਾਮਦਾਇਕ ਬਣਾਇਆ ਜਾਂਦਾ ਹੈ ਪਰ ਇਹ ਸਭ ਕੁਝ ਜ਼ਬਰਦਸਤੀ ਨਹੀਂ ਕੀਤਾ ਜਾਂਦਾ। ਸਹਿਜ ਵਿਚ ਹੋਣਾ ਚਾਹੀਦਾ ਹੈ, ਚੇਤਨਤਾ ਨੂੰ ਅਨੰਤ ਤੇ ਗੱਡ ਕੇ ਹੀ ਇਹ ਪ੍ਰਾਪਤ ਕੀਤਾ ਜਾ ਸਕਦਾ ਹੈ। ਸਵਾਮੀ ਰਾਮ ਨੇ ਦੋ ਤਰ੍ਹਾਂ ਦੇ ਆਸਨ ਦੱਸੇ ਹਨ, ਇਕ ਕੇਵਲ ਸਰੀਰਕ ਆਸਨ, ਦੂਸਰੇ ਸਿਮਰਨ ਭਜਨ ਕਰਨ ਦੇ ਆਸਨ। ਸੂਤਰ 11.47 ਸਿਮਰਨ ਕਰਨ, ਮੈਡੀਟੇਸ਼ਨ ਦੇ ਆਸਨ ਕਹੇ ਜਾ ਸਕਦੇ ਹਨ। ਸਰੀਰਕ ਆਸਨਾਂ ਵਿਚ ਵੀ ਮੈਡੀਟੇਸ਼ਨ ਤੋਂ ਬਿਨਾਂ ਸੰਪੂਰਨਤਾ ਹਾਸਲ ਨਹੀਂ ਕੀਤੀ ਜਾ ਸਕਦੀ। ਇਸ ਸੂਤਰ ਦੇ ਦੋ ਪੱਖ ਹਨ, ਇਕ ਹੈ ਅਨੰਤ ਸਮਾਪਤੀ ਭੂਅਮ, ਦੂਸਰਾ ਹੈ ਅਨੰਤਯ ਸਮਾਪਤੀ ਭੈਅਮ, ਅਸੀਂ ਦੋਨਾਂ ਨੂੰ ਹੀ ਦੇਖਾਂਗੇ।

ਇਕ ਪਾਸੇ ਹਠ ਨੂੰ ਬਲ, ਸ਼ਕਤੀ ਕਿਹਾ ਜਾਂਦਾ ਹੈ, ਪਰ ਜਦੋਂ ਹੀ ਬਲ ਨੂੰ ਛੱਡ ਕੇ ਆਰਾਮ ਨਾਲ, ਸਹਿਜ ਨਾਲ ਆਸਨ ਨੂੰ ਪਰਪੱਕ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਉਹ ਹੀ ਠੀਕ ਤਰੀਕਾ ਹੈ। ਸਾਡੀ ਕੋਸ਼ਿਸ਼, ਸਾਡੀ ਸਰੀਰਕ ਹਿਲਜੁਲ ਬੜੀ ਹੀ ਸਹਿਜ ਵਿਚ ਸੁਭਾਵਿਕ ਹੋਣੀ ਚਾਹੀਦੀ ਹਨ। ਹੱਠ ਸ਼ਬਦ ਵਿਚ 'ਹ' ਦਾ ਅਰਥ ਹੈ ਸੂਰਜ; 'ਠ' ਦਾ ਅਰਥ ਹੈ ਚੰਦ। ਇਨ੍ਹਾਂ ਦੇ ਨਾਲ ਜਦੋਂ ਅਸੀਂ ਸ੍ਵਾਸ ਲੈਂਦੇ ਹਾਂ, ਸਰੀਰ ਨੂੰ ਆਰਾਮ ਵਿਚ ਰਖਦੇ ਹਾਂ, ਮਨ ਨੂੰ ਸਹਿਜ ਵਿਚ ਰਖਦੇ ਹਾਂ, ਇਸ ਤਰ੍ਹਾਂ ਕਰਨ ਨਾਲ ਸਰੀਰ ਦੇ ਬੈਠਣ ਦਾ ਢੰਗ ਸੰਪੂਰਨ ਹੋ ਜਾਵੇਗਾ। ਜਦੋਂ ਮਨ, ਮਨ ਦਾ ਵਿਰੋਧ ਕਰਦਾ ਹੈ; ਸਰੀਰ ਸਰੀਰ ਦਾ ਵਿਰੋਧ ਕਰਦਾ ਹੈ, ਇਸ ਤਰ੍ਹਾਂ ਕਰਨ ਨਾਲ ਯੋਗ ਆਸਨ ਪਰਪੱਕ ਨਹੀਂ ਹੋ ਸਕਦੇ, ਤੁਸੀਂ ਉਨ੍ਹਾਂ ਵਿਚ ਸੰਪੰਨ ਨਹੀਂ ਹੋ ਸਕਦੇ। ਮਨ ਨੂੰ ਸ਼ਾਂਤ ਰਹਿਣਾ ਚਾਹੀਦਾ ਹੈ। ਜਿਹੜੀ ਕੋਸ਼ਿਸ਼ ਤੁਸੀਂ ਕਰੋ ਉਹ ਵੀ ਸਹਿਜ ਵਿਚ ਹੀ ਹੋਣੀ ਚਾਹੀਦੀ ਹੈ, ਬਹੁਤ ਹੀ ਸੁਭਾਵਿਕ ਤਰੀਕੇ ਨਾਲ ਬੜੀ ਹੀ ਤਾਲ ਵਿਚ, ਇਕ ਸੁਰ ਹੋਣੀ ਚਾਹੀਦੀ ਹੈ। ਇਸ ਤਰ੍ਹਾਂ ਕਰਨ ਨਾਲ ਹੀ ਆਸਨ ਸੌਖੀ ਤਰ੍ਹਾਂ ਪਰਪੱਕ ਹੋ ਸਕਣਗੇ।

ਆਸਨਾਂ ਨੂੰ ਪਰਪੱਕ ਕਰਨ ਦਾ ਇਕ ਰਾਜ਼ ਹੈ ਕਿ ਉਨ੍ਹਾਂ ਨੂੰ ਮਨ ਵਿਚ ਬਾਰ-ਬਾਰ ਦੁਹਰਾਇਆ ਜਾਵੇ, ਮਨ ਵਿਚ ਬਾਰ-ਬਾਰ ਕੀਤੇ ਜਾਣ, ਸੋਚ ਨਾਲ ਕਰੋ। ਇਸ ਤਰ੍ਹਾਂ ਕਰਨਾ ਤੁਹਾਨੂੰ ਅਸੀਂ ਪਹਿਲੇ ਅਧਿਆਇ ਵਿਚ ਦਸ ਆਏ ਹਾਂ। ਹਰੇਕ ਆਸਨ ਨੂੰ ਮਨ ਨਾਲ ਕਰੋ, ਬਿਲਕੁਲ ਉਸ ਤਰ੍ਹਾਂ ਕਰੋ ਜਿਵੇਂ ਸਚਮੁੱਚ ਤੁਸੀਂ ਕਰ ਰਹੇ ਹੋਵੋ, ਧਿਆਨ ਨਾਲ ਦੇਖੋ, ਧਿਆਨ ਕਰੋ, ਕਿਵੇਂ ਕਰ ਰਹੇ ਹੋ, ਇਹ ਸਭ ਤੋਂ ਪਹਿਲਾਂ ਕਰਨ ਦੀ ਗੱਲ ਹੈ।

ਹੱਠ ਯੋਗ ਦੇ ਅਧਿਆਪਕ ਨੂੰ ਕਲਾਸ ਨਾਲ ਕੁਝ ਸਮਾਂ ਮਾਨਸਿਕ ਤੌਰ ਤੇ ਆਸਨ ਕਰਕੇ ਦੀ ਬਿਤਾਉਣਾ ਚਾਹੀਦਾ ਹੈ, ਵਾਸਤਵ ਵਿਚ ਆਸਨ ਦੀ ਕਲਾਸ ਲੈਣ ਤੋਂ ਪਹਿਲਾਂ ਅਧਿਆਪਕ ਨੂੰ ਆਸਨਾਂ ਬਾਰੇ ਦਸਣਾ ਚਾਹੀਦਾ ਹੈ ਜਦੋਂ ਕਿ ਵਿਦਿਆਰਥੀ ਆਪਣੇ ਸਰੀਰ ਨੂੰ ਆਰਾਮ ਦੇ ਰਹੇ ਹੋਣ, ਨਿਸਲ ਕਰ ਰਹੇ ਹੋਣ ਤੇ ਉਨ੍ਹਾਂ ਦਾ ਮਨ ਪੂਰੀ ਤਰ੍ਹਾਂ ਨਿਸਲ ਹੋਵੇ। ਪਹਿਲਾਂ ਉਨ੍ਹਾਂ ਨੂੰ ਦੇਖਣਾ ਚਾਹੀਦਾ ਹੈ, ਫੇਰ ਹਰੇਕ ਢੰਗ ਨੂੰ, ਹਰਕਤ ਨੂੰ, ਸਰੀਰ ਦੀ ਹਰੇਕ ਹਿਲਜੁਲ ਨੂੰ ਕਲਪਨਾ ਨਾਲ ਦੇਖਣਾ ਚਾਹੀਦਾ ਹੈ। ਸਰੀਰ ਦੀ ਹਰੇਕ ਹਿਲਜੁਲ ਨੂੰ ਸਮਝਣਾ ਚਾਹੀਦਾ ਹੈ, ਕੇਵਲ ਖਾਸ ਤਰੀਕੇ ਹੀ ਨਹੀਂ, ਸਰੀਰ ਦੀ ਹਰ ਇਕ ਹਿਲਜੁਲ, ਸਰੀਰ ਦਾ ਹਰ ਇਕ ਮੋੜ ਕਿਸ ਤਰ੍ਹਾਂ ਸੁਚੱਜੀ ਤਰ੍ਹਾਂ ਤੁਸੀਂ ਹਰ ਇਕ ਆਸਨ ਕਰ ਸਕਦੇ ਹੋ। ਜਿਹੜੇ ਹਾਲੇ ਸ਼ੁਰੂ ਕਰ ਰਹੇ ਹੋਣ, ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਸੋਹਣੇ ਸੁਚੱਜੇ ਢੰਗ ਨਾਲ ਸਰੀਰ ਦੇ ਸੁਭਾਵਿਕ ਮੋੜਾਂ ਦੀ ਜਾਂਚ ਕਰਨ ਜਿਸ ਨਾਲ ਉਨ੍ਹਾਂ ਦੇ ਆਸਨ ਸੌਖੇ ਹੋ ਜਾਣ। ਉਨ੍ਹਾਂ ਨੂੰ ਇਹ ਸਭ ਕੁਝ ਮਾਨਸਿਕ ਤੌਰ ਤੇ ਕਰਨਾ ਚਾਹੀਦਾ ਹੈ। ਉਨ੍ਹਾਂ ਨੂੰ ਦਸਣਾ ਚਾਹੀਦਾ ਹੈ ਕਿ ਇਹ ਸਭ ਕੁਝ ਜਿਹੜਾ ਉਨ੍ਹਾਂ ਨੇ

ਮਾਨਸਿਕ ਤੌਰ ਤੇ ਕੀਤਾ ਹੈ, ਉਹ ਸਰੀਰ ਨਾਲ ਕਰਨ। ਅੰਤ ਵਿਚ ਜਦੋਂ ਉਹ ਮਾਨਸਿਕ ਪੱਖੋਂ ਆਸਨ ਕਰਨਗੇ ਹੌਲੀ ਹੌਲੀ ਉਨ੍ਹਾਂ ਦੇ ਆਸਨ ਸਹਿਜ ਸੁਭਾਅ ਹੁੰਦੇ ਜਾਣਗੇ। ਜਿਵੇਂ-ਜਿਵੇਂ ਉਹ ਮਾਨਸਿਕ ਪੱਖੋਂ ਸਹਿਜ ਆਸਨ ਕਰਦੇ ਚਲੇ ਜਾਣਗੇ ਤੇ ਹੌਲੀ ਹੌਲੀ ਸਰੀਰਕ ਤਨਾਓ, ਸਰੀਰਕ ਖਿੱਚ ਵੀ ਖਤਮ ਹੁੰਦੀ ਚਲੀ ਜਾਵੇਗੀ ਤੇ ਆਸਨ ਅਤਿ ਸਥਿਰ ਤੇ ਆਰਾਮ ਦੇਹ ਹੋ ਜਾਣਗੇ, ਇਹ ਹੀ 'ਪਰਯਤਨ ਸ਼ੈਥਲੀ' ਹੈ।

ਇਸ ਸੂਤਰ ਦਾ ਦੂਸਰਾ ਭਾਗ ਹੈ 'ਅਨੰਤ ਸਮਾਪਤ ਭਮ' ਮਨ ਨੂੰ ਉਸ ਅਨੰਤ ਤੇ ਲਗਾਉਣਾ, ਪ੍ਰਭੂ ਤੇ ਲਗਾਉਣਾ। ਅਨੰਤ ਸ਼ਬਦ ਦੇ ਅਰਥ ਵੀ ਦੋ ਹਨ। ਇਕ ਅਰਥ ਹੈ ਜਿਹੜੀ ਸਾਡੇ ਸਰੀਰ ਦੀ ਇਕ ਸੀਮਾ ਹੈ, ਅਸੀਂ ਇਕ ਸੀਮਾ ਵਿਚ ਹਾਂ, ਅਸੀਂ ਇਕ ਸਥਾਨ ਤੇ ਹਾਂ, ਇਕ ਸਮੇਂ ਵਿਚ ਹਾਂ, ਸਾਡਾ ਸਰੀਰ ਇਕ ਪੰਜ ਭੂਤਕ ਸਰੀਰ ਹੈ ਇਸ ਨੂੰ ਇਸ ਤਰ੍ਹਾਂ ਦੇਖਣ ਦੀ ਕੋਸ਼ਿਸ਼ ਕਰੋ, ਸਰੀਰ ਭਾਰਾ ਹੈ, ਇਸ ਵਿਚ ਖਿੱਚ ਹੈ, ਇਸ ਖਿੱਚ ਗੁਰੂਤਾ ਕਰਕੇ ਹੀ ਇਸ ਵਿਚ ਅਕੜਾਅ ਹੈ। ਜਦੋਂ ਮਨ ਨੂੰ ਸਮੇਂ ਤੋਂ, ਪੁਲਾੜ ਤੋਂ, ਕਾਰਣ ਤੋਂ ਬਾਹਰ ਲੈ ਜਾਂਦੇ ਹਾਂ, ਉਸ ਸਮੇਂ ਸਾਰਾ ਵਿਅਕਤੀਤ੍ਵ ਅਨੰਤ ਦਾ ਹੀ ਭਾਗ ਬਣ ਜਾਂਦਾ ਹੈ। ਜੋ ਕੁਝ ਇਸ ਸਮੇਂ, ਪੁਲਾੜ ਕਾਰਣ ਕਰਕੇ ਨਹੀਂ ਹੋ ਸਕਦਾ, ਉਹ ਅਨੰਤ ਦਾ ਭਾਗ ਬਣ ਕੇ ਸਹਿਜ ਹੀ ਦਿਸਣ ਲਗ ਪੈਂਦਾ ਹੈ।

ਇਸ ਸਮੇਂ ਇਹ ਥੋੜ੍ਹਾ ਔਖਾ ਲਗਦਾ ਹੈ ਕਿ ਉਹ ਸਾਧਕ ਜਿਹੜਾ ਹਾਲੇ ਯੋਗ ਸਿਖਣਾ ਸ਼ੁਰੂ ਕਰ ਰਿਹਾ ਹੈ, ਯੋਗ ਦਾ ਅਭਿਆਸ ਸ਼ੁਰੂ ਕਰ ਰਿਹਾ ਹੈ, ਉਹ ਇਸ ਗੱਲ ਦੀ ਇੱਛਾ ਕਰ ਸਕਦਾ ਹੈ ਕਿ ਉਸ ਦਾ ਮਨ ਅਨੰਤ ਨਾਲ ਜੁੜ ਸਕਦਾ ਹੈ ਅਤੇ ਸਰੀਰ ਆਸਨ ਕਰਨ ਵਿਚ ਸੰਪੂਰਨ ਹੋ ਜਾਵੇਗਾ, ਇਹ ਕੋਈ ਔਖਾ ਨਹੀਂ। ਇਸ ਤਰ੍ਹਾਂ ਲਗਦਾ ਹੈ ਕਿ ਸਾਧਨਾ ਦੇ ਤਰੀਕੇ ਨਾਲ ਸਾਧਨਾ ਤਕ ਪਹੁੰਚ ਕੇ ਕੇਵਲ ਸਾਧਨਾ ਹੀ ਰਹਿ ਜਾਂਦੀ ਹੈ ਸਾਧਨ ਹੀ ਮੰਤਵ ਬਣ ਜਾਂਦਾ ਹੈ। ਸਮਾਧੀ ਤੋਂ ਭਾਵ ਹੈ ਪੂਰਨ ਇਕਾਗਰਤਾ। ਉਸ ਪੂਰਨ ਅਨੰਤ ਤੇ ਪੂਰੀ ਤਰ੍ਹਾਂ ਇਕਾਗਰ ਹੋਣਾ, ਇਹ ਯੋਗ ਆਸਨ, ਮਨ ਇਕਾਗਰ ਕਰਨ ਦੇ ਸਾਧਨ ਹਨ। ਯੋਗ ਆਸਨ ਵਿਚ ਤੀਸਰਾ ਤਰੀਕਾ ਹੈ ਅਸ਼ਟਾਂਗ ਯੋਗ ਰਾਹੀਂ ਸਰੀਰ ਦੇ ਅੰਗਾਂ ਨੂੰ ਮਨ ਰਾਹੀਂ ਉਸ ਅਨੰਤ ਤੇ ਇਕਾਗਰ ਕਰਕੇ ਚੇਤਨਤਾ ਜਗਾਉਣੀ। ਜੇ ਅਸੀਂ ਸੂਤਰ ਦੀ ਇਹ ਸਾਰ ਕੱਢੀਏ ਤਾਂ ਵਾਸਤਵ ਵਿਚ ਸੂਤਰ ਇਹ ਕਹਿੰਦਾ ਹੈ ਕਿ ਜੇ ਅਸੀਂ ਪ੍ਰਮਾਤਮਾ ਤਕ ਪਹੁੰਚਦੇ ਹਾਂ ਤਾਂ ਸਰੀਰ ਦੇ ਸਾਰੇ ਅੰਗ ਆਪੇ ਹੀ ਸੰਪੂਰਨ ਹੋ ਜਾਂਦੇ ਹਨ। ਆਸੀਸੀ ਦੇ ਸੰਤ ਫਰਾਂਸਿਸ ਨੂੰ ਕਿਸ ਨੇ ਯੋਗ ਸਿਖਾਇਆ? ਉਨ੍ਹਾਂ ਦਾ ਮਨ ਇਕ ਨਾਲ ਅਨੰਤ ਜੁੜਿਆ ਹੋਇਆ ਸੀ ਤੇ ਇਹ ਆਸਨ ਉਨ੍ਹਾਂ ਨੇ ਬਿਨਾਂ ਬਹੁਤ ਕੋਸ਼ਿਸ਼ ਦੇ ਕੀਤੇ।

ਕੁਝ ਅਧਿਆਤਮਕ ਪੱਖ ਦੇ ਲੋਕੀ ਇਸ ਦੁਬਿਧਾ ਵਿਚ ਹਨ ਕਿ ਕੀ ਕਰਾਮਾਤਾਂ ਰਿਧੀਆਂ ਸਿਧੀਆਂ ਕ੍ਰਿਪਾ ਹਨ ਜਾਂ ਉਹ ਅਤਿ ਮਿਹਨਤ ਨਾਲ ਕਮਾਈਆਂ ਜਾਂਦੀਆਂ ਹਨ? ਈਸਾਈ ਪਰੰਪਰਾ ਵਿਚ ਕਿਹਾ ਜਾਂਦਾ ਹੈ ਕਿ ਬਿਮਾਰਾਂ ਨੂੰ ਠੀਕ ਕਰਨਾ, ਭੂਤ ਪ੍ਰੇਤਾਂ ਨੂੰ ਕੱਢਣਾ, ਕਿਸੇ ਰੂਹ ਦਾ ਕਿਸੇ ਵਿਚ ਆ ਕੇ ਬੋਲਣਾ, ਇਹ ਸਭ ਕ੍ਰਿਪਾ ਹਨ, ਸੁਤੇ ਸਿੱਧ ਪ੍ਰਾਪਤ ਹੁੰਦੀਆਂ ਹਨ, ਇਹ ਮਿਹਨਤ ਵਿਚ ਨਹੀਂ ਆਉਂਦੀਆਂ, ਇਹ ਇਕ ਬਹੁਤ ਹੀ ਰੌਚਕ ਵਿਸ਼ਾ ਹੈ। ਇਹ ਕੇਵਲ ਈਸਾਈ ਮਤ ਤਕ ਹੀ ਸੀਮਤ ਨਹੀਂ ਹੈ, ਮਿਹਰ, ਕਰਮ, ਸਾਡੀ ਮਿਹਨਤ, ਪ੍ਰਭੂ ਕ੍ਰਿਪਾ ਇਹ ਪ੍ਰੈਕਟੀਕਲ ਪਰਾਭੌਤਕ ਵਿਸ਼ਾ ਹੈ।

ਯੋਗੀ ਜਦੋਂ ਸਿੱਧੀਆਂ ਦੀ ਗੱਲ ਕਰਦੇ ਹਨ ਤੇ ਸਿੱਧੀ ਪ੍ਰਾਪਤੀ ਦੀ ਗੱਲ ਕਰਦੇ ਹਨ ਤਾਂ ਪਹਿਲਾਂ ਤੁਸੀਂ ਉਸ ਦੀ ਪ੍ਰਾਪਤੀ ਦੀ ਗੱਲ ਕਰਦੇ ਹੋ। ਮੇਰੇ ਕੋਲ ਇਹ ਪ੍ਰਸਾਦ ਕਿਉਂ ਨਹੀਂ ਹੈ? ਮਿਸਾਲ ਵਜੋਂ ਮੈਂ ਉਠ ਕੇ ਇਹ ਕਿਉਂ ਨਹੀਂ ਕਹਿ ਸਕਦਾ ਕਿ ਸ਼ੇਰ ਭਾਈ ਤੂੰ ਮੇਰਾ ਵੀਰ ਹੈਂ ਤੂੰ ਮੈਨੂੰ ਦੰਦ ਨਾ ਮਾਰੀਂ ਤੇ ਮੈਂ ਸ਼ੇਰ ਦੀ ਆਵਾਜ਼ ਕਿਉਂ ਨਹੀਂ ਸੁਣ ਸਕਦਾ? ਸ਼ੇਰ ਕਹਿ ਰਿਹਾ ਹੈ, "ਅੱਛਾ ਵੀਰ ਮੈਂ ਤੈਨੂੰ ਦੰਦ ਨਹੀਂ ਮਾਰਾਂਗਾ।" ਪ੍ਰਭੂ ਐਨਾ ਪੱਖਪਾਤੀ ਕਿਉਂ ਹੈ ਕਿ ਉਸ ਨੇ ਇਹ ਸ਼ਕਤੀ ਸੰਤ ਫਰਾਂਸਿਸ ਨੂੰ ਦਿਤੀ ਹੈ ਮੈਨੂੰ ਨਹੀਂ। ਇਸ ਦਾ ਜਵਾਬ ਈਸਾਈ, ਹਿੰਦੂ, ਜਾਪਾਨੀ ਇਹ ਦੇਣਗੇ ਕਿ ਸਾਡੇ ਤੇ ਮਿਹਰ ਤਾਂ ਹੀ ਹੁੰਦੀ ਹੈ, ਜਦੋਂ ਅਸੀਂ ਉਸ ਦੇ ਅਧਿਕਾਰੀ ਬਣ ਜਾਂਦੇ ਹਾਂ, ਜਦੋਂ ਸਾਡਾ ਭਾਂਡਾ ਸਾਫ ਹੋ ਜਾਂਦਾ ਹੈ, ਸਾਗਰ ਨੂੰ ਤਾਂ ਡੱਬੀ ਵਿਚ ਬੰਦ ਨਹੀਂ ਕੀਤਾ ਜਾ ਸਕਦਾ। ਮਨ ਵਿਸ਼ਾਲ ਕਰਨਾ ਪਵੇਗਾ, ਅਰਦਾਸਾਂ ਕਰਕੇ, ਲੋਚਾ ਰੱਖ ਕੇ ਆਪਣੇ ਆਪ ਨੂੰ ਅੰਦਰੋਂ ਪਵਿੱਤਰ, ਹੋਰ ਪਵਿੱਤਰ ਕਰਕੇ, ਅਨੁਸ਼ਾਸ਼ਨ ਲਿਆ ਕੇ, ਇਕਾਗਰਤਾ ਲਿਆ ਕੇ।

ਇਹ ਸਾਰੀ ਕੋਸ਼ਿਸ਼, ਸਾਰੇ ਉਪਰਾਲੇ ਸਿੱਧੀ ਪ੍ਰਾਪਤ ਕਰਨ ਲਈ ਨਹੀਂ ਹਨ, ਦਾਤ ਲੈਣ ਲਈ ਨਹੀਂ। ਬਖਸ਼ਿਸ਼ ਤਾਂ ਸਦਾ ਤੁਹਾਡੇ ਨਾਲ ਹੈ, ਵਾਹਿਗੁਰੂ ਤਾਂ ਸਭ ਥਾਂ ਪਰੀਪੂਰਨ ਹੈ, ਹਰੇਕ ਲਈ ਉਹ ਇਕ ਹੀ ਹੈ, ਹਰ ਕੋਈ ਉਸ ਨੂੰ ਅਰਦਾਸ ਕਰ ਸਕਦਾ ਹੈ, ਉਹ ਸਭ ਦੀ ਸੁਣਦਾ ਹੈ। ਜਤਨ ਤਾਂ ਆਪਣੇ ਆਪ ਨੂੰ ਸਾਫ ਕਰਨ ਦੇ ਹਨ, ਪਵਿੱਤਰ ਕਰਨ ਦੇ ਹਨ, ਉਦੋਂ ਤਕ ਸਾਫ ਕਰੋ ਜਦੋਂ ਤਕ ਅਸੀਂ ਕ੍ਰਿਪਾ ਦੇ, ਮਿਹਰ ਦੇ ਪਾਤਰ ਨਾ ਬਣ ਜਾਈਏ। ਸਵਾਮੀ ਰਾਮ ਕਹਿੰਦੇ ਸਨ ਕਿ ਬਖਸ਼ਿਸ਼ ਤਾਂ ਸੁਤੇ ਹੀ ਆ ਜਾਂਦੀ ਹੈ, ਜਦੋਂ ਭਾਂਡਾ ਸਾਫ ਹੋ ਜਾਂਦਾ ਹੈ। ਜਦੋਂ ਤਕ ਆਪ ਸਾਫ ਨਹੀਂ ਹੁੰਦਾ, ਬਖਸ਼ਿਸ਼ਾਂ ਤਾਂ ਹੁੰਦੀਆਂ ਹਨ, ਸਾਡਾ ਆਪਣਾ ਭਾਂਡਾ ਹੀ ਛੋਟਾ ਹੈ ਤੇ ਬਖਸ਼ਿਸ਼ਾਂ ਅਸੀਂ ਲੈਣ ਦੇ ਕਾਬਲ ਨਹੀਂ ਹਾਂ।

ਇਹ ਹੀ ਸਹਿਜ ਸਮਾਧ ਲਈ ਕਿਹਾ ਜਾ ਸਕਦਾ ਹੈ, ਸੰਤ ਪਾਲ ਦੀ ਮਿਸਾਲ ਹੀ ਲੈ ਲਓ। ਉਹ ਈਸਾ ਜੀ ਦਾ ਸਭ ਤੋਂ ਵੱਡਾ ਦੁਸ਼ਮਨ ਸੀ। ਤੁਸੀਂ ਦੇਖੋਗੇ ਕਿ ਉਨ੍ਹਾਂ ਦੀਆਂ ਅੱਖਾਂ ਬੰਦ ਹੋ ਰਹੀਆਂ ਹਨ, ਬਿਜਲੀ ਚਮਕਦੀ ਹੈ ਤੇ ਉਹ ਤਿੰਨ ਦਿਨ ਅੱਖਾਂ ਨਹੀਂ ਖੋਲ੍ਹ ਸਕਦੇ। ਆਮ ਤੌਰ ਤੇ ਅਸੀਂ ਅੱਖਾਂ ਬੰਦ ਕਰਨੀਆਂ ਲੋਕਾਂ ਨੂੰ ਸਿਖਾਉਂਦੇ ਹਾਂ ਪਰ ਕੁਝ ਲੋਕ ਇਹੋ ਜਿਹੇ ਸੁਭਾਗੇ ਹੁੰਦੇ ਹਨ ਜਿਹੜੇ ਪਹਿਲਾਂ ਤੋਂ ਹੀ ਅੱਖਾਂ ਬੰਦ ਕਰਨੀਆਂ ਜਾਣਦੇ ਹਨ। ਜਦੋਂ ਚਾਨਣ ਪੈਂਦਾ ਹੈ, ਅੱਖਾਂ ਚੁੰਧਿਆ ਹੀ ਜਾਂਦੀਆਂ ਹਨ। ਸੰਤ ਪਾਲ ਦੀ ਈਸਾ ਜੀ ਨਾਲ ਦੁਸ਼ਮਨੀ ਇਸ ਤਰ੍ਹਾਂ ਸੀ ਜਿਵੇਂ ਮੋਮਬੱਤੀ ਬੁਝਣ ਲਗਦੀ ਹੈ ਤਾਂ ਉਹ ਵੱਧ ਚਾਨਣ ਦਿੰਦੀ ਹੈ, ਬਿਲਕੁਲ ਇਸ ਤਰ੍ਹਾਂ ਹੀ ਸਾਡੇ ਨਖਿੱਧ ਸੰਸਕਾਰ ਨਿਕਲਣ ਲੱਗਿਆਂ, ਇਸ ਤਰ੍ਹਾਂ ਹੀ ਪੂਰੇ ਜ਼ੋਰ ਨਾਲ ਨਿਕਲਦੇ ਹਨ। ਜਿਵੇਂ ਹੀ ਸੰਤ ਪਾਲ ਦੇ ਨਖਿੱਧ

ਸੰਸਕਾਰਾਂ ਦਾ ਆਖਰੀ ਲੱਛਣ ਖਤਮ ਹੋਇਆ, ਉਹ ਆਪਣੀ ਰੱਬੀ ਮਿਹਰ ਵਿਚ ਨਿਰਾਕਾਰ ਰੂਪ ਵਿਚ ਆਏ। ਇਹੋ ਜਿਹੀ ਘਟਨਾ ਉਨ੍ਹਾਂ ਨਾਲ ਹੀ ਹੁੰਦੀ ਹੈ ਜਿਹੜਾ ਬੜੀ ਦੇਰ ਤੋਂ ਅਭਿਆਸ ਕਰ ਰਿਹਾ ਹੋਵੇ, ਉਨ੍ਹਾਂ ਨਾਲ ਸੁਤੇ ਹੀ ਇਹ ਵਾਪਰਦਾ ਹੈ। ਇਹ ਸਭ ਕੁਝ ਬਿਲਕੁਲ ਉਸ ਤਰ੍ਹਾਂ ਹੀ ਹੈ ਜਿਵੇਂ ਮਾਤ ਗਰਭ ਵਿਚ ਬੱਚੇ ਨਾਲ ਹੁੰਦਾ ਹੈ। ਮਾਤ ਗਰਭ ਵਿਚ ਬੱਚਾ ਨੌਂ ਮਹੀਨੇ ਉਨ੍ਹਾਂ ਸਾਰਿਆਂ ਪੱਧਰਾਂ ਤੋਂ ਲੰਘਦਾ ਹੈ ਜਿਹੜੇ ਨੌਂ ਮਿਲੀਅਨ ਜਾਂ ਨੱਬੇ ਮਿਲੀਅਨ ਸਾਲਾਂ ਤੋਂ ਮਨੁੱਖੀ ਜੀਵਨ ਲੰਘਿਆ ਹੋਵੇ, ਤੁਸੀਂ ਮੁੜ ਕੇ ਦੇਖਦੇ ਹੋ, ਤੁਸੀਂ ਕਿਥੋਂ ਆਏ ਹੋ? ਬਿਲਕੁਲ ਇਸ ਤਰ੍ਹਾਂ ਹੀ ਧਿਆਨ ਵਿਚ ਬੈਠ ਕੇ ਮੈਡੀਟੇਸ਼ਨ ਕਰਦਿਆਂ ਹੁੰਦਾ ਹੈ, ਜੋ ਕੁਝ ਵੀ ਪਿਛਲੇ ਜੀਵਨ ਵਿਚ ਕਰਕੇ ਆਏ ਹੁੰਦੇ ਹਾਂ, ਵਰਤਮਾਨ ਜੀਵਨ ਵਿਚ ਮੁੱਢ ਤੋਂ ਸ਼ੁਰੂ ਕਰ ਦਿੰਦੇ ਹਾਂ। ਜਿਸ ਪੱਧਰ ਤੇ ਪਿਛਲੇ ਦਸ ਜਨਮਾਂ ਵਿਚ ਪਹੁੰਚਦੇ ਹਾਂ, ਤੁਸੀਂ ਉਸ ਨੂੰ ਦਸ ਮਹੀਨੇ ਵਿਚ ਕਰ ਲੈਂਦੇ ਹੋ ਕਿਉਂਕਿ ਤੁਸੀਂ ਪਿਛਲੇ ਜਨਮ ਵਿਚ ਕਰਕੇ ਆਏ ਹੋ। ਲੋਕੀ ਸੋਚਦੇ ਹਨ ਕਿ ਤੁਸੀਂ ਬਹੁਤ ਹੀ ਛੇਤੀਂ ਤਰੱਕੀ ਕਰ ਰਹੇ ਹੋ; ਤੁਸੀਂ ਗੁਣਵਾਨ ਹੋ, ਤੁਹਾਡੇ ਤੇ ਬਖਸ਼ਿਸ਼ ਹੈ।

ਜਦੋਂ ਆਤਮਾ ਇਕ ਪੱਧਰ ਉਤੇ ਪਹੁੰਚ ਜਾਂਦੀ ਹੈ, ਉਹ 'ਸਕਾਦਿਗਮ ਬੋਧਿਤਅਸਤਵ' ਬਣ ਜਾਂਦੀ ਹੈ ਭਾਵ ਇਕ ਸੰਭਾਵਕ ਬੁੱਧ ਬਣ ਜਾਂਦੀ ਹੈ ਜੋ ਫੇਰ ਕੇਵਲ ਸੰਪੂਰਨ ਹੋਣ ਲਈ ਹੀ ਆਉਂਦੀ ਹੈ ਜਾਂ ਕਹਿ ਲਵੋ ਅਗੰਮੀ ਬੋਧੀ ਸਾਤਵ ਬਣਨ ਲਈ ਆਉਂਦੀ ਹੈ, ਫੇਰ ਉਹ ਨਹੀਂ ਆਏਗੀ। ਜੇ ਆਉਂਦੀ ਹੈ ਤਾਂ ਕੇਵਲ ਅਵਤਾਰ ਧਾਰ ਕੇ ਹੀ ਉਹ ਆਤਮਾ ਆਉਂਦੀ ਹੈ। ਇਸ ਹਾਲਤ ਵਿਚ ਉਹ ਸਾਰੇ ਤਿਆਗ ਦੇ ਅਭਿਆਸ ਅਨੁਭਵ ਕਰਕੇ ਆਤਮ ਸਿੱਧੀ ਨੂੰ ਪ੍ਰਾਪਤ ਕਰ ਲੈਂਦਾ ਹੈ। ਇਸ ਤਰ੍ਹਾਂ ਹੀ ਜੇ ਕੋਈ ਸਾਧਕ ਆ ਕੇ ਪਹਿਲੇ ਦਿਨ ਯੋਗ ਦੀ ਕਲਾਸ ਵਿਚ ਬੈਠਦਾ ਹੈ ਤਾਂ ਗੁਰੂ ਦੇਖ ਲੈਂਦਾ ਹੈ। ਸਾਧਕ ਦਸਦਾ ਹੈ ਕਿ ਮੈਨੂੰ ਤਾਂ ਆਪਣੇ ਚਾਰੋਂ ਪਾਸੇ ਸ਼ਕਤੀ ਹੀ ਸ਼ਕਤੀ ਦਿਸਦੀ ਹੈ। ਮੈਨੂੰ ਲਗਦਾ ਹੈ ਮੈਂ ਸ਼ਕਤੀ ਵਿਚ ਲਪੇਟਿਆ ਪਿਆ ਹਾਂ। ਅਧਿਆਪਕ ਜਦੋਂ ਇਹੋ ਜਿਹਾ ਸਾਧਕ ਦੇਖਦਾ ਹੈ ਉਹ ਬਹੁਤ ਉਤੇਜਿਤ ਹੋ ਉਠਦਾ ਹੈ ਕਿਉਂਕਿ ਉਹ ਦੇਖ ਲੈਂਦਾ ਹੈ ਕਿ ਇਸ ਸਾਧਕ ਨੇ ਪਹਿਲਾਂ ਅਭਿਆਸ ਕੀਤਾ ਹੋਇਆ ਹੈ।

ਜਦੋਂ ਤੁਸੀਂ ਆਪਣੇ ਆਪ ਨੂੰ ਵਿਸ਼ਵ ਚੇਤਨਾ ਵਿਚ, ਅਨੰਤ ਵਿਚ ਆਪਣੇ ਆਪ ਨੂੰ ਲੈ ਜਾਣ ਦੀ ਕੋਸ਼ਿਸ਼ ਕਰਦੇ ਹੋ ਤਾਂ ਯੋਗ ਆਸਨ ਸੰਪੂਰਨ ਹੋਣ ਲਗ ਪੈਂਦੇ ਹਨ ਕਿਉਂਕਿ ਅਨੰਤ ਹੀ ਕੇਵਲ ਪੂਰਾ ਹੈ। ਤੁਹਾਡੇ ਵਿਅਕਤੀਤ੍ਵ ਸ਼ਖਸ਼ੀਅਤ ਦੀ ਸਥਿਰਤਾ ਹੀ ਤੁਹਾਡਾ ਮੰਤਵ ਹੈ। ਕੈਵਲਯ (Kaivalya) ਯੋਗ ਸੂਤਰ ਦੇ ਆਖਰੀ ਅਧਿਆਇ ਵਿਚ ਦੱਸਿਆ ਹੈ ਕਿ ਇਹ ਤੁਹਾਡਾ ਨਿਸ਼ਾਨਾ ਹੈ – ਅਸੀਮਤਾ ਵਿਚ ਮਿਲਨਾ। ਤੁਸੀਂ ਦੇਖੋਗੇ ਬਹੁਤ ਵਾਰੀ ਯੋਗੀ ਐਨਾ ਸਥਿਰ ਬੈਠੇ ਹੋਣਗੇ, ਤੁਹਾਨੂੰ ਲਗੇਗਾ ਕਿ ਜੀਵਨ ਹੈ ਹੀ ਨਹੀਂ। ਸਵਾਮੀ ਰਾਮ ਐਨੇ ਸਥਿਰ ਹੋ ਜਾਂਦੇ ਸਨ, ਲਗਦਾ ਸੀ ਜਿਵੇਂ ਸੰਗਮਰਮਰ ਬਣ ਗਏ ਹੋਣ।

ਸੂਤਰ 11.47 ਵਿਚ ਦੱਸਿਆ ਹੈ ਕਿ ਅਨੰਤ ਨਾਲ ਮਿਲਣ ਦੀ ਚੇਤਨਾ ਕੇਵਲ ਇਸ ਕਰਕੇ ਵਿਸਤ੍ਰਿਤ ਕਰਨੀ ਹੈ ਕਿ ਯੋਗ ਆਸਨ ਵਿਚ ਸੰਪੂਰਨਤਾ ਪ੍ਰਾਪਤ ਕਰ ਲਈ ਜਾਵੇ। ਇਸ ਤਰ੍ਹਾਂ ਕਰਨ ਦਾ ਕੋਈ ਅਰਥ ਨਹੀਂ ਹੈ। ਇਹ ਕਹਿ ਦੇਣਾ ਕਿ ਵਿਸ਼ਵ ਚੇਤਨਾ ਜਗਾ ਕੇ ਯੋਗ ਆਸਨ ਸੰਪੂਰਨ ਹੋ ਜਾਣਗੇ, ਇਸ ਤਰ੍ਹਾਂ ਕਹਿਣਾ ਬੇਅਰਥ ਹੈ। ਇਹ ਤਾਂ ਇਸ ਤਰ੍ਹਾਂ ਹੀ ਹੈ ਜਿਵੇਂ ਕਿ ਇਕ ਛੋਟੇ ਜਿਹੇ ਬਰਫ ਦੇ ਟੁਕੜੇ ਨੂੰ ਪੰਘਲਾਉਣ ਲਈ ਪੂਰਾ ਸਮੁੰਦਰ ਰੋੜ੍ਹ ਦਿਤਾ ਜਾਵੇ।

ਇਸ ਸੂਤਰ ਦੀ ਦੂਸਰੀ ਵਿਆਖਿਆ ਇਸ ਤਰ੍ਹਾਂ ਹੈ। ਖਾਲੀ ਥਾਂ ਤੇ ਮਨ ਇਕਾਗਰ ਕਰਕੇ ਯੋਗ ਆਸਨਾਂ ਨੂੰ ਸੰਪੂਰਨ ਕੀਤਾ ਜਾ ਸਕਦਾ ਹੈ। ਜੇ ਤੁਸੀਂ ਆਪਣਾ ਮਨ ਪੂਰੇ ਪੁਲਾੜ ਵਿਚ ਜਾਣ ਦਿਓਗੇ, ਤੁਸੀਂ ਮਹਿਸੂਸ ਕਰੋਗੇ ਕਿ ਪੁਲਾੜ ਹੀ ਤੁਹਾਡੇ ਵਿਚੋਂ ਲੰਘ ਰਿਹਾ ਹੈ; ਜੇ ਤੁਹਾਡਾ ਮਨ ਇਹ ਫੜ ਸਕਦਾ ਹੈ ਤਾਂ ਇਹ ਇਕ ਪ੍ਰਕਾਰ ਦਾ ਅਨੰਤ ਹੈ, ਇਕ ਪ੍ਰਕਾਰ ਦੀ ਕੁਦਰਤ ਹੈ, ਕੁਦਰਤ ਵਰਗਾ ਪਰਸਾਰ ਹੈ, ਕੁਦਰਤ ਵਰਗਾ ਤੁਹਾਡੇ ਦੁਆਲੇ ਵਿਸਥਾਰ ਹੈ, ਉਹ ਹੀ ਤੁਹਾਡੇ ਵਿਚੋਂ ਲੰਘਦੀ ਮਹਿਸੂਸ ਹੁੰਦੀ ਹੈ। ਇਹ ਵਾਸਤਵਿਕ ਅਨੰਤ ਨਹੀਂ ਹੈ, ਅਨੰਤ ਦੀ ਤਰ੍ਹਾਂ ਮਹਿਸੂਸ ਹੁੰਦਾ ਹੈ। ਇਸ ਨਾਲ ਤੁਹਾਡਾ ਸਰੀਰ ਹਲਕਾ ਮਹਿਸੂਸ ਹੋਵੇਗਾ, ਇਹ ਪੁਲਾੜ ਦੇ ਸੰਕਲਪ ਤੇ ਇਕਾਗਰ ਕਰਨ ਨਾਲ ਪ੍ਰਾਪਤ ਹੁੰਦਾ ਹੈ। ਤੁਸੀਂ ਕੀ ਹੋ? ਤੁਹਾਡਾ 90% ਹਿੱਸਾ ਪੁਲਾੜ ਹੈ, ਸਿਰ ਤੋਂ ਪੈਰਾਂ ਤਕ ਤੁਸੀਂ ਪੁਲਾੜ ਹੋ। ਜਦੋਂ ਤੁਸੀਂ ਯੋਗ ਆਸਨ ਕਰਦੇ ਹੋ, ਤੁਸੀਂ ਕੀ ਕਰਨਾ ਚਾਹੁੰਦੇ ਹੋ, ਕੀ ਇਹ ਇਕ ਖਾਲੀ ਪੁਲਾੜ ਨਹੀਂ? ਫੇਰ ਖਾਲੀ ਪੁਲਾੜ ਨੂੰ ਮੋੜਨ ਵਿਚ ਕੀ ਔਖ ਹੈ?

ਜੇ ਹਾਈਡਰੋਜਨ ਅਣੂ ਦਾ ਅਕਾਰ ਸੇਬ ਜਿੱਡਾ ਹੁੰਦਾ ਫੇਰ ਇਲੈਕਟ੍ਰਾਨ (electron) ਚਾਲੀ ਫੁੱਟ ਦੂਰ ਹੋਣੇ ਚਾਹੀਦੇ ਸੀ। ਵਿਗਿਆਨੀ ਅਣੂ ਤੋਂ ਵੀ ਛੋਟੇ ਅਣੂ ਦੀ ਖੋਜ ਤੋਂ ਬਹੁਤ ਖੁਸ਼ ਹਨ, ਇਹ ਇਕ ਛੋਟੇ ਤੋਂ ਛੋਟਾ ਹਿੱਸਾ ਇਕ ਸਕਿੰਟ ਦੇ ਇਕ ਲਖਵੇਂ ਹਿੱਸੇ ਤਕ ਰਹਿੰਦਾ ਹੈ, ਇਸ ਦੇ ਜੀਵਨ ਦੀ ਮਿਆਦ ਐਨੀ ਹੀ ਹੈ। ਇਸ ਤੋਂ ਇਹ ਪਤਾ ਲਗਦਾ ਹੈ ਕਿ ਸਮੇਂ ਨੂੰ ਕਿੰਨਾ ਘੱਟ ਤੋਂ ਘੱਟ ਦੇ ਹਿੱਸੇ ਤਕ ਪਕੜਿਆ ਜਾ ਸਕਦਾ ਹੈ। ਜੇ ਇਕ ਐਟਮ ਦਾ ਹਿੱਸਾ ਐਨੇ ਘੱਟ ਸਮੇਂ ਤਕ ਫੜਿਆ ਜਾ ਸਕਦਾ ਹੈ ਤਾਂ ਮਨੁੱਖ ਦੇ ਮਨ ਦਾ ਤਾਂ ਕਹਿਣਾ ਹੀ ਕੀ ਹੈ, ਮਨੁੱਖ ਦੇ ਮਨ ਦੀ ਇਕ ਬਹੁਤ ਹੀ ਸੋਹਣੀ ਸੂਖਮ ਸ਼ਕਤੀ ਹੈ ਜਿਸ ਨੂੰ ਮੈਡੀਟੇਸ਼ਨ ਕਰਕੇ, ਚਿੱਤ ਇਕਾਗਰ ਕਰਕੇ ਘੱਟ ਤੋਂ ਘੱਟ ਸਮੇਂ ਨੂੰ ਬੰਨ੍ਹਿਆ ਜਾ ਸਕਦਾ ਹੈ। ਸਾਨੂੰ ਪੁਲਾੜ ਦਾ, ਧਰਤੀ ਦਾ, ਸਮੇਂ ਦਾ ਸਬੰਧ ਸਮਝਣਾ ਚਾਹੀਦਾ ਹੈ, ਇਨ੍ਹਾਂ ਦਾ ਸਰੀਰ ਨਾਲ ਸਬੰਧ ਸਮਝਣਾ ਚਾਹੀਦਾ ਹੈ ਅਤੇ ਇਹ ਚੰਗੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ ਕਿ ਇਹ ਸਰੀਰ ਇਕ ਖਾਲੀ ਪੁਲਾੜ ਦੀ ਤਰ੍ਹਾਂ ਹੈ। ਫੇਰ ਸਾਨੂੰ ਆਪਣਾ ਸਰੀਰ ਮੋੜਨ ਵਿਚ ਕਿਹੜੀ ਚੀਜ਼ ਔਖਾ ਕਰ ਰਹੀ ਹੈ? ਜੇ ਸਾਨੂੰ ਇਹ ਪਤਾ ਲਗ ਜਾਵੇ, ਇਸ ਦਾ ਅਨੁਭਵ ਹੋ ਜਾਏ, ਫੇਰ ਆਸਨ ਨੂੰ ਪੂਰੀ ਤਰ੍ਹਾਂ ਕਰਨ ਵਿਚ ਕੋਈ ਔਖਿਆਈ ਨਹੀਂ ਹੋਵੇਗੀ।

ਇਸ ਸੂਤਰ ਦੀ ਤੀਸਰੀ ਵਿਆਖਿਆ ਥੋੜ੍ਹੀ ਮਿਥਿਹਾਸਕ ਹੈ, ਭਾਵ ਮਿਥਿਹਾਸਕ ਵਿਆਖਿਆ ਫਿਲੌਸਫੀ ਦੀ ਭਾਸ਼ਾ ਵਿਚ ਦਿਤੀ ਗਈ ਹੈ। ਮਿਥਿਹਾਸ ਕੁਝ ਵੀ ਨਹੀਂ, ਦੇਖਿਆ ਜਾਏ ਤਾਂ ਫਿਲੌਸਫੀ ਨੂੰ ਰੌਚਕ ਢੰਗ ਨਾਲ ਪ੍ਰਗਟਾਉਣਾ ਹੀ

ਮਿਥਿਹਾਸ ਹੈ। ਫਿਲੌਸਫੀ ਨੂੰ ਅਰਧ ਚੇਤਨ ਮਨ ਤਕ ਪਹੁੰਚਾਉਣਾ ਮਿਥਿਹਾਸ ਹੈ। ਸਾਰੇ ਆਕਾਰ ਉਥੋਂ ਹੀ ਅਰੰਭ ਹੁੰਦੇ ਹਨ, ਰਾਜਸਿਕ, ਤਾਮਸਿਕ, ਸਾਂਤਵਿਕ ਭਾਵੇਂ ਕੁਝ ਵੀ ਹੋਵੇ। ਮਨ ਦੇ ਪੱਧਰ ਤੇ, ਭਾਵਨਾ ਦੇ ਪੱਧਰ ਤੇ ਫਿਲੌਸਫੀ ਮਿਥਿਹਾਸ ਹੁੰਦੀ ਹੈ। ਇਥੇ ਸੂਤਰ ਦੀ ਮਿਥਿਹਾਸਕ ਵਿਆਖਿਆ ਦਿਤੀ ਗਈ ਹੈ। ਇਸ ਵਿਚ ਅਨੰਤ ਇਕ ਵੱਡੇ ਨਾਗ ਦਾ ਨਾਮ ਹੈ ਜਿਸ ਉਪਰ ਵਿਸ਼ਨੂੰ ਜੀ ਸੌਂਦੇ ਹਨ। ਅਨੰਤ ਤੋਂ ਭਾਵ ਹੈ - ਖਤਮ ਨਾ ਹੋਣ ਵਾਲਾ, ਅਜਰ, ਅਮਰ, ਅਟੱਲ ਹੈ। ਇਸ ਦਾ ਦੂਸਰਾ ਨਾਮ ਹੈ ਸ਼ੇਸ਼, ਭਾਵ ਬਚਿਆ ਹੋਇਆ। ਜਦੋਂ ਬ੍ਰਹਿਮੰਡ ਦਾ ਅੰਤ ਹੁੰਦਾ ਹੈ, ਵਿਸ਼ਨੂੰ ਜੀ ਜੋ ਪਾਲਣਹਾਰ ਹਨ, ਉਹ ਉਸ ਨਾਗ ਤੇ ਸੌਂਦੇ ਹਨ ਜੋ ਕੁੰਡਲਨੀ ਮਾਰ ਕੇ ਬੈਠਾ ਹੈ, ਉਹ ਨਾਗ ਜਿਹੜਾ ਅਨੰਤ ਦਾ ਬਚਿਆ ਹਿੱਸਾ ਹੈ, ਬਾਕੀ ਰਹਿ ਗਿਆ ਬ੍ਰਹਿਮੰਡ ਦਾ ਹਿੱਸਾ ਹੈ। ਮਿਥਿਹਾਸ ਵਿਚ ਕਿਹਾ ਜਾਂਦਾ ਹੈ ਕਿ ਧਰਤੀ ਅਨੰਤ ਨਾਗ ਦੇ ਕਈ ਸਿਰਾਂ ਤੇ ਖੜ੍ਹੀ ਹੈ। ਨਾਗ ਨੂੰ ਕਛੂਏ ਨੇ ਸਹਾਰਾ ਦਿਤਾ ਹੋਇਆ ਹੈ। ਆਸਨਾਂ ਦੀ ਸਿੱਧੀ ਪ੍ਰਾਪਤ ਕਰਨਾ ਉਸ ਕਛੂਏ ਨੂੰ ਪ੍ਰਸੰਨ ਕਰਨਾ ਹੈ। ਜਦੋਂ ਕੱਛੂਆ ਹਿਲਦਾ ਹੈ, ਤਾਂ ਨਾਗ ਹਿਲਦਾ ਹੈ ਜਦੋਂ ਨਾਗ ਹਿਲਦਾ ਹੈ ਤਾਂ ਧਰਤੀ ਹਿਲਦੀ ਹੈ।

**L L L L L L L**

---

(ਪੰਨਾ 23 ਦੀ ਬਾਕੀ)

## ਈਸ਼ ਉਪਨਿਸ਼ਦ

1. ਅਖਿਲ ਬ੍ਰਹਿਮੰਡ ਵਿਚ ਜੋ ਕੁਝ ਵੀ ਹੈ - ਜੜ੍ਹ ਚੇਤਨ, ਇਹ ਸਭ ਕੁਝ ਈਸ਼ਵਰ ਦਾ ਹੀ ਪ੍ਰਗਟਾਵਾ ਹੈ। ਉਸ ਈਸ਼ਵਰ ਨੂੰ ਹੀ ਅੰਗ ਸੰਗ ਰਖਦੇ ਹੋਏ ਤਿਆਗਪੂਰਵਕ ਹੀ ਸੰਸਾਰ ਨੂੰ ਮਾਣੋ, ਇਸ ਵਿਚ ਲਿਪਤ ਨਾ ਹੋਵੋ, ਇਹ ਸੰਸਾਰਕ ਪਦਾਰਥਾਂ ਕਿਸੇ ਦੀਆਂ ਨਹੀਂ।

2. ਇਸ ਸੰਸਾਰ ਵਿਚ ਨਿਰਲਿਪਤ ਹੋ ਕੇ ਕਰਮ ਕਰਦੇ ਹੀ ਸੌ ਸਾਲ ਜੀਉਣ ਦੀ ਇੱਛਾ ਕਰ ਸਕਦੇ ਹੋ, ਆਪਾ ਸਮਰਪਣ ਕਰਕੇ ਕੀਤੇ ਕਰਮ ਹੀ ਇਕ ਮਾਤਰ ਉਹ ਮਾਰਗ ਹੈ ਜਿਸ ਨਾਲ ਤੁਸੀਂ ਲਿਪਤ ਨਹੀਂ ਹੁੰਦੇ।

4. ਆਤਮਾ ਇਕ ਹੈ, ਇਸ ਦੀ ਗਤੀ ਮਨ ਤੋਂ ਵੀ ਵੱਧ ਤੇਜ਼ ਹੁੰਦੀ ਹੈ, ਗਿਆਨ ਸਰੂਪ ਹੈ, ਦੇਵਤੇ ਵੀ ਇਸ ਨੂੰ ਪ੍ਰਾਪਤ ਨਹੀਂ ਕਰ ਸਕਦੇ। ਇਹ ਤੀਰ ਸਮਾਨ ਛੇਕਣ ਵਾਲਾ ਹੈ, ਆਪ ਸਥਿਰ ਰਹਿੰਦਿਆਂ ਬਾਕੀ ਸਭ ਨੂੰ ਗਤੀਸ਼ੀਲ ਬਣਾਉਂਦੀ ਹੈ ਇਸ ਨਾਲ ਹੀ ਹਵਾ ਬਦਲਾਂ ਨੂੰ ਉਡਾ ਕੇ ਲੈ ਜਾਂਦੀ ਹੈ।

5. ਆਤਮ ਤੱਤ ਸਥਿਰ ਹੁੰਦੇ ਹੋਏ ਗਤੀਸ਼ੀਲ ਹੈ, ਦੂਰ ਹੁੰਦੇ ਹੋਏ ਨੇੜੇ ਹੈ, ਸਾਰਿਆਂ ਦੇ ਅੰਦਰ ਹੁੰਦੇ ਹੋਏ ਵੀ ਇਹ ਬਾਹਰ ਹੈ।

6. ਜਿਹੜਾ ਸਭ ਨੂੰ ਆਤਮਾ ਰੂਪ ਵਿਚ ਦੇਖਦਾ ਹੈ ਅਤੇ ਸਭ ਵਿਚ ਇਕੋ ਆਤਮਾ ਦੇਖਦਾ ਹੈ, ਉਹ ਕਿਸੇ ਨਾਲ ਵੀ ਨਫਰਤ ਨਹੀਂ ਕਰਦਾ।

7. ਜਦੋਂ ਬ੍ਰਹਮ ਦ੍ਰਿਸ਼ਟੀ ਪ੍ਰਾਪਤ ਹੋ ਜਾਂਦੀ ਹੈ, ਸਭ ਵਿਚ ਕੇਵਲ ਪ੍ਰਭੂ ਹੀ ਦਿਸਦਾ ਹੈ, ਇਕੋ ਆਤਮਾ ਦਾ ਪ੍ਰਤੀਕ ਦਿਸਦਾ ਹੈ, ਫੇਰ ਦੁਖ ਸੁਖ ਦੇ ਭੇਦ ਦਾ ਅੰਤ ਹੋ ਜਾਂਦਾ ਹੈ, ਕੋਈ ਦੂਸਰਾ ਰਹਿੰਦਾ ਹੀ ਨਹੀਂ।

8. ਪ੍ਰਮਾਤਮਾ ਸਰਬ ਵਿਆਪਕ ਹੈ, ਪਵਿੱਤਰ ਹੈ, ਨਿਰੰਕਾਰ ਹੈ, ਸੰਪੂਰਨ ਹੈ, ਬਾਹਰ ਦੀਆਂ ਅੱਖਾਂ ਨਾਲ ਦਿਸਦਾ ਨਹੀਂ, ਪਾਪਾਂ ਤੋਂ ਰਹਿਤ ਹੈ, ਅਗਿਆਤ ਹੈ, ਬ੍ਰਹਮਗਿਆਨੀ ਹੈ, ਸਭ ਥਾਂ ਤੇ ਵਿਚਰ ਰਿਹਾ ਹੈ, 'ਥਾਪਿਆ ਨ ਜਾਇ ਕੀਤਾ ਨ ਹੋਇ॥ ਆਪੇ ਆਪਿ ਨਿਰੰਜਨੁ ਸੋਇ॥' ਉਹ ਸਾਰਿਆਂ ਦੇ ਕਰਮ ਕੱਟਣਹਾਰ ਹੈ।

9. ਜਿਹੜੇ ਅਵਿਦਿਆ ਵਿਚ ਰਹਿੰਦੇ ਹਨ, ਮਾਇਆ ਦੇ ਹਨ੍ਹੇਰੇ ਵਿਚ ਰਹਿੰਦੇ ਹਨ, ਜਿਹੜੇ ਅਗਿਆਨ ਨਾਲ ਲਿਪਤ ਹੋ ਕੇ ਰਹਿੰਦੇ ਹਨ, ਉਹ ਉਸ ਤੋਂ ਵੀ ਵੱਧ ਹਨ੍ਹੇਰੇ ਵਿਚ ਰਹਿੰਦੇ ਹਨ।

10. ਵਿਦਿਆ ਦੇ ਫਲ ਆਪਣੇ ਹਨ, ਅਵਿਦਿਆ ਦੇ ਫਲ ਵਖਰੇ ਹਨ, ਪੁਰਾਤਨ ਮਹਾਂਪੁਰਖਾਂ ਦਾ ਇਹ ਹੀ ਕਥਨ ਹੈ।

11. ਜਿਹੜਾ ਵਿਦਿਆ ਅਤੇ ਅਵਿਦਿਆ ਦੋਨਾਂ ਨੂੰ ਹੀ ਭਲੀ ਪ੍ਰਕਾਰ ਜਾਣਦਾ ਹੈ, ਦੋਨਾਂ ਬਾਰੇ ਇਕੋ ਜਿਹਾ ਹੀ ਗਿਆਨ ਰਖਦਾ ਹੈ, ਉਹ ਗਿਆਨ ਰਾਹੀਂ ਮ੍ਰਿਤੂ ਤੇ ਕਾਬੂ ਪਾ ਕੇ ਅਮਰ ਹੋ ਜਾਂਦਾ ਹੈ।

12. ਜਿਹੜੇ ਦ੍ਰਿਸ਼ਮਾਨ ਦੀ ਪੂਜਾ ਕਰਦੇ ਹਨ ਉਹ ਅੰਧਕਾਰ ਵਿਚ ਫਸ ਜਾਂਦੇ ਹਨ। ਜਿਹੜੇ ਬੀਜ ਰੂਪ ਅਵਿਅਕਤ ਦੀ ਪੂਜਾ ਕਰਦੇ ਹਨ ਉਹ ਵੀ ਹਨ੍ਹੇਰੇ ਵਿਚ ਹੀ ਰਹਿੰਦੇ ਹਨ।

13. ਦ੍ਰਿਸ਼ਮਾਨ ਤੋਂ ਹੋਰ ਪ੍ਰਾਪਤੀਆਂ ਹੁੰਦੀਆਂ ਹਨ, ਅਵਿਅਕਤ ਤੋਂ ਹੋਰ ਪ੍ਰਾਪਤੀਆਂ ਹੁੰਦੀਆਂ ਹਨ, ਇਹ ਹੀ ਸਾਡੇ ਪੂਰਵਜਾਂ ਨੇ ਦੱਸਿਆ ਹੈ।

14. ਜਿਹੜਾ ਸੂਖਮ ਅਸਥੂਲ, ਕਾਰਜ ਰੂਪ ਪ੍ਰਕ੍ਰਿਤੀ ਅਤੇ ਕਾਰਣ ਜਗਤ ਦੋਨਾਂ ਨੂੰ ਚੰਗੀ ਤਰ੍ਹਾਂ ਜਾਣਦਾ ਹੈ, ਉਹ ਕਾਰਣ ਜਗਤ ਨੂੰ ਪਾਰ ਕਰਕੇ, ਮ੍ਰਿਤੂ ਨੂੰ ਪਾਰ ਕਰਕੇ ਕਾਰਣ ਜਗਤ ਨਾਲ ਅਮਰ ਹੋ ਜਾਂਦਾ ਹੈ।

15. ਸਤਿ ਸੋਨੇ ਦੇ ਪੜਦੇ ਨਾਲ ਢਕਿਆ ਹੈ ਸਤਿ ਦੇ ਅੱਗੇ ਸੋਨੇ ਦਾ ਪੜਦਾ ਪਿਆ ਹੋਇਆ ਹੈ। ਇਹ ਪੜਦਾ ਚੁੱਕੋ, ਸਤਿ ਨੂੰ ਪ੍ਰਗਟ ਕਰੋ, ਸਤਿ ਦੇ ਦਰਸ਼ਨ ਕਰੋ।

16. ਹੇ ਪਾਲਨਹਾਰ! ਹੇ ਰਿਸ਼ੀ! ਹੇ ਸੂਰਜ ਦੇਵ! ਹੇ ਪਰਜਾ ਪਤੀ, ਆਪਣੀਆਂ ਕਿਰਨਾਂ ਸਮੇਟ, ਆਪਣਾ ਤੇਜ, ਆਪਣੀ ਸ਼ਾਨ ਨੂੰ ਸਮੇਟ ਤਾਂ ਜੋ ਮੈਂ ਤੇਰੀ ਪਵਿੱਤਰਤਾ ਨੂੰ ਦੇਖ ਸਕਾਂ ਜਿਸ ਨੂੰ ਉਹ ਕਹਿੰਦੇ ਹਨ, ਉਹ ਮੈਂ ਹਾਂ।

17. ਮੇਰੇ ਪ੍ਰਾਣ ਅਜਰ ਨਾਲ ਮਿਲ ਜਾਣ, ਮੇਰਾ ਸਰੀਰ ਭਸਮ ਹੋ ਜਾਏ, ਹੇ ਮਨ! ਓਮ ਚਿਤਵ, ਓਮ ਦ੍ਰਿੜ੍ਹ ਕਰ, ਮੇਰੇ ਕਰਮ ਚੇਤੇ ਰੱਖ ਜੋ ਕਰਮ ਮੈਂ ਕੀਤੇ ਹਨ।

18. ਹੇ ਅਗਨੀ! ਮੈਨੂੰ ਸਮ-ਮਾਰਗ ਤੋਂ ਕਰਮ ਫਲ ਭੋਗ ਲਈ ਲੈ ਚਲ। ਹੇ ਦੇਵ! ਤੂੰ ਤਾਂ ਸਾਰੇ ਕਰਮਾਂ ਦਾ ਗਿਆਤਾ ਹੈਂ, ਮੇਰੇ ਸਾਰੇ ਪਾਪ, ਸਾਰੇ ਮਾੜੇ ਕਰਮ ਨਸ਼ਟ ਕਰ ਦੇ, ਮੈਂ ਤੈਨੂੰ ਸਤਿ ਸਤਿ ਪ੍ਰਨਾਮ ਕਰਦਾ ਹਾਂ।

**L L L L L L L**

(ਪੰਨਾ 54 ਦੀ ਬਾਕੀ)

ਹੋ ਜਾਏਗੀ। ਅਧਿਕਾਰੀ ਸੀ, ਉਸੇ ਵੇਲੇ ਉਸ ਨੂੰ ਤੁਰੀਆ ਅਵਸਥਾ ਪ੍ਰਾਪਤ ਹੋ ਗਈ, ਜੀਵਨ ਮੁਕਤੀ ਦੀ ਪ੍ਰਾਪਤੀ ਹੋ ਗਈ।

ਸੋ ਪਰਸਰਾਮ, ਕਹਿਣ ਲੱਗਿਆ ਮਹਾਰਾਜ! ਅਸੀਂ ਵੀ ਸੁਣਿਆ ਹੈ ਕਿ ਜਦੋਂ ਕੋਈ ਪੂਰਨ ਸੰਤ ਆ ਜਾਵੇ ਤਾਂ ਕੁਝ ਨਿਸ਼ਾਨੀਆਂ ਹੁੰਦੀਆਂ ਹਨ। ਇਸ ਤਰ੍ਹਾਂ ਪੜ੍ਹੋ -

***ਧਾਰਨਾ - ਸਾਹਿਬ ਚਿੱਤ ਆਉਂਦਾ ਹੈ,***
***ਸੰਤਾਂ ਦੇ ਦਰਸ਼ਨ ਕਰਕੇ - 2, 2***
***ਸੰਤਾਂ ਦੇ ਦਰਸ਼ਨ ਕਰਕੇ, - 2, 2.***
***ਸਾਹਿਬ ਚਿੱਤ ਆਉਂਦਾ ਹੈ,........2***

***ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ॥***
***ਮਨ ਕੀ ਕਟੀਐ ਮੈਲੁ ਸਾਧਸੰਗਿ ਵੁਠਿਆ॥***
***ਜਨਮ ਮਰਣ ਭਉ ਕਟੀਐ ਜਨ ਕਾ ਸਬਦੁ ਜਪਿ॥***
***ਬੰਧਨ ਖੋਲਨਿ ਸੰਤ ਦੂਤ ਸਭਿ ਜਾਹਿ ਛਪਿ॥***
***ਤਿਸੁ ਸਿਉ ਲਾਇਨਿ ਰੰਗੁ ਜਿਸ ਦੀ ਸਭ ਧਾਰੀਆ॥***
***ਊਚੀ ਹੂੰ ਊਚਾ ਥਾਨੁ ਅਗਮ ਅਪਾਰੀਆ॥***
***ਰੈਣਿ ਦਿਨਸੁ ਕਰ ਜੋੜਿ ਸਾਸਿ ਸਾਸਿ ਧਿਆਈਐ॥***
***ਜਾ ਆਪੇ ਹੋਇ ਦਇਆਲੁ ਤਾਂ ਭਗਤ ਸੰਗੁ ਪਾਈਐ॥***
***ਪੰਨਾ - 520***

ਕਹਿੰਦੇ ਸੰਤਾਂ ਦੇ ਦਰਸ਼ਨ ਜੇ ਹੋ ਜਾਣ ਤਾਂ ਕੁਝ ਨਿਸ਼ਾਨੀਆਂ ਹੁੰਦੀਆਂ ਹੈ। ਪਹਿਲੀ ਨਿਸ਼ਾਨੀ ਹੁੰਦੀ ਹੈ ਕਿ ਅੰਦਰੋਂ ਆਪੇ ਹੀ ਵਾਹਿਗੁਰੂ-ਵਾਹਿਗੁਰੂ, ਰਾਮ-ਰਾਮ, ਅੱਲਾਹ-ਅੱਲਾਹ ਹੋਣ ਲਗ ਜਾਂਦਾ ਹੈ। ਜਦੋਂ ਮੈਂ ਪਟਿਆਲੇ ਰਹਿੰਦਾ ਸੀ, ਮਹਾਰਾਜ ਜੀ ਦੇ ਜਦੋਂ ਦਰਸ਼ਨ ਕਰਨ ਧਭਲਾਨ ਨੂੰ ਜਾਣਾ, ਜਦੋਂ ਪਟਿਆਲੇ ਤੋਂ ਅਸੀਂ ਸਾਥੀਆਂ ਸੰਗੀਆਂ ਸਮੇਤ ਧਭਲਾਨ ਜਾਣ ਲਈ ਗੱਡੀ ਚੜ੍ਹਨਾ, ਸੈਕਟਰੀਏਟ ਦੇ ਕਰਮਚਾਰੀ ਹੁੰਦੇ ਸੀ ਸਾਰੇ, ਕਿਸੇ ਨੇ ਕਿਸੇ ਨਾਲ ਨਾ ਬੋਲਣਾਂ, ਆਪੇ ਹੀ ਵਾਹਿਗੁਰੂ-ਵਾਹਿਗੁਰੂ ਹੋਣ ਲੱਗ ਜਾਣਾ ਅਤੇ ਇਸੇ ਅਨੰਦ ਵਿਚ ਸੰਤ ਮਹਾਂਪੁਰਸ਼ਾਂ ਦੇ ਦਰਸ਼ਨ ਕਰਨੇ। ਜਿੰਨੇ ਵੀ ਰੂਹਾਨੀ ਪ੍ਰਸ਼ਨ ਪੁਛਣ ਲਈ ਸੋਚਦੇ ਸੀ, ਮਹਾਂਪੁਰਸ਼ਾਂ ਨੇ ਜਦੋਂ ਬਚਨ ਕਰਨੇ ਸਭ ਕੁਝ ਭੁਲ ਜਾਈਦਾ ਸੀ, ਸਾਰੇ ਪ੍ਰਸ਼ਨਾਂ, ਸ਼ੰਕਿਆਂ ਦਾ ਦਰਸ਼ਨ ਕਰਦੇ ਹੀ ਸਮਾਧਾਨ ਹੋ ਜਾਣਾ। ਅੰਦਰ ਨਾਮ ਧੁਨ ਸੁਨਣ ਲੱਗ ਜਾਣੀ ਅਤੇ ਪਿਆਰ ਖਿਚ ਪੈਦਾ ਹੋ ਜਾਣੀ।

ਰਾਜਾ ਸ਼ਿਵਨਾਭ ਦੇ ਵਜੀਰ ਪਰਸਰਾਮ ਨੇ ਕਿਹਾ ਕਿ ਮਹਾਰਾਜ! ਜੋ ਮਹਾਂਪੁਰਸ਼ ਬਾਗ ਵਿਚ ਆ ਕੇ ਉਤਰੇ ਹਨ, ਉਹ ਕੋਈ ਪਾਖੰਡੀ ਭੇਖੀ ਸਾਧੂ ਨਹੀਂ ਸਗਵਾਂ ਪੂਰਨ ਮਹਾਂਪੁਰਸ਼ ਹਨ। ਮੱਲੋ ਮੱਲੀ ਹਿਰਦੇ ਵਿਚ ਧੂਹ ਪੈਂਦੀ ਹੈ, ਆਪਣੇ ਆਪਣੇ ਲਗਦੇ ਹਨ, ਇਕ ਬਚਨ ਕਰਕੇ ਸ਼ਾਂਤ ਕਰ ਦਿੰਦੇ ਹਨ। ਦ੍ਰਿਸ਼ਟੀ ਪਾਉਂਦੇ ਹਨ ਤਾਂ ਤਨ ਤੇ ਮਨ ਦੋਵੇਂ ਖਿੱਚ ਖਾਂਦੇ ਹਨ, ਬੁਧੀ ਦੀ ਚੰਚਲਤਾ ਸ਼ਾਂਤ ਹੋ ਜਾਂਦੀ ਹੈ। ਮੈਂ ਜੋ ਕੁਝ ਨਿਰਣਾ ਕੀਤਾ ਹੈ, ਉਹ ਏਹੋ ਹੈ ਕਿ ਇਹ ਗੁਰੂ ਨਾਨਕ ਜੀ ਹੀ ਹਨ। ਜਿਹੜੇ ਨਾਲ ਦੋ ਸਾਥੀ ਹਨ ਉਹ ਵੀ ਪੂਰੇ ਹਨ। ਆਮ ਸਾਧੂਆਂ ਤੋਂ ਬਹੁਤ ਉਚੇ ਹਨ। ਜਦੋਂ ਗੱਲ ਕਰਦੇ ਹਨ, ਪਹਿਲਾਂ ਕਹਿੰਦੇ ਨੇ ਕਿ ਤੈਨੂੰ ਕਰਤਾਰ ਚਿਤ ਆਵੇ, ਫੇਰ ਗੱਲ ਕਰਦੇ ਹਨ।

**LLLLLLL**


**ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ**

**ਐਤਵਾਰ -** - 7, 14, 21, 28 ਮਈ, ਰਤਵਾੜਾ ਸਾਹਿਬ। (ਸਮਾਂ ਸਵੇਰੇ 12.00 ਵਜੇ ਤੋਂ ਬਾਅਦ ਦੁਪਿਹਰ 4.00 ਵਜੇ ਤੱਕ)

**ਪੂਰਨਮਾਸ਼ੀ -** 18 ਮਈ, ਦਿਨ ਵੀਰਵਾਰ, ਰਤਵਾੜਾ ਸਾਹਿਬ। (ਸਮਾਂ - ਦੁਪਹਿਰ 12.00 ਵਜੇ ਤੋਂ ਸ਼ਾਮ 4.00 ਵਜੇ ਤਕ)

**ਸੰਗਰਾਂਦ -** 14 ਮਈ, ਦਿਨ ਐਤਵਾਰ, ਰਤਵਾੜਾ ਸਾਹਿਬ (ਸਮਾਂ - ਦੁਪਹਿਰ 12 ਵਜੇ ਤੋਂ ਸ਼ਾਮ 4.00 ਵਜੇ ਤੱਕ)

**ਮੱਸਿਆ -** 4 ਮਈ, ਦਿਨ ਵੀਰਵਾਰ, ਗੁਰਦੁਆਰਾ ਈਸ਼ਰ ਪ੍ਰਕਾਸ਼, ਬਨੂੜ (ਰਾਜਪੁਰਾ) ਪਟਿਆਲਾ

(ਸਮਾਂ - ਦੁਪਹਿਰ 12 ਵਜੇ ਤੋਂ ਸ਼ਾਮ 3.30 ਵਜੇ ਤੱਕ)

**ਮਹੀਨੇ ਦਾ ਆਖਰੀ ਸ਼ਨੀਵਾਰ** - 27 ਮਈ, ਡੇਰਾ ਹਿਰਦਾਪੁਰ ਚੰਗਰ, ਜ਼ਿਲਾ ਰੋਪੜ।

(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 3.30 ਵਜੇ ਤੱਕ)

**ਅੰਮ੍ਰਿਤ ਸੰਚਾਰ -** ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 11.00 ਵਜੇ ਹੁੰਦਾ ਹੈ।

## ਜ਼ਰੂਰੀ ਸੂਚਨਾ

**'ਆਤਮ ਮਾਰਗ' ਦੀ ਨਿਰੰਤਰਤਾ ਨੂੰ ਮੁੱਖ ਰਖਦਿਆਂ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ ਵਲੋਂ ਹੀ ਇਕ ਨਵਾਂ ਟਰੱਸਟ ਕਾਇਮ ਕੀਤਾ ਗਿਆ ਹੈ ਜਿਸ ਦਾ ਨਾਮ ਅਤੇ ਪਤਾ ਇਸ ਪ੍ਰਕਾਰ ਹੈ - 'ਆਤਮ ਮਾਰਗ' ਸਪਿਰਚੂਅਲ, ਸਾਇੰਟਿਫਿਕ, ਐਜੂਕੇਸ਼ਨਲ ਚੈਰੀਟੇਬਲ ਟਰੱਸਟ, ਰਤਵਾੜਾ ਸਾਹਿਬ, ਡਾਕਖਾਨਾ-ਮੁਲਾਂਪੁਰ, ਤਹਿ: ਖਰੜ, ਜ਼ਿਲਾ ਰੋਪੜ। ਚਿੱਠੀ ਪੱਤਰ ਸਮੇਂ ਹੋਈ ਤਬਦੀਲੀ ਨੂੰ ਧਿਆਨ ਵਿਚ ਰੱਖਿਆ ਜਾਵੇ ਅਤੇ ਮਿਤੀ 1-4-2000 ਤੋਂ ਆਤਮ ਮਾਰਗ ਦੇ ਚੰਦੇ ਦਾ ਚੈਕ ਜਾਂ ਡਰਾਫਟ ਇਸ ਨਾਂ ਤੇ ਕੱਟ ਕੇ ਉਪਰੋਕਤ ਪਤੇ ਤੇ ਭੇਜਿਆ ਜਾਵੇ।**

**For more information**
**please visit us on internet at :-**

**http://www.atammarg.org**
**&**
**http://www.atammarg.com**

# ਆਤਮ ਮਾਰਗ ਦੇ ਲਾਈਫ–ਮੈਂਬਰ ਜਿਨ੍ਹਾਂ ਨੇ ਸਤਿਗੁਰੂ ਜੀ ਦੀ ਬਖਸ਼ਿਸ਼ ਅਤੇ ਮਹਾਂਪੁਰਸ਼ਾਂ ਦੀ ਪ੍ਰਸੰਨਤਾ ਪ੍ਰਾਪਤ ਕੀਤੀ ਅਤੇ ਆਤਮ ਮਾਰਗ ਦੀ ਨਿਰੰਤਰਤਾ ਵਿਚ ਯੋਗਦਾਨ ਪਾਇਆ (ਸਤਵੀਂ ਕਿਸ਼ਤ)

ML. 712- **NAIB SINGH** # 3254, SEC-71, MOHALI

ML. 713- **LAL SINGH** VILL. GUNOMAJRA TEH.KHARAR DISTT.ROPAR

ML. 714- **GURDEV SINGH** VPO. SHAHPUR, CHD.

ML. 715- **AMARDEEP KAUR** HIG-698, PHASE-9, MOHALI

ML. 716- **S.S MAAN** # 645, SEC 40-A, CHD.

ML. 717- **BALJIT SINGH** 2277, SEC 71, MOHALI

ML. 718- **MOHINDER SINGH** H.NO. 1908, PH-10, MOHALI

ML. 719- **SUKHBIR SINGH** SHAPURA, BHOPAL (M.P)

ML. 720- **RANJIT SINGH** VPO. CHOUKE DISTT. BATHINDA

ML. 721- **BHUPINDER SINGH** VILL. CHAPRA PO. LEHAL DISTT. LUDHIANA

ML. 722- **GURCHARAN SINGH** VPO. NIZAMPUR DISTT. LUDHIANA (PB.)

ML. 723- **RAM SINGH** VILL. SAINIMAJRA PO. NOORPUR BEDI DISTT. ROPAR

ML. 724- **YADWINDER SINGH** VPO. JALAL DISTT. BATHINDA

ML. 725- **GURMIT SINGH** VILL. BHAGATMAJRA PO. RANIMAJRA DISTT. ROPAR

ML. 726- **RAM SINGH** H.NO. 2925/1, SEC 47-C, CHD.

ML. 727-**GURNAM SINGH** VILL. JHAMPUR DISTT. ROPAR

ML. 728- **RANDHIR SINGH** VILL. AKALGARH DISTT. ROPAR

ML. 729- **AJIT SINGH** VILL. RURKI KHAM PO. PALHERI DISTT. ROPAR

ML. 730- **CHARANJIT SINGH** VILL. RURKI KHAM PO. PALHERI DISTT. ROPAR

ML. 731- **JASPAL SINGH** MORINDA, DISTT. ROPAR

ML. 732- **NIRMAL SINGH** BARI HAVELI, ROPAR

ML. 733- **INDERJIT KAUR** ROPAR

ML. 734- **KESAR SINGH** VILL. JHUNGIAN DISTT. ROPAR

ML. 735- **JOGINDER SINGH JATHEDAR** VPO. DHAMOT DISTT. LUDHIANA

ML. 736- **KIRPAL SINGH LAMBERDAR** VPO. DHAMOT DISTT. LUDHIANA

ML. 737- **GURDEEP SINGH** VPO. DHAMOT PATTI DEEPA DISTT. LUDHIANA

ML. 738-**HARPINDER SINGH** VPO. DHAMOT PATTI DEEPA DISTT. LUDHIANA

ML. 739- **BALBIR SINGH** VPO. DHAMOT PATTI DEEPA DISTT. LUDHIANA

ML. 740- **AJAIB SINGH** VPO. DHAMOT PATTI DEEPA DISTT. LUDHIANA

ML. 741- **JAGTAR SINGH** VPO. DHAMOT PATTI DEEPA DISTT. LUDHIANA

ML. 742- **NIRMAL SINGH** VPO. DHAMOT PATTI DEEPA DISTT. LUDHIANA

ML. 743- **GURNAM SINGH PIARA** VPO. KUBAHERI DISTT. ROPAR

ML. 744- **TEJINDER SINGH** VPO. PANJOKHRA SAHIB DISTT. AMBALA (HARY.)

ML. 745- **AVTAR SINGH** #-1045, PH-3B2, MOHALI

ML. 746-**JASWANT SINGH** VILL. PAROL PO. MULLANPUR GARIB DAS DISTT. ROPAR

ML. 747- **SAWINDER KAUR** H.NO. 2162, SEC 15-C, CHD.

ML. 748-**DAVINDER SINGH** VILL. DHAMOT PATTI HARIJAN DISTT. LUDHIANA

ML. 749- **NAHAR SINGH** VILL. DHAMOT PATTI HARIJAN DISTT. LUDHIANA

ML. 750- **SUKHPAL SINGH** VILL. CHANALON DISTT. ROPAR

ML. 751- **SUKHDEV SINGH** VPO. KUMBHRA DISTT. ROPAR

ML. 752-**PARAMVIR SINGH BAIDWAN** VPO. KUMBHRA, DISTT. ROPAR

ML. 753- **KIRTPAL SINGH** H.NO. 2036-B, KHARAR DISTT. ROPAR

ML. 754- **PAUL SINGH** VILL. SOGALPUR PO. GHANOUR DISTT. PATIALA

ML. 755- **SURINDER SINGH** VILL. CHAMARU PO. LACHHRU KALAN TEH. RAJPURA DISTT. PATIALA

ML. 756- **SUCHA SINGH** VILL.RURKI, PO. GHANOUR TEH. RAJPURA DISTT. PATIALA

ML. 757- **NASIB SINGH** VILL. HARIPUR JHUNGIAN PO. GHANOUR TEH. RAJPURA DISTT. PATIALA

ML. 758- **BANT SINGH** VPO. LACHHRU KALAN DISTT. PATIALA (PB.)

ML. 759- **BHAG SINGH** # 249, PHASE-7, MOHALI

ML. 760- **HARSURINDER SINGH** VPO. KAHMA DISTT. NAWAN SHAHR

ML. 761- **IQBAL SINGH** VPO. SARHALA KHURD TEH. GAREHSHANKAR DISTT. HOSHIARPUR

ML. 762- **JASPAL SINGH** VILL. BEHALPUR DISTT. HOSHIARPUR

ML. 763-**HARKAWAL SINGH** VPO. ATHOULI TEH. PHAGWARA DISTT. KAPURTHALA (PB.)

ML. 764- **JASBIR SINGH KALSI** LUDHIANA

ML. 765A- **SUPINDER SINGH** ROPAR

ML. 765B- **JASWANT SINGH** ROPAR

ML. 766- **DR. SHERAWALA** MULLANPUR GARIB DAS DISTT. ROPAR

ML. 767- **DARSHAN SINGH** HE-191, PHASE-5, MOHALI

ML. 768- **KARNAIL SINGH** VPO. KANDALA TEH. MOHALI DISTT. ROPAR

ML. 769- **BHUPINDER SINGH** VPO. RAHOTAPUR KALAN TEH. PUWAYAN DISTT. SHAHJAHANPUR (U.P)

ML. 770- **CHANAN SINGH** 2415, SEC 35-C, CHD.

ML. 771- **INDERJIT SINGH** HIG-227, SEC 71, MOHALI

ML. 772- **SURINDER SINGH** VPO. SIUNK, DISTT. ROPAR

ML. 773- **KULBIR SINGH** SEC-26, CHD.

ML. 774- **SOM SINGH (SUPDT.)** P.R.T.C, SCO-28-29 SECTOR 26, CHD.

ML. 775- **RAJINDER SINGH** ROPAR

ML. 776- **DHARAM SINGH** VILL. ROURHIGH KALAN TEH. MALERKOTLA DISTT. SANGRUR (PB.)

ML. 777- **DARSHAN SINGH (SCL.)** VPO. MATOUR, DISTT. ROPAR

ML. 778- **SHAMSHER SINGH** VILL. DIWA KHOSA PO. JALAJAN TEH. PAYAL DISTT. LUDHIANA

ML. 779- **GURMEL SINGH CAPT.** NAVAL DOCK-YARD VISHAKHAPATNAM

ML. 780- **SAWINDER KAUR GILL** K.NO. 22, PHASE-7, MOHALI

ML. 781- **PARMINDER SINGH** VPO. SALANA DISTT. FATEHGARH SAHIB

ML. 782- **SUBEG SINGH** VPO. SARDULGARH DISTT. MANSA (PB.)

ML. 783- **GURPAL KAUR TEACHER** VPO. NIZAMPUR TEH. PAYAL DISTT. LUDHIANA